ਬੁੱਧਵਾਰ, 10 ਮਈ, 2023
27 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 339

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 10 MAY, 2023 ਜਲੰਧਰ

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# ਇਮਰਾਨ ਨੂੰ ਕਾਲਰੋਂ ਫੜ ਕੇ ਗੱਡੀ 'ਚ ਸੁੱਟਿਆ

## ਫ਼ੌਜ ਨਾਲ ਪੰਗਾ ਲੈਣ 'ਤੇ ਰੇਂਜਰ ਹਾਈ ਕੋਰਟ 'ਚੋਂ ਚੁੱਕ ਕੇ ਲੈ ਗਏ



**ਇਸਲਾਮਾਬਾਦ** : ਦੋ ਮਾਮਲਿਆਂ ਦੀ ਸੁਣਵਾਈ ਲਈ ਇਸਲਾਮਾਬਾਦ ਹਾਈ ਕੋਰਟ 'ਚ ਪੇਸ਼ ਹੋਣ ਪੁੱਜੇ ਸਾਬਕਾ ਪ੍ਰਧਾਨ ਮੰਤਰੀ ਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀ ਟੀ ਆਈ) ਦੇ ਚੇਅਰਮੈਨ ਨੂੰ ਮੰਗਲਵਾਰ ਅਲ-ਕਾਦਿਰ ਟਰੱਸਟ ਕੇਸ ਵਿਚ ਗ੍ਰਿਫਤਾਰ ਕਰ ਲਿਆ ਗਿਆ। ਇਸ ਤੋਂ ਬਾਅਦ ਇਮਰਾਨ ਦੇ ਹੱਕ 'ਚ ਪਾਕਿਸਤਾਨ 'ਚ ਲੋਕ ਸੜਕਾਂ 'ਤੇ ਨਿੱਤਰ ਆਏ ਸਨ।

ਆਈ ਜੀ ਅਕਬਰ ਨਾਸਿਰ ਖਾਨ ਨੇ ਕਿਹਾ ਕਿ ਇਮਰਾਨ ਨੂੰ 50 ਅਰਬ ਰੁਪਏ ਨੂੰ ਕਾਨੂੰਨੀ ਬਣਾਉਣ ਲਈ ਇਕ ਰੀਅਲ ਅਸਟੇਟ ਫਰਮ ਤੋਂ ਇਮਰਾਨ ਤੇ ਉਨ੍ਹਾ ਦੀ ਪਤਨੀ ਵੱਲੋਂ ਅਰਬਾਂ ਰੁਪਏ ਹਾਸਲ ਕਰਨ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਆਈ ਜੀ ਨੇ ਕਿਹਾ ਕਿ ਇਸਲਾਮਾਬਾਦ ਵਿਚ ਦਫਾ 144 ਲਾ ਦਿੱਤੀ ਗਈ ਹੈ ਤੇ ਗੜਬੜ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ।

ਕੇਂਦਰੀ ਗ੍ਰਹਿ ਮੰਤਰੀ ਰਾਣਾ ਸਨਾਉਲ੍ਹਾ ਨੇ ਕਿਹਾ ਕਿ ਇਮਰਾਨ ਕਈ ਨੋਟਿਸ ਦੇਣ ਦੇ ਬਾਵਜੂਦ ਕੋਰਟ 'ਚ ਪੇਸ਼ ਨਹੀਂ ਹੋਏ। ਉਨ੍ਹਾ ਨੂੰ ਕੌਮੀ ਜਵਾਬਦੇਹੀ ਬਿਊਰੋ ਨੇ ਕੌਮੀ ਖਜ਼ਾਨੇ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਹੈ। ਉਨ੍ਹਾ ਕਿਹਾ ਕਿ ਇਮਰਾਨ ਨੂੰ ਤਸੀਹੇ ਨਹੀਂ ਦਿੱਤੇ ਗਏ।

70 ਸਾਲਾ ਇਮਰਾਨ ਦੇ ਵਾਰੰਟ ਗ੍ਰਿਫਤਾਰੀ ਇਕ ਮਈ ਨੂੰ ਜਾਰੀ ਕੀਤੇ ਗਏ ਸਨ। ਕੋਰਟ 'ਚ ਮੌਜੂਦ ਵਕੀਲ ਗੌਹਰ ਖਾਨ ਨੇ ਦੱਸਿਆ ਕਿ ਰੇਂਜਰਾਂ ਨੇ ਇਮਰਾਨ ਦੇ ਸਿਰ ਤੇ ਲੱਤਾਂ 'ਤੇ ਵਾਰ ਕੀਤਾ। ਉਨ੍ਹਾ ਦੀ ਵ੍ਹੀਲਚੇਅਰ ਚੁੱਕ ਕੇ ਪਰ੍ਹਾਂ ਵਗਾਹ ਮਾਰੀ। ਟੀ ਵੀ ਫੁਟੇਜ ਵਿਚ ਨਜ਼ਰ ਆਇਆ ਕਿ ਰੇਂਜਰਾਂ ਨੇ ਇਮਰਾਨ ਨੂੰ ਕਾਲਰ ਤੋਂ ਫੜ ਕੇ ਗੁੱਛੀ ਬਣਾ ਕੇ ਵੈਨ 'ਚ ਸੁੱਟਿਆ। ਚਸ਼ਮਦੀਦ ਮੁਤਾਬਕ ਇਮਰਾਨ ਦੇ ਹਾਈ ਕੋਰਟ ਦੇ ਗੇਟ ਦੇ ਅੰਦਰ ਵੜਦਿਆਂ ਰੇਂਜਰ ਤੇ ਹਥਿਆਰਬੰਦ ਜਵਾਨ ਉਨ੍ਹਾ ਦੇ ਨਾਲ ਹੀ ਅੰਦਰ ਆ ਗਏ। ਬਖਤਰਬੰਦ ਗੱਡੀਆਂ ਨਾਲ ਗੇਟ ਬਲਾਕ ਕਰ ਦਿੱਤਾ ਗਿਆ ਤੇ ਇਮਰਾਨ ਨੂੰ ਚੁੱਕ ਲਿਆ ਗਿਆ।

ਇਮਰਾਨ ਨੇ ਪਿਛਲੇ ਦਿਨੀਂ ਦੋਸ਼ ਲਾਇਆ ਸੀ ਕਿ ਆਈ ਐੱਸ ਆਈ ਦੇ ਸੀਨੀਅਰ ਅਧਿਕਾਰੀ ਮੇਜਰ ਜਨਰਲ ਫੈਸਲ ਨਸੀਰ ਉਨ੍ਹਾ ਨੂੰ ਵਜ਼ੀਰਾਬਾਦ ਵਿਚ ਕਤਲ ਕਰਨ ਦੀ ਕੋਸ਼ਿਸ਼ 'ਚ ਸ਼ਾਮਲ ਸਨ। ਇਮਰਾਨ ਨੇ ਮੰਗਲਵਾਰ ਫਿਰ ਵੀਡੀਓ ਜਾਰੀ ਕਰਕੇ ਇਹ ਦੋਸ਼ ਦੁਹਰਾਇਆ ਸੀ। ਉਨ੍ਹਾ ਕਿਹਾ ਸੀ ਕਿ ਪਾਕਿਸਤਾਨ ਸਿਰਫ ਫੌਜ ਦਾ ਨਹੀਂ ਹੈ। ਉਹ ● ਬਾਕੀ ਸਫ਼ਾ 2 'ਤੇ

# ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਲਈ ਜ਼ੋਰਦਾਰ ਮੁਜ਼ਾਹਰੇ


ਪਟਿਆਲਾ



ਲੁਧਿਆਣਾ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**

ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਏਟਕ ਅਤੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਵੱਲੋਂ ਮੰਗਲਵਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਬ੍ਰਿਜ ਭੂਸ਼ਣ 'ਤੇ ਮਹਿਲਾ ਭਲਵਾਨਾਂ ਨੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਹਨ। ਇਨ੍ਹਾਂ ਮਹਿਲਾ ਭਲਵਾਨਾਂ ਨੇ ਉਨ੍ਹਾਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਜੰਤਰ-ਮੰਤਰ ਨਵੀਂ ਦਿੱਲੀ ਵਿਖੇ ਧਰਨਾ ਦਿੱਤਾ ਹੋਇਆ ਹੈ। ਵਿਡੰਬਨਾ ਇਹ ਹੈ ਕਿ ਔਰਤਾਂ ਦੇ ਅੰਦੋਲਨ ਦੇ ਬਾਵਜੂਦ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਵਿਰੁੱਧ ਕੋਈ ਐੱਫ ਆਈ ਆਰ ਦਰਜ ਨਹੀਂ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਐੱਫ ਆਈ ਆਰ ਦਰਜ ਕਰਵਾਉਣ ਲਈ ਸੁਪਰੀਮ ਕੋਰਟ ਜਾਣਾ ਪਿਆ। ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਐੱਫ ਆਈ ਆਰ ਦਰਜ ਕੀਤੀ ਗਈ ਸੀ, ਪਰ ਅਜੇ ਤੱਕ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਇਹ ਬਿਲਕਿਸ ਬਾਨੋ ਦੇ ਪਰਵਾਰ ਦੇ ਬਲਾਤਕਾਰੀ ਅਤੇ ਕਤਲ ਦੇ ਕੇਸ ਦੀ ਯਾਦ ਦਿਵਾਉਂਦਾ ਹੈ ਅਤੇ ਲਖੀਮਪੁਰ ਖੀਰੀ ਕੇਸ ਦੀ ਯਾਦ ਦਿਵਾਉਂਦਾ ਹੈ, ਜਿੱਥੇ ਕਿਸਾਨਾਂ ਦੇ ਕਤਲ ਵਿੱਚ ਸ਼ਾਮਲ ਹੋਣ ਲਈ ਗ੍ਰਹਿ ਰਾਜ ਮੰਤਰੀ ਦੇ ਬੇਟੇ ਦੇ ਵਿਰੁੱਧ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਇਨ੍ਹਾਂ ਘਟਨਾਵਾਂ ਨੇ ਕੇਂਦਰ ਦੀ ਮੋਦੀ ਸਰਕਾਰ ਦੀ ਸਰਪ੍ਰਸਤੀ ਵਾਲੀ ਆਰ ਐੱਸ ਐੱਸ ਦਾ ਫਾਸ਼ੀਵਾਦੀ ਚਿਹਰਾ ਨੰਗਾ ਕਰ ਦਿੱਤਾ ਹੈ। ਭਲਵਾਨਾਂ ਨੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਤਗਮੇ ਜਿੱਤ ਕੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ। ਹਮੇਸ਼ਾ ਬੇਟੀ ਬਚਾਓ ਬੇਟੀ ਪੜ੍ਹਾਓ ਦੀ ਗੱਲ ਕਰਨ ਵਾਲੇ ਪ੍ਰਧਾਨ ਮੰਤਰੀ ਨੇ ਮਹਿਲਾ ਪਹਿਲਵਾਨਾਂ ਦੇ ਹੱਕ 'ਚ ਇਕ ਵੀ ਸ਼ਬਦ ਨਹੀਂ ਬੋਲਿਆ, ਬ੍ਰਿਜ ਭੂਸ਼ਣ ਖਿਲਾਫ ਕਾਰਵਾਈ ਦੀ ਤਾਂ ਗੱਲ ਹੀ ਕੀ ਕਰੀਏ। ਇਹ ਉੱਚ ਕੱਦ ਦੀਆਂ ਪ੍ਰਭਾਵਿਤ ਭਲਵਾਨਾਂ ਲਈ ਪ੍ਰਧਾਨ ਮੰਤਰੀ ਦੇ ਵਿਵਹਾਰ ਦਾ ਪ੍ਰਤੀਬਿੰਬ ਹੈ। ਪ੍ਰਦਰਸ਼ਨਕਾਰੀ ਜਥੇਬੰਦੀਆਂ ਵਿੱਚ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ), ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ), ਜੁਆਇੰਟ ਕੌਂਸਲ ਆਫ ਟਰੇਡ ਯੂਨੀਅਨਜ਼, ਸੋਸ਼ਲ ਥਿੰਕਰਜ਼ ਫੋਰਮ, ਭਾਰਤ ਜਨ ਗਿਆਨ-ਵਿਗਿਆਨ ਜੱਥਾ, ਸੰਵਿਧਾਨ ਬਚਾਓ ਮੰਚ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ, ਆਲ ਇੰਡੀਆ ਕਿਸਾਨ ਸਭਾ, ਯੂਨੀਅਨ ਅਤੇ ਪੰਜਾਬ ਇਸਤਰੀ ਸਭਾ ਲੁਧਿਆਣਾ ਸ਼ਾਮਲ ਸਨ। ਇਸ ਮੌਕੇ ਡੀ.ਪੀ. ਮੌੜ, ਡਾ: ਅਰੁਣ ਮਿੱਤਰਾ, ਡਾ: ਗਗਨਦੀਪ, ਐੱਮ.ਐੱਸ. ਭਾਟੀਆ, ਰਮੇਸ਼ ਰਤਨ, ਡਾ. ਪਰਮ ਸੈਣੀ, ਸ਼ੁੱਭਦੀਪ, ਵਿਜੇ ਕੁਮਾਰ, ਚਮਕੌਰ ਸਿੰਘ, ਕੁਲਵੰਤ ਕੌਰ, ਰਣਜੀਤ ਸਿੰਘ, ਕੁਸੁਮ ਲਤਾ, ਸੁਸ਼ਮਾ ਓਬਰਾਏ ਆਦਿ ਨੇ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਡਾ. ਮੋਨਿਕਾ ਧਵਨ, ਡਾ. ਤੇਜਿੰਦਰ ਸਿੰਘ, ਡਾ: ਅੰਕੁਸ਼ ਕੁਮਾਰ, ਡਾ. ਸੀਰਤ ਸਿੰਘ, ਕੇਵਲ ਸਿੰਘ ਬਨਵੈਤ, ਜੀ ਐੱਸ ਚਾਵਲਾ, ਅਵਤਾਰ ਛਿੱਬੜ, ਡਾ. ਵਿਨੋਦ ਕੁਮਾਰ, ਅਜੀਤ ਜਵੱਦੀ, ਸਤਨਾਮ ਸਿੰਘ, ਦਾਨ ਸਿੰਘ, ਸਰੋਜ ਕੁਮਾਰ, ਜਗਜੀਤ ਸਿੰਘ, ਰਾਮ ਆਧਾਰ ਸਿੰਘ, ਸਵਰੂਪ ਸਿੰਘ, ਅਨੋਦ ਕੁਮਾਰ, ਰਾਮ ਚੰਦ, ਸੰਜੀਤ ਕੁਮਾਰ ਅਤੇ ਮਲਕੀਤ ਮਾਲੜਾ ਨੇ ਇਸ ਪ੍ਰਦਰਸ਼ਨ ਵਿਚ ਹਿੱਸਾ ਲਿਆ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਤਖਤੀਆਂ ਫੜ ਕੇ ਪੰਜਾਬੀ ਭਵਨ ਤੋਂ ਡਿਪਟੀ ਕਮਿਸ਼ਨਰ ਦਫਤਰ ਤੱਕ ਰੋਸ ਮਾਰਚ ਕੀਤਾ ਅਤੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਡਿਪਟੀ ਕਮਿਸ਼ਨਰ ਨੂੰ ਪ੍ਰਧਾਨ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪਿਆ।

**ਪਟਿਆਲਾ** : ਪੀ ਆਰ ਟੀ ਸੀ ਵਰਕਰਜ਼ ਯੂਨੀਅਨ ਏਟਕ ਅਤੇ ਪੀ ਆਰ ਟੀ ਸੀ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਵੱਲੋਂ 10 ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਭਲਵਾਨਾਂ ਦੇ ਸੰਘਰਸ਼ ਦੀ ਹਮਾਇਤ ਵਿੱਚ ਜ਼ੋਰਦਾਰ ਮੁਜ਼ਾਹਰਾ ਕਰਕੇ ਮੰਗ ਕੀਤੀ ਗਈ ਕਿ ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਉਸ ਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਦੀ ਪ੍ਰਧਾਨਗੀ ਤੋਂ ਬਰਖਾਸਤ ਕੀਤਾ ਜਾਵੇ, ਉਸ ਦੀ ਮੈਂਬਰ ਪਾਰਲੀਮੈਂਟ ਦੀ ਸੀਟ ਖਤਮ ਕੀਤੀ ਜਾਵੇ ਅਤੇ ਉਸ ਦੇ ਅਨੈਤਿਕ ਤਰੀਕੇ ● ਬਾਕੀ ਸਫ਼ਾ 2 'ਤੇ

## ਸੀ ਪੀ ਆਈ ਪੰਜਾਬ ਦੇ ਕਾਰਜਕਾਰੀ ਸਕੱਤਰ ਨਿਰਮਲ ਧਾਲੀਵਾਲ

**ਚੰਡੀਗੜ੍ਹ** : ਪਿਛਲੇ ਦਿਨੀਂ ਇਥੇ ਸੀ ਪੀ ਆਈ ਪੰਜਾਬ ਸੂਬਾ ਸਕੱਤਰੇਤ ਨੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਦੀ ਇਕ ਮਹੀਨੇ ਲਈ ਛੁੱਟੀ ਦੀ ਬੇਨਤੀ ਸਰਬਸੰਮਤੀ ਨਾਲ ਪ੍ਰਵਾਨ ਕਰ ਲਈ। ਉਹ ਆਪਣੇ ਬੇਟੇ ਵਿੱਕੀ ਬਰਾੜ ਅਤੇ ਉਹਦੇ ਪਰਵਾਰ ਨੂੰ ਮਿਲਣ ਯੂ ਕੇ ਜਾ ਰਹੇ ਹਨ।

ਸੂਬਾ ਸਕੱਤਰੇਤ ਨੇ ਪਾਰਟੀ ਦੇ ਕੰਮ ਦੀ ਅਗਵਾਈ ਲਈ ਨਿਰਮਲ ਸਿੰਘ ਧਾਲੀਵਾਲ ਨੂੰ ਕਾਰਜਕਾਰੀ ਸਕੱਤਰ ਸਰਬਸੰਮਤੀ ਨਾਲ ਚੁਣ ਲਿਆ। ਧਾਲੀਵਾਲ ਇਸ ਵੇਲੇ ਪੰਜਾਬ ਏਟਕ ਦੇ ਜਨਰਲ ਸਕੱਤਰ ਅਤੇ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਹਨ। ਉਹ ਪਹਿਲਾਂ ਵੀ ਸੂਬਾ ਕਮਿਊਨਿਸਟ ਪਾਰਟੀ ਦੀ ਸਕੱਤਰ ਵਜੋਂ ਸਫਲ ਅਗਵਾਈ ਕਰ ਚੁੱਕੇ ਹਨ। ਸਕੱਤਰੇਤ ਨੇ ਦਿੱਲੀ ਜੰਤਰ-ਮੰਤਰ ਵਿਖੇ ਲਗਾਤਾਰ ਧਰਨਾ ਦੇ ਕੇ ਲੜ ਰਹੀਆਂ ਪਹਿਲਵਾਨ ਕੁੜੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ ਅਤੇ ਜਿਣਸੀ ਛੇੜਖਾਨੀ ਦੀ ਐੱਫ ਆਈ ਆਰ ਵਿਚ ਨਾਮਜ਼ਦ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ। 9 ਮਈ ਨੂੰ ਏਟਕ ਨੇ ਸਾਰੇ ਦੇਸ਼ ਵਿਚ ਲੜਕੀਆਂ ਨਾਲ ਇਕਮੁਠਤਾ ਦਿਵਸ ਮਨਾ ਕੇ ਦੋਸ਼ੀ ਸਾਂਸਦ ਨੂੰ ਗ੍ਰਿਫਤਾਰ ਕਰਨ ਲਈ ਪ੍ਰਦਰਸ਼ਨ ਕੀਤੇ। ਸਕੱਤਰੇਤ ਨੇ ਵਿਦਿਆ ਵਿਭਾਗ ਦੇ ਕਨਵੀਨਰ ਹਰਦੇਵ ਅਰਸ਼ੀ ਨੂੰ ਪਾਰਟੀ ਸਕੂਲ ਲਾਉਣ ਲਈ ਵਿਦਿਆ ਵਿਭਾਗ ਦੀ ਮੀਟਿੰਗ 24 ਮਈ ਨੂੰ ਚੰਡੀਗੜ੍ਹ ਪਾਰਟੀ ਦਫਤਰ ਵਿਚ ਕਰਨ ਦੀ ਹਮਾਇਤ ਦਿੱਤੀ।

## ਮੰਗਣੀ 13 ਨੂੰ



**ਨਵੀਂ ਦਿੱਲੀ** : ਅਦਾਕਾਰਾ ਪਰਿਣੀਤੀ ਚੋਪੜਾ ਅਤੇ 'ਆਪ' ਨੇਤਾ ਰਾਘਵ ਚੱਢਾ ਦੀ ਮੰਗਣੀ 13 ਮਈ ਨੂੰ ਦਿੱਲੀ 'ਚ ਹੋਵੇਗੀ। ਸੂਤਰਾਂ ਨੇ ਦੱਸਿਆ ਕਿ ਸਮਾਰੋਹ ਲਈ ਕਰੀਬ 150 ਨਜ਼ਦੀਕੀ ਦੋਸਤਾਂ ਅਤੇ ਪਰਵਾਰਕ ਮੈਂਬਰਾਂ ਨੂੰ ਸੱਦਾ ਦਿੱਤਾ ਗਿਆ ਹੈ।

## ਬੱਸ ਸੁੱਕੀ ਨਦੀ 'ਚ ਡਿੱਗੀ, 22 ਮੌਤਾਂ



**ਭੋਪਾਲ** : ਮੱਧ ਪ੍ਰਦੇਸ਼ ਦੇ ਖਰਗੋਨ ਜ਼ਿਲ੍ਹੇ 'ਚ ਮੰਗਲਵਾਰ ਸਵੇਰੇ ਯਾਤਰੀ ਬੱਸ ਦੇ ਡੋਂਗਰਗਾਂਵ ਨੇੜੇ ਪੁਲ ਤੋਂ ਸੁੱਕੀ ਬੋਰਾਦ ਨਦੀ 'ਚ ਡਿੱਗਣ ਕਾਰਨ 22 ਵਿਅਕਤੀਆਂ ਦੀ ਮੌਤ ਹੋ ਗਈ ਅਤੇ 33 ਜ਼ਖ਼ਮੀ ਹੋ ਗਏ।

## ਅਧਿਕਾਰੀ ਬਰਖਾਸਤ

**ਮੁੰਬਈ** : ਸਾਲ 2021 ਦੇ ਸਨਸਨੀਖੇਜ਼ ਆਰੀਅਨ ਖਾਨ ਡਰੱਗ ਮਾਮਲੇ ਦੀ ਜਾਂਚ ਕਰਨ ਵਾਲੇ ਨਾਰਕੋਟਿਕਸ ਕੰਟਰੋਲ ਬਿਊਰੋ ਦੇ ਅਧਿਕਾਰੀ ਵੀ ਵੀ ਸਿੰਘ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਸੂਤਰ ਨੇ ਕਿਹਾ ਕਿ ਉਸ ਨੂੰ ਹਟਾਉਣ ਦਾ ਇਸ ਕੇਸ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਉਸ ਨੂੰ ਕਿਸੇ ਹੋਰ ਮਾਮਲੇ 'ਚ ਨੌਕਰੀ ਤੋਂ ਹਟਾਇਆ ਗਿਆ ਹੈ।

## ਦਿੱਲੀ ਦੇ ਆਰਮੀ ਬੇਸ ਹਸਪਤਾਲ 'ਚ ਅੱਗ

**ਨਵੀਂ ਦਿੱਲੀ** : ਦਿੱਲੀ ਛਾਉਣੀ ਖੇਤਰ ਵਿਚ ਸਥਿਤ ਆਰਮੀ ਬੇਸ ਹਸਪਤਾਲ ਵਿਚ ਮੰਗਲਵਾਰ ਤੜਕੇ ਅੱਗ ਲੱਗ ਗਈ। ਇਸ ਘਟਨਾ ਵਿਚ ਕੋਈ ਜ਼ਖ਼ਮੀ ਨਹੀਂ ਹੋਇਆ ਹੈ। ਅੱਗ ਲੱਗਣ ਦੀ ਸੂਚਨਾ ਤੜਕੇ 3.50 ਵਜੇ ਮਿਲੀ, ਜਿਸ ਤੋਂ ਬਾਅਦ 11 ਫਾਇਰ ਟੈਂਡਰ ਮੌਕੇ 'ਤੇ ਪਹੁੰਚ ਗਏ। ਅੱਗ, ਜੋ ਅਪਰੇਸ਼ਨ ਥੀਏਟਰ, ਆਈ ਸੀ ਯੂ ਅਤੇ ਸਟੋਰ ਰੂਮ 'ਚ ਫੈਲ ਗਈ ਸੀ, ਨੂੰ ਸਵੇਰੇ 5.30 ਵਜੇ ਦੇ ਕਰੀਬ ਕਾਬੂ ਕਰ ਲਿਆ ਗਿਆ।

## ਮਾਲੂ ਨੂੰ ਦਿੱਲੀ ਲਿਆਉਣ 'ਤੇ ਵਿਚਾਰ



**ਕਠਮੰਡੂ** : ਜ਼ਖ਼ਮੀ ਭਾਰਤੀ ਪਰਬਤਾਰੋਹੀ ਅਨੁਰਾਗ ਮਾਲੂ ਦਾ ਪਰਵਾਰ ਉਸ ਨੂੰ ਨੇਪਾਲ ਤੋਂ ਦਿੱਲੀ ਇਲਾਜ ਲਈ ਤਬਦੀਲ ਕਰਨ 'ਤੇ ਵਿਚਾਰ ਕਰ ਰਿਹਾ ਹੈ, ਕਿਉਂਕਿ ਉਸ ਦੇ ਸਰੀਰ 'ਚ ਲਾਗ ਲਗਾਤਾਰ ਫੈਲ ਰਹੀ ਹੈ। ਰਾਜਸਥਾਨ ਦੇ ਕਿਸ਼ਨਗੜ੍ਹ ਦਾ ਰਹਿਣ ਵਾਲਾ ਅਨੁਰਾਗ (34) ਅਪਰੈਲ ਦੇ ਅੱਧ 'ਚ ਉਸ ਸਮੇਂ ਲਾਪਤਾ ਹੋ ਗਿਆ ਸੀ, ਜਦੋਂ ਉਹ ਕੈਂਪ-3 ਤੋਂ ਉਤਰਦੇ ਸਮੇਂ ਕਰੀਬ 6000 ਮੀਟਰ ਦੀ ਉਚਾਈ ਤੋਂ ਡਿੱਗ ਗਿਆ ਸੀ।

## ਸਲਮਾਨ ਨੂੰ ਧਮਕਾਉਣ ਵਾਲੇ ਖਿਲਾਫ ਲੁੱਕ ਆਊਟ ਸਰਕੂਲਰ

**ਮੁੰਬਈ** : ਪੁਲਸ ਨੇ ਸਲਮਾਨ ਖਾਨ ਨੂੰ ਗੋਲਡੀ ਬਰਾੜ ਦੇ ਨਾਂਅ ਤੋਂ ਧਮਕੀ ਭਰੀ ਈ-ਮੇਲ ਭੇਜਣ ਵਾਲੇ ਖਿਲਾਫ ਲੁੱਕ ਆਊਟ ਸਰਕੂਲਰ (ਐੱਲ ਓ ਸੀ) ਜਾਰੀ ਕੀਤਾ ਹੈ। ਮੁਲਜ਼ਮ ਨੇ ਕਥਿਤ ਤੌਰ 'ਤੇ ਮਾਰਚ 'ਚ ਗੈਂਗਸਟਰ ਗੋਲਡੀ ਬਰਾੜ ਦੇ ਨਾਂਅ 'ਤੇ 'ਦਬੰਗ' ਸਟਾਰ ਨੂੰ ਧਮਕੀ ਭਰੇ ਸੰਦੇਸ਼ ਈ-ਮੇਲ ਕੀਤੇ ਸਨ। ਸੂਤਰਾਂ ਨੇ ਦੱਸਿਆ ਕਿ ਇਹ ਵਿਅਕਤੀ ਹਰਿਆਣਾ ਦਾ ਰਹਿਣ ਵਾਲਾ ਹੈ ਅਤੇ ਉਸ ਨੇ ਗੈਂਗਸਟਰ ਗੋਲਡੀ ਬਰਾੜ ਦੀ ਤਰਫੋਂ ਸਲਮਾਨ ਖਾਨ ਦੇ ਦੋਸਤ ਨੂੰ ਈ ਮੇਲ ਭੇਜੀ ਸੀ। ਉਹ ਇੰਗਲੈਂਡ 'ਚ ਮੈਡੀਕਲ ਵਿਦਿਆਰਥੀ ਹੈ।

# ਭਰਤੀ ਰਿਕਾਰਡ 'ਚ ਗੜਬੜੀ ਦੇ ਦੋਸ਼ 'ਚ ਸਿੱਖਿਆ ਵਿਭਾਗ ਦੇ ਪੰਜ ਮੁਲਾਜ਼ਮ ਗ੍ਰਿਫਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਵਿਜੀਲੈਂਸ ਬਿਊਰੋ ਨੇ ਮੰਗਲਵਾਰ ਪੰਜਾਬ ਸਿੱਖਿਆ ਵਿਭਾਗ ਦੇ ਪੰਜ ਮੁਲਾਜ਼ਮਾਂ ਨੂੰ 2007 ਵਿੱਚ ਈ ਟੀ ਟੀ /ਜੇ ਬੀ ਟੀ / ਟੀਚਿੰਗ ਫੈਲੋਜ਼ ਦੀਆਂ ਲਗਭਗ 9998 ਅਸਾਮੀਆਂ ਦੀ ਪੰਜਾਬ ਪੱਧਰ ਉਤੇ ਭਰਤੀ ਕਰਨ ਸੰਬੰਧੀ ਸਰਕਾਰੀ ਰਿਕਾਰਡ ਵਿੱਚ ਬੇਨਿਯਮੀਆਂ ਅਤੇ ਗੜਬੜੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਮੋਹਾਲੀ ਦੀ ਅਦਾਲਤ ਵੱਲੋਂ ਵਿਜੀਲੈਂਸ ਬਿਊਰੋ ਨੂੰ ਇਨ੍ਹਾਂ ਦਾ ਤਿੰਨ ਦਿਨ ਦਾ ਪੁਲਸ ਰਿਮਾਂਡ ਦੇ ਦਿੱਤਾ ਗਿਆ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁਕੱਦਮੇ ਵਿੱਚ ਸ਼ਾਮਲ ਮੁਲਜ਼ਮਾਂ ਜ਼ਿਲ੍ਹਾ ਸਿੱਖਿਆ ਦਫਤਰ (ਡੀ ਈ ਓ) ਐਲੀਮੈਂਟਰੀ, ਲੁਧਿਆਣਾ ਦੇ ਕਰਮਚਾਰੀ ਮਨਜੀਤ ਸਿੰਘ ਜੂਨੀਅਰ ਸਹਾਇਕ, ਮਹਿੰਦਰ ਸਿੰਘ ਸੀਨੀਅਰ ਸਹਾਇਕ, (ਦੋਵੇਂ ਸੇਵਾਮੁਕਤ) ਅਤੇ ਡੀ ਈ ਓ (ਐਲੀਮੈਂਟਰੀ), ਗੁਰਦਾਸਪੁਰ ਦੇ ਧਰਮਪਾਲ, ਸੀਨੀਅਰ ਸਹਾਇਕ, ਨਰਿੰਦਰ ਕੁਮਾਰ, ਜੂਨੀਅਰ ਸਹਾਇਕ ਅਤੇ ਮਿਤਰ ਵਾਸੂ ਸੀਨੀਅਰ ਸਹਾਇਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੜਤਾਲ ਦੌਰਾਨ ਪਾਇਆ ਗਿਆ ਕਿ ਇਹ ਮੁਲਾਜ਼ਮ ਵੱਖ-ਵੱਖ ਸਮਿਆਂ 'ਤੇ ਡੀ ਈ ਓ (ਐਲੀਮੈਂਟਰੀ) ਲੁਧਿਆਣਾ ਅਤੇ ਗੁਰਦਾਸਪੁਰ ਵਿਖੇ ਤਾਇਨਾਤ ਰਹੇ ਸਨ ਅਤੇ ਸਾਲ 2007 ਵਿੱਚ ਈ ਟੀ ਟੀ/ ਜੇ ਬੀ ਟੀ/ ਟੀਚਿੰਗ ਫੈਲੋਜ਼ ਦੀਆਂ ਪੰਜਾਬ ਪੱਧਰ ਉਤੇ ਲਗਭਗ 9998 ਅਸਾਮੀਆਂ ਲਈ ਬਿਨੈ ਕਰਨ ਵਾਲੇ ਹਜ਼ਾਰਾਂ ਉਮੀਦਵਾਰਾਂ ਦਾ ਭਰਤੀ ਰਿਕਾਰਡ, ਜਿਵੇਂ ਚੈੱਕ ਲਿਸਟਾਂ, ਮੈਰਿਟ ਸੂਚੀਆਂ, ਪੜਤਾਲ ਸੂਚੀਆਂ, ਤਜਰਬੇ ਸੰਬੰਧੀ ਸਰਟੀਫਿਕੇਟ, ● ਬਾਕੀ ਸਫ਼ਾ 2 'ਤੇ

## ਜਲੰਧਰ ਲੋਕ ਸਭਾ ਹਲਕੇ 'ਚ ਪੋਲਿੰਗ ਅੱਜ



**ਜਲੰਧਰ** : ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਪੋਲਿੰਗ ਪਾਰਟੀਆਂ ਵੋਟਾਂ ਪੁਆਉਣ ਲਈ ਈ ਵੀ ਐੱਮ ਅਤੇ ਹੋਰ ਲੋੜੀਂਦੀ ਸਮਗਰੀ ਲੈ ਕੇ ਮੰਗਲਵਾਰ ਆਪਣੇ ਟਿਕਾਣਿਆਂ ਵੱਲ ਰਵਾਨਾ ਹੋ ਗਈਆਂ। 10 ਮਈ ਨੂੰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਾਂ ਪੈਣਗੀਆਂ।

## ਵਿਦਿਆਰਥੀ ਵੱਲੋਂ ਖ਼ੁਦਕੁਸ਼ੀ !

**ਕੋਟਾ** : ਕਰਨਾਟਕ ਦੇ ਬੇਂਗਲੂਰੂ ਦੇ ਰਹਿਣ ਵਾਲੇ 22 ਸਾਲਾ ਨੀਟ ਵਿਦਿਆਰਥੀ ਮੁਹੰਮਦ ਨਾਸਿਰ ਦੀ ਸੋਮਵਾਰ ਦੇਰ ਰਾਤ ਇੱਥੋਂ ਦੇ ਵਿਗਿਆਨ ਨਗਰ ਖੇਤਰ 'ਚ ਬਹੁਮੰਜ਼ਿਲਾ ਇਮਾਰਤ ਦੀ 10ਵੀਂ ਮੰਜ਼ਿਲ ਤੋਂ ਡਿੱਗਣ ਕਾਰਨ ਮੌਤ ਹੋ ਗਈ। ਪੁਲਸ ਨੂੰ ਸ਼ੱਕ ਹੈ ਕਿ ਉਸ ਨੇ ਖ਼ੁਦਕੁਸ਼ੀ ਕੀਤੀ। ਉਹ ਐਤਵਾਰ ਜੈਪੁਰ 'ਚ ਪ੍ਰੀਖਿਆ ਕੇਂਦਰ 'ਚ ਨੀਟ-ਯੂ ਜੀ 2023 ਲਈ ਹਾਜ਼ਰ ਹੋਇਆ ਸੀ ਅਤੇ ਅਗਲੇ ਦਿਨ ਕੋਟਾ ਵਾਪਸ ਆ ਗਿਆ।

ਉਹ ਇੱਕ ਸਾਲ ਤੋਂ ਕੋਟਾ ਦੇ ਕੋਚਿੰਗ ਇੰਸਟੀਚਿਊਟ 'ਚ ਪ੍ਰੀਖਿਆ ਦੀ ਤਿਆਰੀ ਕਰ ਰਿਹਾ ਸੀ। ਵਿਗਿਆਨ ਨਗਰ ਥਾਣੇ ਦੇ ਸਰਕਲ ਇੰਸਪੈਕਟਰ ਦੇਵੇਸ਼ ਭਾਰਦਵਾਜ ਨੇ ਦੱਸਿਆ ਕਿ ਨਾਸਿਰ ਫਲੈਟ 'ਚ ਕੁਝ ਦੋਸਤਾਂ ਨਾਲ ਰਹਿੰਦਾ ਸੀ ਅਤੇ ਘਟਨਾ ਦੇ ਸਮੇਂ ਉਸ ਦੇ ਸਾਥੀ ਫਲੈਟ 'ਚ ਨਹੀਂ ਸਨ।

# ਫਰੀਦਾ ਮੌਤੋਂ ਭੁੱਖ ਬੁਰੀ...

**ਸ਼ਾਹਕੋਟ (ਗਿਆਨ ਸੈਦਪੁਰੀ)**-ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਲਈ ਲੱਗਭੱਗ ਇੱਕ ਮਹੀਨੇ ਤੋਂ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਜ਼ੋਰਦਾਰ ਚੋਣ ਪ੍ਰਚਾਰ ਹੋ ਰਿਹਾ ਹੈ। ਕਹਿਣ ਨੂੰ ਇਹ ਚੋਣ ਪ੍ਰਚਾਰ 8 ਮਈ ਦੀ ਸ਼ਾਮ ਤੋਂ ਬੰਦ ਹੈ, ਪਰ ਇਹ ਬੰਦ ਨਹੀਂ ਹੋਇਆ, ਇਸ ਦਾ ਰੂਪ ਬਦਲਿਆ ਹੈ। ਮਹੀਨੇ ਤੋਂ ਹੋ ਰਿਹਾ ਚੋਣ ਪ੍ਰਚਾਰ ਆਮ ਤੌਰ 'ਤੇ ਜਨਤਕ ਇਕੱਠ ਵਿੱਚ ਹੁੰਦਾ ਰਿਹਾ ਹੈ। 8 ਮਈ ਦੀ ਸ਼ਾਮ ਤੋਂ ਇਹ ਘਰੋ-ਘਰੀ ਜਾ ਕੇ ਹੋ ਰਿਹਾ ਹੈ। ਇਹ ਜਿੱਥੇ ਵੱਧ ਪ੍ਰਭਾਵਸ਼ਾਲੀ ਹੈ, ਉੱਥੋਂ ਵੋਟਰਾਂ 'ਤੇ ਮਾਨਸਿਕ ਦਬਾਅ ਵੀ ਵਧੇਰੇ ਪਾਉਂਦਾ ਹੈ। ਵੋਟਰਾਂ ਵੱਲੋਂ ਤਿਆਰ ਕੀਤੇ ਮਨਾਂ ਨੂੰ ਇਸ ਪ੍ਰਚਾਰ ਰਾਹੀਂ ਬਦਲਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ। ਵੋਟਰਾਂ ਨੂੰ ਨਿੱਜੀ ਲਾਲਚ ਵੀ ਦਿੱਤਾ ਜਾਂਦਾ ਹੈ ਤੇ ਲੁਕਵੇਂ ਢੰਗ ਦੀ ਧਮਕੀ ਵੀ ਦਿੱਤੀ ਜਾਂਦੀ ਹੈ।

ਹਰ ਚੋਣ ਪ੍ਰਚਾਰ ਵਿੱਚ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਹਰ ਹਰਬਾ ਵਰਤਿਆ ਜਾਂਦਾ ਹੈ। ਇਸ ਵਾਰ ਦੇ ਚੋਣ ਪ੍ਰਚਾਰ ਦੌਰਾਨ ਹੋਰ ਵੀ ਕਈ ਕੁਚੱਜ ਸਾਹਮਣੇ ਆਏ। ਥੋਕ ਦੀ ਦਲ-ਬਦਲੀ ਦੇ ਦਲ-ਦਲ ਵਿੱਚ ਸਾਰੀਆਂ ਵੱਡੀਆਂ ਪਾਰਟੀਆਂ ਫਸੀਆਂ ਨਜ਼ਰ ਆਈਆਂ। ਕਿਸੇ ਇੱਕ ਪਾਰਟੀ ਦੇ ਦਰਜਨਾਂ ਕੁ ਵਿਅਕਤੀਆਂ ਦੇ ਗਲ ਵਿੱਚ ਸਿਰੋਪਾ ਪਾਉਂਦਿਆਂ ਉਨ੍ਹਾਂ ਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਦਰਸਾਇਆ ਗਿਆ। ਇਹ ਵਰਤਾਰਾ ਵੀ ਵੇਖਿਆ ਗਿਆ ਕਿ ਸ਼ਾਮ ਨੂੰ 'ਘਰ ਛੱਡਣ' ਵਾਲੇ ਅਗਲੀ ਸਵੇਰ 'ਵਾਪਸ' ਵੀ ਆਉਂਦੇ ਰਹੇ। ਹਰ ਵਾਰ ਦੇ ਚੋਣ ਪ੍ਰਚਾਰ 'ਚ ਗਰੀਬਾਂ ਦਾ ਤੇ ਗ਼ਰੀਬੀ ਦਾ ਸਿਆਸੀ ਮਜ਼ਾਕ ਉਡਾਇਆ ਜਾਂਦਾ ਹੈ। ਇਸ ਵਾਰ ਇਹ ਵਰਤਾਰਾ ਹੋਰ ਨੀਵਾਣਾਂ ਛੋਂਹਦਾ ਨਜ਼ਰ ਆਇਆ। ਪੰਜਾਬ ਵਿੱਚ ਸਿਆਸੀ ਮਕਾਨ 'ਤੇ ਆਪਣੀ ਸਪੇਸ ਬਣਾਉਣ ਦੇ ਯਤਨਾਂ ਵਿੱਚ ਇੱਕ ਪਾਰਟੀ ਵੱਲੋਂ 'ਮਾਂਗਵੇਂ' ਚੋਣ ਪ੍ਰਚਾਰਕਾਂ ਦੀ ਖ਼ੂਬ ਚਰਚਾ ਵੀ ਹੁੰਦੀ ਰਹੀ। ਇੱਕ ਖਾਸ ਤਰ੍ਹਾਂ ਦੀ ਮੁੰਡੀਰ ਹੱਥਾਂ 'ਚ ਝੰਡੇ ਲੈ ਕੇ ਤੇਜ਼ ਰਫ਼ਤਾਰੀ ਮੋਟਰ ਸਾਈਕਲਾਂ 'ਤੇ ਚੋਣ ਪ੍ਰਚਾਰ ਦੇ ਨਾਂਅ 'ਤੇ ਚੀਕਾ ਮਾਰਦੀ ਵੀ ਵੇਖੀ ਜਾਂਦੀ ਰਹੀ। ਗ਼ਰੀਬ ਲੋੜਵੰਦ ਔਰਤਾਂ ਪੰਜ ਸੌ ਰੁਪਏ ਦਿਹਾੜੀ ਲੈ ਕੇ ਗਲੀਆਂ-ਮੁਹੱਲਿਆਂ ਵਿੱਚ ਨਾਅਰੇ ਲਾਉਂਦੀਆਂ ਰਹੀਆਂ। ਦੱਸਦੇ ਹਨ ਕਿ ਇਨ੍ਹਾਂ ਕਿਸਮਤ ਮਾਰੀਆਂ ਨਾਲ ਦਿਹਾੜੀ ਤਾਂ ਪੰਜ ਸੌ ਰੁਪਏ ਤੈਅ ਹੁੰਦੀ ਸੀ, ਪਰ ਇੱਕ ਸੌ ਰੁਪਈਆ ਚੋਣ ਜੁਗਾੜੀ ਲੈ ਲੈਂਦਾ ਸੀ। ਵਿਰੋਧੀਆਂ ਲਈ ਚੋਣਾਵੀ ਸਟੇਜਾਂ ਤੋਂ ਬੋਲੀ ਜਾਂਦੀ ਭਾਸ਼ਾ ਦਾ ਗਿਆਨ ਇਸ ਵਾਰ ਵੀ ਸੁਧਰ ਨਾ ਸਕਿਆ। ਕਈ ਵਾਰ ਭਾਸ਼ਾ ਵਿੱਚ ਵਰਤੇ ਗਏ 'ਅੱਪਸ਼ਬਦ' ਆਪਸੀ ਤਲਖੀਆਂ ਨੂੰ ਤੇਜ਼ ਕਰਦੇ ਰਹੇ। ਇੱਕ ਹੋਰ ਤਲਖ-ਹਕੀਕਤ ਬਿਆਨ ਕੀਤੀ ਜਾਣੀ ਜ਼ਰੂਰੀ ਹੋ ਗਈ ਹੈ। ਬਹੁਤ ਵਾਰ ਦੇਖਿਆ ਗਿਆ ਕਿ ਕਿਸੇ ਵੀ ਸਿਆਸੀ ਪਾਰਟੀ ਦਾ ਨੁਮਾਇੰਦਾ ਜਦੋਂ ਵੋਟਾਂ ਲਈ ਫਰਿਆਦ ਲੈ ਕੇ ਕਿਸੇ ਪਿੰਡ ਜਾਂਦਾ ਤਾਂ ਮੰਦਹਾਲੀ ਦੀਆਂ ਮਾਰੀਆਂ ਕੁਝ ਔਰਤਾਂ 'ਫਰਿਆਦੀ' ਬਣ ਮੂਹਰੇ ਆ ਖੜ੍ਹੋਂਦੀਆਂ। ਉਨ੍ਹਾਂ ਦੀਆਂ ਅੱਖਾਂ ਦੀ ਤਰਸਯੋਗ ਜਿਹੀ ਝਾਕਣੀ ਦੱਸ ਦਿੰਦੀ ਕਿ ਉਹ ਵਿਚਾਰੀਆਂ ਸਮਝਦੀਆਂ ਹਨ ਕਿ ਵੋਟਾਂ ਮੰਗਣ ਵਾਲੇ 'ਕੁਝ ਦੇਣ' ਆਏ ਹਨ, ਪਰ ਅਜਿਹਾ ਕੁਝ ਵੀ ਨਾ ਹੁੰਦਾ। ਬੱਸ ਉਥੇ ਚੇਤੇ ਆਉਂਦਾ ਫਰੀਦ ਸਾਹਿਬ ਦਾ ਸਲੋਕ

*'ਫਰੀਦਾ ਮੌਤੋਂ ਭੁੱਖ ਬੁਰੀ,*
*ਰਾਤੀਂ ਸੁੱਤੇ ਖਾਇਕੇ ਸੁਬਾ ਫੇਰ ਖੜੀ...*

## ਲਗਦੈ ਗਹਿਲੋਤ ਦੀ ਨੇਤਾ ਸੋਨੀਆ ਨਹੀਂ, ਵਸੁੰਧਰਾ ਹੈ : ਪਾਇਲਟ

**ਜੈਪੁਰ** : ਰਾਜਸਥਾਨ 'ਚ ਕਾਂਗਰਸ ਨੇਤਾ ਸਚਿਨ ਪਾਇਲਟ ਨੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੇ ਬਿਆਨ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਧੌਲਪੁਰ 'ਚ ਮੁੱਖ ਮੰਤਰੀ ਦਾ ਭਾਸ਼ਣ ਸੁਣਨ ਤੋਂ ਬਾਅਦ ਲੱਗਦਾ ਹੈ ਕਿ ਉਨ੍ਹਾ ਦੀ ਨੇਤਾ ਸੋਨੀਆ ਗਾਂਧੀ ਨਹੀਂ, ਸਗੋਂ ਵਸੁੰਧਰਾ ਰਾਜੇ ਸਿੰਧੀਆ ਹਨ। ਉਨ੍ਹਾ ਕਿਹਾ ਕਿ ਭ੍ਰਿਸ਼ਟਾਚਾਰ ਦੇ ਵਿਰੋਧ 'ਚ 11 ਮਈ ਤੋਂ ਜਨ ਸੰਘਰਸ਼ ਪਦ ਯਾਤਰਾ ਕੱਢੀ ਜਾ ਰਹੀ ਹੈ, ਜੋ ਭ੍ਰਿਸ਼ਟਾਚਾਰ ਖਿਲਾਫ ਅਤੇ ਨੌਜਵਾਨਾਂ ਦੇ ਸਮਰਥਨ 'ਚ ਹੋਵੇਗੀ।

ਸਚਿਨ ਨੇ ਕਿਹਾ ਕਿ ਇਕ ਪਾਸੇ ਕਿਹਾ ਜਾ ਰਿਹਾ ਹੈ ਭਾਜਪਾ ਰਾਜ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ 'ਚ ਹੈ, ਦੂਜੇ ਪਾਸੇ ਮੁੱਖ ਮੰਤਰੀ ਨੇ ਕਿਹਾ ਹੈ ਕਿ ਵਸੁੰਧਰਾ ਰਾਜੇ ਨੇ ਸਰਕਾਰ ਡਿੱਗਣ ਤੋਂ ਬਚਾਈ। ਇਸ ਲਈ ਗਹਿਲੋਤ ਸਪੱਸ਼ਟ ਕਰਨ ਕਿ ਉਹ ਕੀ ਕਹਿਣਾ ਚਾਹੁੰਦੇ ਹਨ।

## ਆਂਧਰਾ 'ਚ ਸਿੱਖਾਂ ਲਈ ਕਾਰਪੋਰੇਸ਼ਨ ਬਣੇਗੀ

**ਅਮਰਾਵਤੀ** : ਆਂਧਰਾ ਦੇ ਮੁੱਖ ਮੰਤਰੀ ਵਾਈ ਐੱਸ ਜਗਨ ਮੋਹਨ ਰੈੱਡੀ ਨੇ ਰਾਜ 'ਚ ਗੁਰਦੁਆਰਿਆਂ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ ਦੇਣ ਦੇ ਨਿਰਦੇਸ਼ ਦੇਣ ਦੇ ਨਾਲ-ਨਾਲ ਗ੍ਰੰਥੀਆਂ ਨੂੰ ਵੀ ਉਹ ਸਾਰੇ ਲਾਭ ਦੇਣ ਲਈ ਕਿਹਾ ਹੈ ਜੋ ਪੁਜਾਰੀਆਂ, ਪਾਦਰੀਆਂ ਅਤੇ ਮੌਲਵੀਆਂ ਨੂੰ ਦਿੱਤੇ ਜਾ ਰਹੇ ਹਨ। ਇਸ ਦੇ ਨਾਲ ਮੁੱਖ ਮੰਤਰੀ ਨੇ ਰਾਜ 'ਚ ਸਿੱਖ ਭਾਈਚਾਰੇ ਦੀ ਭਲਾਈ ਲਈ ਵਿਸ਼ੇਸ਼ ਕਾਰਪੋਰੇਸ਼ਨ ਦੀ ਸਥਾਪਨਾ ਕਰਨ ਦਾ ਐਲਾਨ ਵੀ ਕੀਤਾ। ਆਂਧਰਾ ਪ੍ਰਦੇਸ਼ ਰਾਜ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਜਤਿੰਦਰਜੀਤ ਸਿੰਘ ਦੀ ਅਗਵਾਈ 'ਚ ਸਿੱਖ ਭਾਈਚਾਰੇ ਦੇ ਵਫਦ ਨੇ ਇਥੇ ਮੁੱਖ ਮੰਤਰੀ ਰੈਡੀ ਨਾਲ ਉਨ੍ਹਾ ਦੇ ਕੈਂਪ ਦਫਤਰ 'ਚ ਮੁਲਾਕਾਤ ਕੀਤੀ ਅਤੇ ਉਨ੍ਹਾ ਨੂੰ ਸਿੱਖਾਂ ਅਤੇ ਉਨ੍ਹਾਂ ਨਾਲ ਸੰਬੰਧਤ ਭਾਈਚਾਰਿਆਂ ਲਈ ਕਾਰਪੋਰੇਸ਼ਨ ਬਣਾਉਣ ਲਈ ਕਦਮ ਚੁੱਕਣ ਲਈ ਕਿਹਾ।

ਉਨ੍ਹਾ ਦੀ ਅਪੀਲ 'ਤੇ ਗੌਰ ਕਰਦਿਆਂ ਮੁੱਖ ਮੰਤਰੀ ਨੇ ਸਿੱਖਾਂ ਲਈ ਕਮੇਟੀ ਬਣਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਕੱਤਕ ਦੀ ਪੂਰਨਮਾਸ਼ੀ 'ਤੇ ਗੁਰੂ ਨਾਨਕ ਜਯੰਤੀ ਦੀ ਛੁੱਟੀ ਐਲਾਨਣ 'ਤੇ ਸਹਿਮਤੀ ਪ੍ਰਗਟਾਈ।

## ਬ੍ਰਿਗੇਡੀਅਰ ਤੇ ਉਤਲੇ ਅਧਿਕਾਰੀਆਂ ਦੀ ਵਰਦੀ ਇੱਕੋ ਜਿਹੀ ਹੋਵੇਗੀ

**ਨਵੀਂ ਦਿੱਲੀ** : ਥਲ ਸੈਨਾ ਨੇ ਫੈਸਲਾ ਕੀਤਾ ਹੈ ਕਿ 1 ਅਗਸਤ ਤੋਂ ਬ੍ਰਿਗੇਡੀਅਰ ਅਤੇ ਇਸ ਤੋਂ ਉੱਪਰ ਦੇ ਰੈਂਕ ਦੇ ਅਧਿਕਾਰੀਆਂ ਦੀ ਵਰਦੀ ਇੱਕੋ ਜਿਹੀ ਹੋਵੇਗੀ, ਭਾਵੇਂ ਉਨ੍ਹਾਂ ਦਾ ਮੂਲ ਕੇਡਰ ਅਤੇ ਨਿਯੁਕਤੀ ਕੁਝ ਵੀ ਹੋਵੇ। ਇਹ ਫੈਸਲਾ ਹਾਲ ਹੀ ਵਿਚ ਹੋਈ ਥਲ ਸੈਨਾ ਕਮਾਂਡਰਾਂ ਦੀ ਕਾਨਫਰੰਸ ਤੋਂ ਬਾਅਦ ਲਿਆ ਗਿਆ ਹੈ। ਕਰਨਲ ਅਤੇ ਇਸ ਤੋਂ ਹੇਠਲੇ ਰੈਂਕ ਦੇ ਅਧਿਕਾਰੀਆਂ ਦੀ ਵਰਦੀ 'ਚ ਕੋਈ ਬਦਲਾਅ ਨਹੀਂ ਹੋਵੇਗਾ।

## ਸੀ ਬੀ ਆਈ, ਈ ਡੀ ਰਾਹੀਂ ਭਾਜਪਾ ਕੇਜਰੀਵਾਲ ਦੀ 'ਇਮਾਨਦਾਰ ਰਾਜਨੀਤੀ' ਨੂੰ ਰੋਕਣਾ ਚਾਹੁੰਦੀ : ਕੰਗ

**ਚੰਡੀਗੜ੍ਹ (ਗੁਰਜੀਤ ਬਿੱਲਾ)**




ਆਮ ਆਦਮੀ ਪਾਰਟੀ ਨੇ ਮੰਗਲਵਾਰ 'ਆਪ' ਅਤੇ ਅਰਵਿੰਦ ਕੇਜਰੀਵਾਲ ਵੱਲੋਂ ਕੀਤੀ ਜਾ ਰਹੀ 'ਇਮਾਨਦਾਰ ਰਾਜਨੀਤੀ' ਦੇ ਰਾਹ ਵਿਚ ਰੁਕਾਵਟਾਂ ਪੈਦਾ ਕਰਨ ਲਈ ਕੇਂਦਰ ਦੀ ਭਾਜਪਾ ਸਰਕਾਰ ਨੂੰ ਘੇਰਿਆ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇਹ ਸਿਰਫ 'ਆਪ' ਜਾਂ ਪੰਜਾਬ ਦੀ ਗੱਲ ਨਹੀਂ , ਭਾਜਪਾ ਆਪਣੇ ਤਾਨਾਸ਼ਾਹੀ ਰਵੱਈਏ ਅਤੇ ਸੀ ਬੀ ਆਈ ਅਤੇ ਈ ਡੀ ਵਰਗੀਆਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਨਾਲ ਸਾਡੇ ਲੋਕਤੰਤਰ ਲਈ ਖਤਰੇ ਪੈਦਾ ਕਰ ਰਹੀ ਹੈ। ਉਹ ਸਿਰਫ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਨੂੰ ਰੋਕਣਾ ਚਾਹੁੰਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਸਿਰਫ ਕੇਜਰੀਵਾਲ ਅਤੇ 'ਆਪ' ਹੀ 2024 ਦੀਆਂ ਆਮ ਚੋਣਾਂ ਵਿੱਚ ਨਰਿੰਦਰ ਮੋਦੀ ਅਤੇ ਭਾਜਪਾ ਨੂੰ ਟੱਕਰ ਦੇ ਸਕਦੇ ਹਨ। ਇਹੀ ਕਾਰਨ ਹੈ ਕਿ ਭਾਜਪਾ ਕੇਜਰੀਵਾਲ ਤੋਂ ਡਰਦੀ ਹੈ।

ਕੰਗ ਦੇ ਨਾਲ 'ਆਪ' ਦੇ ਬੁਲਾਰੇ ਤੇ ਚੇਅਰਮੈਨ ਨੀਲ ਗਰਗ, ਬੁਲਾਰੇ ਐਡਵੋਕੇਟ ਬਿਕਰਮਜੀਤ ਪਾਸੀ ਅਤੇ ਗਗਨਦੀਪ ਸਿੰਘ ਵੀ ਮੌਜੂਦ ਸਨ। ਕੰਗ ਨੇ ਕਿਹਾ ਕਿ ਸੀ ਬੀ ਆਈ ਤੇ ਈ ਡੀ ਨੇ ਅਦਾਲਤ ਵਿੱਚ ਮੰਨਿਆ ਕਿ ਉਨ੍ਹਾਂ ਨੂੰ ਗੋਆ ਵਿੱਚ ਸਿਰਫ 19 ਲੱਖ ਰੁਪਏ ਦੇ ਬਿੱਲ ਮਿਲੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ 100 ਕਰੋੜ ਦੇ ਸ਼ਰਾਬ ਘੁਟਾਲੇ ਬਾਰੇ ਭਾਜਪਾ, ਇਸ ਦੇ ਬੁਲਾਰੇ ਅਤੇ ਉਨ੍ਹਾਂ ਦੇ ਮੀਡੀਆ ਵੱਲੋਂ ਕੀਤਾ ਗਿਆ ਸਾਰਾ ਪ੍ਰਚਾਰ ਝੂਠਾ ਸੀ ਅਤੇ ਇਹ ਸਿਰਫ ਸਾਡੇ ਨੇਤਾਵਾਂ ਅਤੇ ਪਾਰਟੀ ਨੂੰ ਬਦਨਾਮ ਕਰਨ ਲਈ ਸੀ। ਉਨ੍ਹਾਂ ਮੰਨਿਆ ਕਿ ਅੱਜ ਦੇ ਸਮੇਂ ਸਭ ਤੋਂ ਇਮਾਨਦਾਰ, ਜ਼ਿੰਮੇਵਾਰ ਅਤੇ ਹਰਮਨਪਿਆਰੀ ਸਿਆਸਤ ਅਰਵਿੰਦ ਕੇਜਰੀਵਾਲ ਦੀ ਹੀ ਹੈ।

ਉਹਨਾ ਕਿਹਾ ਕਿ ਸੀ ਬੀ ਆਈ ਅਤੇ ਈ ਡੀ ਰਾਹੀਂ ਮੋਦੀ ਸਰਕਾਰ ਇੱਕ ਸਾਲ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਅਸਲ ਵਿੱਚ ਕੋਈ ਵੀ ਸ਼ਰਾਬ ਘੁਟਾਲਾ ਹੋਇਆ ਹੀ ਨਹੀਂ, ਇਸੇ ਕਰਕੇ ਇਹ ਏਜੰਸੀਆਂ ਕੋਈ ਸਬੂਤ ਜਾਂ ਗਵਾਹ ਲੱਭਣ ਵਿੱਚ ਅਸਫਲ ਰਹੀਆਂ ਹਨ। ਪਹਿਲਾਂ ਉਨ੍ਹਾਂ ਰਾਜੇਸ਼ ਜੋਸ਼ੀ ਅਤੇ ਮਨੀਸ਼ ਮਲਹੋਤਰਾ ਨੂੰ ਗ੍ਰਿਫਤਾਰ ਕੀਤਾ। ਫਿਰ ਉਨ੍ਹਾਂ ਪੰਜ ਹੋਰ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਝੂਠ ਬੋਲਣ ਲਈ ਤਸੀਹੇ ਦਿੱਤੇ ਅਤੇ ਕੁੱਟਮਾਰ ਕੀਤੀ। ਉਨ੍ਹਾਂ ਗੋਆ ਵਿੱਚ 20 ਤੋਂ ਵੱਧ ਵਿਕਰੇਤਾਵਾਂ ਤੋਂ ਪੁੱਛਗਿੱਛ ਕੀਤੀ, ਪਰ ਫਿਰ ਵੀ ਕੁਝ ਨਹੀਂ ਮਿਲਿਆ, ਕਿਉਂਕਿ ਕੋਈ ਘਪਲਾ ਹੈ ਹੀ ਨਹੀਂ। ਕੰਗ ਨੇ ਕਿਹਾ ਕਿ ਸੀ ਬੀ ਆਈ ਅਤੇ ਈ ਡੀ ਨੂੰ ਪ੍ਰਧਾਨ ਮੰਤਰੀ ਦਫਤਰ ਦੁਆਰਾ ਨਿਰਦੇਸ਼ਤ ਕੀਤਾ ਜਾਂਦਾ ਹੈ, ਪਰ ਉਹ ਇੱਕ ਵਾਰ ਫਿਰ ਕ੍ਰਾਂਤੀਕਾਰੀ ਆਮ ਆਦਮੀ ਪਾਰਟੀ ਅਤੇ ਅਰਵਿੰਦ ਕੇਜਰੀਵਾਲ ਨੂੰ ਰੋਕਣ ਦੇ ਆਪਣੇ ਏਜੰਡੇ ਵਿੱਚ ਅਸਫਲ ਰਹੇ ਹਨ। ਸਿਰਫ ਕੇਜਰੀਵਾਲ ਹੀ ਪਰਵਾਰਵਾਦ ਦੀ ਰਾਜਨੀਤੀ ਅਤੇ ਭਾਜਪਾ ਦੀ ਤਾਨਾਸ਼ਾਹੀ ਵਿਰੁੱਧ ਆਵਾਜ਼ ਉਠਾਉਂਦੇ ਹਨ, ਇਸ ਲਈ ਭਾਜਪਾ ਨੇ ਏਜੰਸੀਆਂ ਅਤੇ ਝੂਠੇ ਕੇਸਾਂ ਰਾਹੀਂ ਉਨ੍ਹਾ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ, ਪਰ ਲੋਕ ਹੁਣ ਭਾਜਪਾ ਦੇ ਕੂੜ ਪ੍ਰਚਾਰ ਤੋਂ ਜਾਣੂ ਹੋ ਚੁੱਕੇ ਹਨ ਅਤੇ ਉਹ ਸਿਰਫ 'ਆਪ' ਵਰਗੀ ਲੋਕ-ਪੱਖੀ ਪਾਰਟੀ ਦਾ ਹੀ ਸਮਰਥਨ ਕਰਨਗੇ।

## ਅੱਜ-ਨਾਮਾ

ਧੜਕਨ ਲੀਡਰਾਂ ਦੀ ਵਧ ਗਈ ਹੋਊ ਚੋਖੀ,
ਜਿਹੜੇ ਜਿਹੜੇ ਹਨ ਚੋਣ ਵਿੱਚ ਖੜ੍ਹੇ ਬੇਲੀ।
ਮਹੀਨਾ ਲੱਗਾ ਪਿਆ ਚੋਣ ਦੀ ਕਥਾ ਕਰਦੇ,
ਸਿਖਰਲਾ ਤਾਣ ਲਾ ਕੇ ਉਹ ਨੇ ਲੜੇ ਬੇਲੀ।
ਜਾਵਣਾ ਪਿਆ ਸੀ ਉਨ੍ਹਾਂ ਵੀ ਘਰਾਂ ਤੀਕਰ,
ਕਦੇ ਕਲੋਨੀ ਵੀ ਜਿਹੜੀ ਨਹੀਂ ਵੜੇ ਬੇਲੀ।
ਮਿਲ ਗਿਆ ਫਤਵਾ ਤੇ ਹੋਣੀਆਂ ਪੌ ਬਾਰਾਂ,
ਵਰਨਾ ਰਹਿਣੇ ਆ ਘਰਾਂ ਵਿੱਚ ਤੜੇ ਬੇਲੀ।
ਜਦ ਤੱਕ ਤੇਰਾਂ ਦੀ ਨਹੀਂ ਤਰੀਕ ਆਉਂਦੀ,
ਹਾਰਨ-ਜਿੱਤਣ ਦੀ ਆਈ ਨਾ ਖਬਰ ਬੇਲੀ।
ਗਿਣਤੀਆਂ ਕਰਨਗੇ ਸੁਫਨਿਆਂ ਵਿੱਚ ਸਾਰੇ,
ਲੱਗਾ ਆਉਣ ਨਹੀਂ ਦਿਲਾਂ ਨੂੰ ਸਬਰ ਬੇਲੀ।

-ਤੀਸ ਮਾਰ ਖਾਂ

# ਸੀ ਪੀ ਆਈ ਵੱਲੋਂ ਜਨ-ਸੰਪਰਕ ਮੁਹਿੰਮ ਤਹਿਤ ਮੋਟਰਸਾਈਕਲ ਮਾਰਚ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**



ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਦੇਸ਼ ਵਿਆਪੀ ਜਨ ਸੰਪਰਕ ਮੁਹਿੰਮ ਤਹਿਤ ਸਬ-ਡਵੀਜ਼ਨ ਪਾਤੜਾਂ ਦੇ ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਕੱਢਿਆ ਗਿਆ। ਸੀ ਪੀ ਆਈ ਦੇ ਬਲਾਕ ਸਕੱਤਰ ਰਾਮ ਚੰਦ ਚੁਨਾਗਰਾ ਦੀ ਅਗਵਾਈ ਵਿਚ ਪਿੰਡ ਦੁਗਾਲ ਤੋਂ ਸ਼ੁਰੂ ਹੋਇਆ ਮਾਰਚ ਪਿੰਡ ਦਫਤਰੀਵਾਲਾ ਧੂਹੜ, ਬ੍ਰਾਹਮਣ ਮਾਜਰਾ, ਦੇਧਨਾਂ, ਘੱਗਾ ਪਾਤੜਾਂ, ਚੁਨਾਗਰਾ, ਹਰਿਆਊ ਖੁਰਦ ਹਰਿਆਊ ਕਲਾਂ, ਖਾਨੇਵਾਲ, ਖਾਂਗ, ਮੌਲਵੀਵਾਲਾ, ਨੂਰਪੁਰਾ, ਗੁਲਾਹੜ, ਜੋਗੇਵਾਲਾ, ਨਾਈਵਾਲਾ ਹੁੰਦਾ ਹੋਇਆ ਸ਼ੁਤਰਾਣਾ ਵਿਖੇ ਸਮਾਪਤ ਹੋਇਆ। ਇਸ ਦੌਰਾਨ ਜਗ੍ਹਾ-ਜਗ੍ਹਾ ਮੀਟਿੰਗਾਂ ਕਰਕੇ ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਦਿਆਂ ਆਰਥਕ ਨੀਤੀਆਂ ਵਿਰੁੱਧ ਸੁਚੇਤ ਹੋਣ ਦੀ ਅਪੀਲ ਕੀਤੀ ਗਈ।

ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਸੂਬਾ ਕੌਂਸਲ ਮੈਂਬਰ ਕੁਲਵੰਤ ਸਿੰਘ ਮੌਲਵੀਵਾਲਾ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦਾ ਹੱਥ ਠੋਕਾ ਬਣੀ ਹੋਈ ਹੈ ਅਤੇ ਪਿਛਲੇ 9 ਸਾਲਾਂ ਦੇ ਕਾਰਜਕਾਲ ਦੌਰਾਨ ਸਰਕਾਰ ਨੇ ਆਮ ਲੋਕਾਂ ਦੀ ਭਲਾਈ ਲਈ ਕਦਮ ਚੁੱਕਣ ਦੀ ਬਜਾਏ ਕੁਝ ਪੂੰਜੀਪਤੀ ਘਰਾਣਿਆਂ ਦਾ ਫਾਇਦਾ ਕਰਨ ਦੀਆਂ ਨੀਤੀਆਂ ਤਿਆਰ ਕੀਤੀਆਂ ਹਨ।

ਲੋਕਾਂ ਦੇ ਖਾਤਿਆਂ ਵਿੱਚ ਪੰਦਰਾਂ-ਪੰਦਰਾਂ ਲੱਖ ਰੁਪਏ ਹੋਣ ਦੇ ਦਾਅਵੇ ਕਰਨ ਵਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਲੋਕ ਨੋਟਬੰਦੀ ਦੌਰਾਨ ਪੈਸੇ-ਪੈਸੇ ਨੂੰ ਤਰਸੇ। ਬੈਂਕਾਂ ਅੱਗੇ ਲੱਗੀਆਂ ਲੰਮੀਆਂ ਲਾਈਨਾਂ ਵਿੱਚ ਲੋਕਾਂ ਨੂੰ ਆਪਣੀਆਂ ਜਾਨਾਂ ਤੱਕ ਗੁਆਉਣੀਆਂ ਪਈਆਂ। ਕਿਸਾਨ ਅੰਦੋਲਨ ਨੂੰ ਚੇਤੇ ਕਰਦਿਆਂ ਉਨ੍ਹਾਂ ਕਿਹਾ ਕਿ ਹੈ ਕੋਰੋਨਾ ਕਾਲ ਦੌਰਾਨ ਜਦੋਂ ਦੁਨੀਆ ਭਰ ਵਿੱਚ ਲੋਕ ਮਰ ਰਹੇ ਸਨ, ਉਸ ਸਮੇਂ ਵੀ ਸਰਕਾਰ ਦੀ ਛਤਰ ਛਾਇਆ ਹੇਠ ਅਡਾਨੀਆਂ, ਅੰਬਾਨੀਆਂ ਦੀ ਨਜ਼ਰ ਖੇਤੀ ਸੈਕਟਰ ਨੂੰ ਹੜੱਪਣ 'ਤੇ ਲੱਗੀ ਹੋਈ ਸੀ। ਪੰਜਾਬ ਦੀ ਭਗਵੰਤ ਮਾਨ ਸਰਕਾਰ ਤੇ ਵਰ੍ਹਦਿਆਂ ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਪਾਰਟੀ ਚੋਣਾਂ ਤੋਂ ਪਹਿਲਾਂ ਸਭ ਕੁਝ ਲੋਕਾਂ ਦੇ ਹੱਥ ਦੇਣ ਦੇ ਦਾਅਵੇ ਕਰਦੀ ਸੀ, ਪਰ ਹਕੀਕਤ ਵਿੱਚ ਇਹ ਵੀ ਕੇਂਦਰ ਦੀਆਂ ਲੋਕ-ਮਾਰੂ ਨੀਤੀਆਂ ਦੀ ਹਿੱਸੇਦਾਰ ਬਣੀ ਹੋਈ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਜੀਤ ਸਿੰਘ ਦੁਗਾਲ, ਕੁਲਦੀਪ ਸਿੰਘ ਗਲੋਲੀ, ਜਸਵਿੰਦਰ ਸਿੰਘ ਖੇੜੀ, ਅਮਰਜੀਤ ਸਿੰਘ ਦੁਗਾਲ ਅਤੇ ਜਸਵੰਤ ਸਿੰਘ ਮੌਲਵੀਵਾਲਾ ਆਦਿ ਹਾਜ਼ਰ ਸਨ।

## ਲਾਰੈਂਸ ਸਕੂਲ 'ਚ ਮਨਾਇਆ ਵਰਲਡ ਰੈੱਡ ਕਰਾਸ ਡੇਅ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਰਲਡ ਰੈਡ ਕਰਾਸ ਡੇਅ ਉਤੇ ਵਿਦਿਆਰਥੀਆਂ ਨੇ ਫਸਟ ਏਡ ਬਾਕਸਾਂ ਪ੍ਰਤੀਯੋਗਤਾ ਵਿੱਚ ਹਿੱਸਾ ਲਿਆ। ਇਸ ਵਿੱਚ ਉਨ੍ਹਾਂ ਬਹੁਤ ਹੀ ਸੁੰਦਰ ਚਾਰਟ, ਸਲੋਗਨ, ਫਸਟ ਏਡ ਬਾਕਸ ਤੇ ਪੇਂਟਿੰਗਜ਼ ਬਣਾਈਆਂ। ਪ੍ਰਿੰਸੀਪਲ ਮਨੋਜ ਅਤੇ ਮੈਡਮ ਜ਼ੀਨਮ ਗਰਗ ਨੇ ਬੱਚਿਆਂ ਨੂੰ ਮੁੱਢਲੀ ਸਹਾਇਤਾ ਬਾਰੇ ਦੱਸਿਆ। ਉਨ੍ਹਾਂ ਨੇ ਬੱਚਿਆਂ ਨੂੰ ਪ੍ਰੈਕਟੀਕਲ ਤੌਰ 'ਤੇ ਦੱਸਿਆ ਕਿ ਕਿਸ ਪ੍ਰਕਾਰ ਸੱਟ ਲੱਗਣ, ਜ਼ਖਮੀ ਹੋਣ 'ਤੇ ਡਿੱਗਣ 'ਤੇ ਅਸੀਂ ਘਰ ਵਿੱਚ ਹੀ ਮਰੀਜ਼ ਨੂੰ ਮੁੱਢਲੀ ਸਹਾਇਤਾ ਸਹਾਇਤਾ ਦੇ ਸਕਦੇ ਹਾਂ। ਚੇਅਰਮੈਨ ਤਰਸੇਮ ਲਾਲ ਗਰਗ ਨੇ ਦੱਸਿਆ ਕਿ ਫਸਟ ਏਡ ਬਾਕਸ ਵਿਚ ਹਰ ਤਰ੍ਹਾਂ ਦੀ ਜ਼ਰੂਰੀ ਚੀਜ਼ ਉਪਲਬਧ ਹੋਣੀ ਚਾਹੀਦੀ ਹੈ। ਸਕੂਲ ਵਿਚ ਇਸ ਮੌਕੇ ਸਪੈਸ਼ਲ ਅਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਦਿਆਰਥੀਆਂ ਨੂੰ ਭਾਰਤੀ ਰੈਡ ਕਰਾਸ ਸੰਸਥਾ ਦੇ ਵਿਸ਼ੇ ਵਿੱਚ ਜਾਣਕਾਰੀ ਦਿੱਤੀ ਗਈ।

## ਬਲੌਜ਼ਮਜ਼ ਕਾਨਵੈਂਟ ਸਕੂਲ 'ਚ ਨਰਸਰੀ ਜਮਾਤ ਦੀ ਫਰੂਟ ਡੇਅ ਗਤੀਵਿਧੀ



**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਬੱਚਿਆਂ ਦੇ ਸਰਵਪੱਖੀ ਵਿਕਾਸ ਦਾ ਧਿਆਨ ਉਨ੍ਹਾਂ ਦੇ ਸ਼ੁਰੂਆਤੀ ਦਿਨਾਂ ਤੋਂ ਰੱਖਣਾ ਆਰੰਭ ਕਰ ਦਿੱਤਾ ਜਾਂਦਾ ਹੈ। ਹਮੇਸ਼ਾ ਇਹੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਹ ਆਪਣੇ ਤੁਰਨ ਦੇ ਕਦਮਾਂ ਤੋਂ ਵੀ ਕੁਝ ਸਿੱਖਦੇ ਰਹਿਣ। ਇਸ ਤਰ੍ਹਾਂ ਅੱਜ ਉਨ੍ਹਾਂ ਲਈ ਫਰੂਟ ਡੇਅ ਗਤੀਵਿਧੀ ਕਰਾਈ ਗਈ, ਜਿਸ ਵਿੱਚ ਉਹ ਆਪਣੇ ਘਰ ਤੋਂ ਅਲੱਗ-ਅਲੱਗ ਤਰ੍ਹਾਂ ਦੇ ਫ਼ਲ ਲੈ ਕੇ ਆਏ ਤੇ ਉਨ੍ਹਾਂ ਨੇ ਇਨ੍ਹਾਂ ਦੇ ਰੰਗਾਂ ਨੂੰ ਪਛਾਨਣਾ ਸਿੱਖਿਆ ਤੇ ਅਧਿਆਪਕਾਂ ਦੇ ਗਤੀਵਿਧੀ ਅਧੀਨ ਸਹੀ ਫ਼ਲ ਦੀ ਪਛਾਣ ਕਰਨੀ ਸਿੱਖੀ। ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਕਿਹਾ ਕਿ ਅਸੀਂ ਆਪਣੇ ਵਿਦਿਆਰਥੀਆਂ ਨੂੰ ਜੇਕਰ ਉੱਚੀਆਂ ਮੰਜ਼ਲਾਂ ਵਜੋਂ ਸਥਾਪਤ ਕਰਨਾ ਹੈ ਤਾਂ ਉਨ੍ਹਾਂ ਦੀਆਂ ਨੀਹਾਂ ਦੀ ਮਜ਼ਬੂਤੀ ਹੋਣਾ ਜ਼ਰੂਰੀ ਹੈ ਤਾਂ ਹੀ ਅਸੀਂ ਸ਼ੁਰੂ ਤੋਂ ਹਰ ਪੱਖ 'ਤੇ ਧਿਆਨ ਦਿੰਦੇ ਹਾਂ ਤੇ ਉਨ੍ਹਾਂ 'ਤੇ ਪੂਰਾ ਉਤਰਨ ਲਈ ਹਰ ਸੰਭਵ ਯਤਨ ਕਰਦੇ ਹਾਂ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਅਜਮੇਰ ਸਿੰਘ ਰੱਤੀਆ ਤੇ ਸਤਵੀਰ ਸਿੰਘ ਸੇਖੋਂ ਨੇ ਵੀ ਇਸ ਤਰ੍ਹਾਂ ਦੀ ਗਤੀਵਿਧੀ ਦੀ ਸ਼ਲਾਘਾ ਕੀਤੀ।

## ਪੇਂਡੂ ਡਾਕਟਰਾਂ ਦੀ ਹੋਈ ਮਹੀਨਾਵਾਰ ਮੀਟਿੰਗ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਗੁਰਮੇਲ ਸਿੰਘ ਘਈ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿਚ ਸਾਥੀਆਂ ਨੇ ਭਾਗ ਲਿਆ। ਮੀਟਿੰਗ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੇ ਅਕਾਲ ਚਲਾਣੇ ਤੇ ਜੰਮੂ ਕਸ਼ਮੀਰ ਵਿੱਚ ਸ਼ਹੀਦ ਹੋਏ ਫੌਜੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ ਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਤਿੰਨ ਦਿਨ ਫ੍ਰੀ ਮੈਡੀਕਲ ਕੈਂਪ ਲਾਇਆ ਗਿਆ ਸੀ, ਜਿਸ ਵਿੱਚ ਬਲਾਕ ਪ੍ਰਧਾਨ ਵੱਲੋਂ ਸਭ ਸਾਥੀਆਂ ਨੇ ਤਨੋਂ, ਮਨੋਂ, ਧਨੋਂ ਕੀਤੀ ਗਈ ਸੇਵਾ ਦੀ ਸ਼ਲਾਘਾ ਕੀਤੀ ਗਈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਰਾਮਾ ਸਰਕਲ ਪ੍ਰਧਾਨ ਸੁਖਵਿੰਦਰ ਸਿੰਘ ਮਾਨ ਵਾਲਾ, ਦਿਹਾਤੀ ਪ੍ਰਧਾਨ ਜਸਵੀਰ ਸਿੰਘ ਕੋਟਬਖਤੂ, ਸਿੰਗੋ ਸਰਕਲ ਪ੍ਰਧਾਨ ਭਰਪੂਰ ਸਿੰਘ ਸੀਂਗੋ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਨਛੱਤਰ ਸਿੰਘ ਨੇਥੇਹਾ, ਗੁਲਾਬ ਸਿੰਘ ਫੁਲੋਖਾਰੀ, ਬਲਵੰਤ ਸਿੰਘ ਕਣਕਵਾਲ, ਕੈਸ਼ੀਅਰ ਬਿੱਕਰ ਸਿੰਘ ਧਿੰਗੜ, ਮਨਜੀਤ ਸਿੰਘ ਧਿੰਗੜ, ਗਗੜ ਸਿੰਘ ਗਹਿਲੇਵਾਲ, ਜਗਰੂਪ ਸਿੰਘ ਗੋਲੇਵਾਲਾ, ਜਗਦੀਸ਼ ਸਿੰਘ ਭੱਟੀ, ਜਗਸੀਰ ਸਿੰਘ, ਸੁਭਾਸ਼ ਚੰਦਰ ਸਿੰਗੋ, ਜਗਸੀਰ ਸਿੰਘ ਰਾਮਸਰਾ, ਗੁਰਲਾਲ ਸਿੰਘ ਬਹੀਮਣ, ਜਸਵੰਤ ਸਿੰਘ ਸਿੰਗੋ ਵਿਜੇ ਕੁਮਾਰ, ਰਾਜੇਸ਼ ਕੁਮਾਰ, ਰਾਮਾ ਮੰਡੀ, ਅੰਮ੍ਰਿਤਪਾਲ ਸਿੰਘ ਤਲਵੰਡੀ ਸਾਬੋ, ਗੁਰਪ੍ਰੀਤ ਸਿੰਘ ਬੱਲ ਆਦਿ ਹਾਜ਼ਰ ਸਨ।

## ਬਾਬਾ ਮੱਲਣ ਸ਼ਾਹ ਰੋਡ ਬਣਨ 'ਤੇ ਡਾ. ਹਰਜੋਤ ਕਮਲ ਦਾ ਕੀਤਾ ਧੰਨਵਾਦ



**ਮੋਗਾ (ਅਮਰਜੀਤ ਬੱਬਰੀ)**

ਦਰਗਾਹ ਪੀਰ ਬਾਬਾ ਮੱਲਣ ਸ਼ਾਹ ਜੀ ਨੂੰ ਜਾਂਦੇ ਰਾਸਤੇ ਤੇ ਸੜਕ ਬਣਾਉਣ ਵਾਸਤੇ ਡਾ. ਹਰਜੋਤ ਕਮਲ ਸਾਬਕਾ ਵਿਧਾਇਕ ਦਾ ਸਮੂਹ ਸੇਵਾਦਾਰਾਂ ਤੇ ਮੁਹੱਲਾ ਵਾਸੀਆਂ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਡਾ. ਹਰਜੋਤ ਕਮਲ ਨੇ ਬਾਬਾ ਜੀ ਦੀ ਦਰਗਾਹ ਤੇ ਮੱਥਾ ਟੇਕਿਆ ਅਤੇ ਆਸ਼ੀਰਵਾਦ ਲਿਆ। ਇਸ ਮੌਕੇ ਦਰਗਾਹ ਦੇ ਸੇਵਾਦਾਰਾਂ ਅਤੇ ਮੁਹੱਲਾ ਵਾਸੀਆਂ ਨੇ ਦੱਸਿਆ ਕਿ ਇਹ ਸੜਕ ਜੋ ਡਾ. ਹਰਜੋਤ ਕਮਲ ਵੱਲੋਂ ਉਨ੍ਹਾਂ ਦੇ ਕਾਰਜਕਾਲ ਦੌਰਾਨ ਪਾਸ ਕਰਾਈ ਸੀ, ਅੱਜ ਦਰਗਾਹ ਨੂੰ ਜਾਂਦੇ ਰਸਤੇ 'ਤੇ ਸੜਕ ਬਣਨ ਦਾ ਕੰਮ ਸ਼ੁਰੂ ਹੋ ਗਿਆ ਹੈ, ਜਿਸ ਵਾਸਤੇ ਉਨ੍ਹਾਂ ਨੇ ਡਾ. ਹਰਜੋਤ ਕਮਲ ਨੂੰ ਸਨਮਾਨਤ ਕੀਤਾ ਅਤੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਡਾ. ਹਰਜੋਤ ਕਮਲ ਨੇ ਕਿਹਾ ਕਿ ਉਹ ਮੋਗਾ ਵਾਸੀਆਂ ਦੇ ਹਰ ਸੁੱਖ-ਦੁੱਖ ਵਿੱਚ ਉਹ ਪਹਿਲਾਂ ਦੀ ਤਰ੍ਹਾਂ ਹਮੇਸ਼ਾ ਖੜ੍ਹੇ ਰਹਿਣਗੇ ਅਤੇ ਲੋਕਾਂ ਦੇ ਕੰਮਾਂ ਕਾਜਾਂ ਤੋਂ ਕਦੇ ਵੀ ਪਿੱਛੇ ਨਹੀਂ ਹਟਣਗੇ। ਉਨ੍ਹਾਂ ਕਿਹਾ ਕਿ ਇਹ ਸੜਕ ਉਨ੍ਹਾਂ ਦੇ ਕਾਰਜਕਾਲ ਵਿੱਚ ਪਾਸ ਹੋਈ ਸੀ, ਪਰ ਚੋਣ ਜ਼ਾਬਤਾ ਲੱਗਣ ਕਾਰਨ ਕੰਮ ਵਿੱਚ ਹੀ ਰੁਕ ਗਏ ਸਨ। ਡਾ. ਹਰਜੋਤ ਕਮਲ ਨੇ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਹੀ ਲੋਕਾਂ ਦੀ ਭਲਾਈ ਲਈ ਕੰਮ ਕੀਤੇ ਹਨ ਅਤੇ ਭਵਿੱਖ ਵਿੱਚ ਜੇਕਰ ਲੋਕ ਉਨ੍ਹਾਂ ਨੂੰ ਜਿਤਾਉਣਗੇ ਤਾਂ ਮੋਗਾ ਦੇ ਵਿਕਾਸ ਲਈ ਵੱਡੇ ਪੱਧਰ ਕੰਮ ਕਰਦੇ ਰਹਿਣਗੇ। ਇਸ ਮੌਕੇ ਦਰਗਾਹ ਪੀਰ ਬਾਬਾ ਮੱਲਣ ਸ਼ਾਹ ਦੇ ਮੁੱਖ ਸੇਵਾਦਾਰ, ਕਰਮਜੀਤ ਬੱਬੀ, ਕਰਨ ਧਾਲੀਵਾਲ, ਇਕਬਾਲ ਸਿੰਘ ਕਾਲਾ, ਨਿਰਮਲ ਸਿੰਘ, ਤੀਰਥ ਸਿੰਘ, ਸੋਨਾ ਸਿੰਘ, ਸਾਰਜ ਸਿੰਘ ਸੇਵਾਦਾਰ, ਸਾਧੂ ਸਿੰਘ ਖਾਲਸਾ ਤੇ ਮੁਹੱਲਾ ਵਾਸੀਵੀ ਹਾਜ਼ਰ ਸਨ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਗੋਲੇਵਾਲਾ 'ਚ ਨਵੀਂ ਸਟੂਡੈਂਟ ਕਾਊਂਸਲ ਦਾ ਗਠਨ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਗੋਲੇਵਾਲਾ ਵਿਖੇ ਵਿੱਦਿਅਕ ਵਰ੍ਹੇ 2023-24 ਲਈ ਨਵੀਂ ਸਟੂਡੈਂਟ ਕਾਊਂਸਲ ਦਾ ਗਠਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਸਕੂਲ ਹੈਡ ਬੁਆਏ, ਹੈਡ ਗਰਲ ਅਤੇ ਵੱਖ-ਵੱਖ ਹਾਊਸਿਸ ਵਿੱਚ ਵੰਡ ਕੇ ਉਨ੍ਹਾਂ ਨੂੰ ਜ਼ਿੰਮੇਵਾਰੀ ਦਾ ਅਹਿਦ ਦਾ ਦਿਵਾਇਆ ਗਿਆ। ਦਸਵੀਂ ਜਮਾਤ ਦੇ ਵਿਦਿਆਰਥੀ ਗੁਰਜੀਵਨ ਸਿੰਘ ਨੇ ਹੈੱਡ ਬੁਆਏ ਤੇ ਸਿਮਰਨਪ੍ਰੀਤ ਕੌਰ ਨੇ ਹੈਡ ਗਰਲ ਵਜੋਂ ਹਲਫ਼ ਲਿਆ। ਸਕੂਲ ਦੇ ਪ੍ਰਿੰਸੀਪਲ ਕੁਲਦੀਪ ਸਿੰਘ ਨੇ ਨਵੇਂ ਚੁਣੀ ਕਾਰਜਕਾਰਨੀ ਨੂੰ ਸਹੁੰ ਚੁਕਾਈ ਤੇ ਉਨ੍ਹਾਂ ਨੂੰ ਹਮੇਸ਼ਾ ਮਦਦਗਾਰ ਹੋਣ ਲਈ ਕਿਹਾ ਅਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਅਧਿਆਪਕਾਂ ਅਤੇ ਸਕੂਲ ਮੁਖੀ ਨਾਲ ਸਮੇਂ ਸਿਰ ਚਰਚਾ ਕਰਨ ਲਈ ਕਿਹਾ। ਸੰਸਥਾ ਦੇ ਚੇਅਰਮੈਨ ਗੁਰਚਰਨ ਸਿੰਘ, ਡਾਇਰੈਕਟਰ ਮੈਡਮ ਕਿਰਨਜੋਤ ਕੌਰ ਤੇ ਮੈਨੇਜਰ ਗੁਰਮੀਤ ਸਿੰਘ ਨੇ ਸਾਰੇ ਹਾਊਸ ਦੇ ਕੈਪਟਨਾਂ, ਵਾਈਸ ਕੈਪਟਨਾਂ ਅਤੇ ਹੋਰ ਮੈਂਬਰਾਂ ਨੂੰ ਬੈਜ ਲਾ ਕੇ ਉਨ੍ਹਾਂ ਨੂੰ ਜ਼ਿੰਮੇਵਾਰੀ ਦਿੱਤੀ ਤੇ ਪੂਰੀ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਤ ਕੀਤਾ। ਇਸ ਮੌਕੇ ਸਾਰੇ ਵਿਦਿਆਰਥੀ ਅਤੇ ਸਟਾਫ਼ ਮੈਂਬਰ ਹਾਜ਼ਰ ਸਨ।

## 6 ਰੋਜ਼ਾ ਨਰਸਿੰਗ ਡੇਅ ਦੀ ਰਸਮੀ ਸ਼ੁਰੂਆਤ



**ਕੋਟਕਪੂਰਾ (ਰਛਪਾਲ ਭੁੱਲਰ)**-ਬਾਬਾ ਫ਼ਰੀਦ ਕਾਲਜ ਆਫ਼ ਨਰਸਿੰਗ ਵਿਖੇ ਚੱਲਣ ਵਾਲੇ 6 ਰੋਜ਼ਾ ਨਰਸਿਜ ਦਿਵਸ ਸੈਲੀਬਰੇਸ਼ਨਜ ਦੀ ਰਸਮੀ ਤੌਰ 'ਤੇ ਸ਼ੁਰੂਆਤ ਕੀਤੀ ਗਈ। ਕਾਲਜ ਦੇ ਪ੍ਰਬੰਧਕ ਅਫਸਰ ਹਰਪ੍ਰੀਤ ਸਿੰਘ ਢਿੱਲੋਂ ਮੁਤਾਬਕ ਹਰ ਸਾਲ ਇਹਨਾਂ ਦਿਨਾਂ 'ਚ ਵੱਖ-ਵੱਖ ਮੁਕਾਬਲੇ ਕਰਾਏ ਜਾਂਦੇ ਹਨ, ਜਿਸ ਵਿੱਚ ਕਾਲਜ ਦੇ ਸਮੂਹ ਵਿਦਿਆਰਥੀ ਬੜੀ ਦਿਲਚਸਪੀ ਨਾਲ ਹਿੱਸਾ ਲੈਂਦੇ ਹਨ, ਦੋ ਦਿਨਾਂ 'ਚ ਹੁਣ ਤੱਕ ਲੇਖ, ਕਵਿਤਾ ਅਤੇ ਭਾਸ਼ਣ ਮੁਕਾਬਲਿਆਂ 'ਚ ਵਿਦਿਆਰਥੀ ਭਾਗ ਲੈ ਚੁੱਕੇ ਹਨ। ਜਦਕਿ ਅਗਾਮੀ ਦਿਨਾਂ 'ਚ ਹੋਣ ਵਾਲੇ ਮੁਕਾਬਲਿਆਂ ਜਿਵੇਂ ਕੁਇਜ ਮੁਕਾਬਲਾ, ਪੋਸਟਰ ਮੇਕਿੰਗ, ਰੰਗੋਲੀ ਮੁਕਾਬਲਾ, ਸਕਿੱਟ ਆਦਿਕ ਮੁਕਾਬਲੇ ਹੋਣਗੇ। ਡਿਪਟੀ ਡਾਇਰੈਕਟਰ ਡਾ. ਪ੍ਰੀਤਮ ਸਿੰਘ ਛੋਕਰ ਨੇ ਦੱਸਿਆ ਕਿ 12 ਮਈ ਨੂੰ ਉਕਤ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਦਿੱਤੇ ਜਾਣਗੇ ਅਤੇ ਕਾਲਜ 'ਚ ਖ਼ੂਨਦਾਨ ਕੈਂਪ ਵੀ ਲਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਅੰਤਰਰਾਸ਼ਟਰੀ ਨਰਸ ਦਿਵਸ ਹਰ ਸਾਲ ਦੁਨੀਆ ਭਰ 'ਚ 12 ਮਈ ਨੂੰ ਫਲੋਰੈਂਸ ਨਾਈਟਿੰਗੇਲ ਦੇ ਜਨਮ ਦੀ ਵਰ੍ਹੇਗੰਢ ਮੌਕੇ ਮਨਾਇਆ ਜਾਂਦਾ ਹੈ। ਐੱਮ.ਡੀ. ਡਾ. ਮਨਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਇੰਟਰਨੈਸ਼ਨਲ ਕੌਂਸਲ ਆਫ ਨਰਸਿਜ ਹਰ ਸਾਲ ਅੰਤਰਰਾਸ਼ਟਰੀ ਨਰਸ ਦਿਵਸ ਦੇ ਸਰੋਤਾਂ ਅਤੇ ਸਬੂਤਾਂ ਦੇ ਉਤਪਾਦਨ ਅਤੇ ਵੰਡ ਨਾਲ ਇਸ ਮਹੱਤਵਪੂਰਨ ਦਿਨ ਨੂੰ ਮਨਾਉਂਦਾ ਹੈ, 2023 ਸਾਲ ਲਈ ਇਸ ਕੌਂਸਲ ਦਾ ਥੀਮ 'ਸਾਡੀਆਂ ਨਰਸਾਂ' ਹਨ। 'ਸਾਡੀਆਂ ਨਰਸਾਂ-ਸਾਡਾ ਭਵਿੱਖ' ਇੱਕ ਵਿਸ਼ਵਵਿਆਪੀ ਮੁਹਿੰਮ ਹੋਵੇਗੀ, ਜੋ ਇਹ ਨਿਰਧਾਰਤ ਕਰਦੀ ਹੈ ਕਿ ਅਸੀਂ ਵਿਸ਼ਵਵਿਆਪੀ ਸਿਹਤ ਚੁਣੌਤੀਆਂ ਨੂੰ ਹੱਲ ਕਰਨ ਅਤੇ ਸਾਰਿਆਂ ਲਈ ਵਿਸ਼ਵਵਿਆਪੀ ਸਿਹਤ ਵਿੱਚ ਸੁਧਾਰ ਕਰਨ ਲਈ ਭਵਿੱਖ 'ਚ ਨਰਸਿੰਗ ਲਈ ਕੀ ਚਾਹੁੰਦੇ ਹਾਂ।

# 'ਭਾਜਪਾ ਹਰਾਓ, ਦੇਸ਼ ਬਚਾਓ' ਦੇ ਨਾਅਰੇ ਨਾਲ ਸ਼ਹਿਣਾ 'ਚ ਵਿਸ਼ਾਲ ਮਾਰਚ



**ਬਰਨਾਲਾ** : ਪਿੰਡ ਸ਼ਹਿਣਾ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਰੈਲੀ ਕੀਤੀ ਗਈ। ਇਸ ਦੀ ਅਗਵਾਈ ਜ਼ਿਲ੍ਹਾ ਸਕੱਤਰ ਖ਼ੁਸ਼ੀਆ ਸਿੰਘ ਅਤੇ ਐਕਟਿੰਗ ਸੂਬਾ ਸਕੱਤਰ ਸੀ ਪੀ ਆਈ ਨਿਰਮਲ ਸਿੰਘ ਧਾਲੀਵਾਲ ਵੱਲੋਂ ਕੀਤੀ ਗਈ। ਸ਼ਹਿਣਾ ਬਲਾਕ ਵਿੱਚ ਵੱਖ-ਵੱਖ ਪਿੰਡਾਂ ਤੋਂ ਪਾਰਟੀ ਵਰਕਰ ਹਾਜ਼ਰ ਹੋਏ। ਧਰਨੇ ਵਾਲੀ ਥਾਂ ਤੋਂ ਲੈ ਕੇ ਬਜ਼ਾਰ ਤੱਕ ਮਾਰਚ ਕੀਤਾ ਗਿਆ। ਧਾਲੀਵਾਲ ਨੇ ਸੰਬੋਧਨ ਕਰਦਿਆਂ ਆਖਿਆ ਕਿ ਭਾਜਪਾ ਹਰਾਓ, ਦੇਸ਼ ਬਚਾਓ, ਲੋਕ ਬਚਾਓ। 2014 'ਚ ਮੋਦੀ ਸੱਤਾ ਵਿੱਚ ਕਾਬਜ਼ ਹੋ ਕੇ 9 ਸਾਲਾਂ ਦੇ ਸਮੇਂ ਵਿਚ ਆਪਣਾ ਫਿਰਕੂ ਏਜੰਡਾ ਲਾਗੂ ਕਰਦਿਆਂ ਦੇਸ਼ ਨੂੰ ਬਰਬਾਦੀ ਦੇ ਕੰਢੇ 'ਤੇ ਖੜ੍ਹਾ ਕਰ ਦਿੱਤਾ। ਹਰ ਸਾਲ 2 ਕਰੋੜ ਨੌਕਰੀਆਂ, 15 ਲੱਖ ਹਰੇਕ ਦੇ ਖਾਤੇ ਵਿੱਚ ਪਵੇਗਾ, ਬਾਹਰੋਂ ਕਾਲਾ ਧਨ ਲਿਆਵਾਂਗੇ, ਉਹ ਕਿਥੇ ਹੈ। ਕਿਰਤ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ। 44 ਕੋਡਾਂ ਨੂੰ ਬੰਦ ਕਰਕੇ 4 ਕੋਡਾਂ ਵਿੱਚ ਕਰ ਦਿੱਤਾ, ਜਿਸ ਨਾਲ ਕਿਰਤੀਆਂ ਦੀ ਲੁੱਟ ਕਰਨ ਦੀ ਖੁੱਲ੍ਹ ਦੇ ਦਿੱਤੀ। ਅੱਜ ਕਾਰਖਾਨਿਆਂ ਵਿਚ 12-12 ਘੰਟਿਆਂ ਤੱਕ ਕੰਮ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ ਹੈ, ਜਿਸ ਨੂੰ ਕੋਈ ਪੁੱਛਣ ਵਾਲਾ ਨਹੀਂ ਹੈ। ਮੋਦੀ ਸਰਕਾਰ ਕਿਰਤੀ ਲੋਕਾਂ ਦੀ ਪਸੀਨੇ ਦੀ ਕਮਾਈ ਨਾਲ ਬਣੇ ਪਬਲਿਕ ਸੈਕਟਰ ਨੂੰ ਰਾਕੇਟ ਦੀ ਗਤੀ ਨਾਲ ਖਤਮ ਕਰਕੇ ਅਡਾਨੀਆਂ ਤੇ ਅੰਬਾਨੀਆਂ ਦੇ ਹਵਾਲੇ ਕਰ ਰਹੀ ਹੈ। ਖ਼ੁਸ਼ੀਆ ਸਿੰਘ ਜ਼ਿਲ੍ਹਾ ਸਕੱਤਰ ਨੇ ਆਖਿਆ ਕਿ ਆਪ ਦੀ ਸਰਕਾਰ ਸ਼ਹਿਣਾ ਪਿੰਡ ਨੂੰ ਨਗਰ ਪੰਚਾਇਤ ਬਣਾਉਣਾ ਚਾਹੁੰਦੀ ਹੈ। ਇਸ ਪਿੰਡ ਵਿੱਚ ਮਨਰੇਗਾ ਦੇ ਜਾਬ ਕਾਰਡ 1100 ਦੇ ਲਗਭਗ ਹਨ, ਜਿਨ੍ਹਾਂ ਨੂੰ ਆਏ ਸਾਲ ਸਾਢੇ ਤਿੰਨ ਕਰੋੜ ਦਾ ਕੰਮ ਮਿਲਦਾ ਹੈ, ਨਗਰ ਪੰਚਾਇਤ ਬਣਨ ਨਾਲ ਉਹ ਖਤਮ ਹੋ ਜਾਣਗੇ। ਜਿਹੜੇ ਲੋਕ ਇਸ ਪਿੰਡ ਵਿੱਚ ਰਹਿੰਦੇ ਹਨ, ਉਹਨਾਂ ਨੂੰ ਹਰ ਸਾਲ ਆਪਣੇ ਘਰ ਦਾ ਪ੍ਰਾਪਰਟੀ ਟੈਕਸ ਭਰਨਾ ਪਵੇਗਾ। ਨਰੇਗਾ ਮਜ਼ਦੂਰਾਂ ਨੂੰ ਕੇਂਦਰ ਸਰਕਾਰ ਵੱਲੋਂ 303 ਰੁਪਏ ਪ੍ਰਤੀ ਦਿਨ ਮਿਲਦੇ ਹਨ, ਜਿਸ ਵਿਚ ਰਾਜ ਸਰਕਾਰ ਵੱਲੋਂ 31 ਰੁਪਏ ਪਾਉਣੇ ਹੁੰਦੇ ਹਨ, ਜੋ ਕਿ ਹੁਣ ਤੱਕ ਪੰਜੀ ਵੀ ਨਹੀਂ ਪਾਈ ਗਈ। ਉਹਨਾ ਸਰਕਾਰ ਤੋਂ ਮੰਗ ਰੱਖਦੇ ਹੋਏ ਕਿਹਾ ਕਿ ਮਜ਼ਦੂਰ ਦੀ 700 ਰੁਪਏ ਦਿਹਾੜੀ ਕੀਤੀ ਜਾਵੇ।

ਧਰਨੇ ਨੂੰ ਜੁਗਰਾਜ ਸਿੰਘ ਰਾਮਾ, ਨਛੱਤਰ ਸਿੰਘ, ਜਮੀਲਾ ਬੇਗਮ ਸ਼ਹਿਣਾ, ਮਾਣੇ ਮੌੜ ਨਾਭਾ, ਗੁਰਮੇਲ ਸਿੰਘ ਉਗੋਕੇ, ਪੱਪੂ ਸ਼ਹਿਣਾ, ਟੇਕ ਸਿੰਘ, ਪ੍ਰੀਤਮ ਸਿੰਘ ਛੰਨਾ, ਗੁਰਜੀਤ ਕੌਰ ਨਿੰਮ ਵਾਲੇ ਕੋਠੇ ਆਦਿ ਨੇ ਸੰਬੋਧਨ ਕੀਤਾ।

## ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਮੁਕੱਦਮੇ 'ਚ ਮਜੀਠੀਆ ਨੂੰ ਨਾਮਜ਼ਦ ਨਾ ਕਰਨ ਦੀ ਨਿੰਦਾ

**ਜਲੰਧਰ** : ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੰਘਰਸ਼ ਸਦਕਾ ਜਲੰਧਰ ਦਿਹਾਤੀ ਪੁਲਸ ਵਲੋਂ ਬੀਤੇ ਦਿਨੀਂ ਪਿੰਡ ਦਿਆਲਪੁਰ ਵਿਖੇ ਵੋਟਾਂ ਮੰਗਣ ਗਏ ਅਕਾਲੀ ਦਲ ਬਾਦਲ ਦੇ ਆਗੂ ਅਤੇ ਸਾਬਕਾ ਵਜ਼ੀਰ ਬਿਕਰਮ ਸਿੰਘ ਮਜੀਠੀਆ ਵੱਲੋਂ ਕਥਿਤ ਤੌਰ 'ਤੇ ਅੱਪਸ਼ਬਦ ਬੋਲਣ ਤੇ ਉਸ ਦੀ ਸ਼ਹਿ ਉੱਤੇ ਦਲਿਤ ਨੌਜਵਾਨ ਲੜਕੀ ਅਤੇ ਔਰਤਾਂ ਨਾਲ ਵਧੀਕੀ ਕਰਨ ਦੇ ਵਾਪਰੇ ਮਾਮਲੇ ਵਿੱਚ ਥਾਣਾ ਕਰਤਾਰਪੁਰ ਵਿਖੇ ਭਾਵੇਂ ਐੱਸ ਸੀ, ਐੱਸ ਟੀ ਐਕਟ ਦੀ ਧਾਰਾ 3, 4 ਅਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਯੂਨੀਅਨ ਦੀ ਸੂਬਾ ਕਮੇਟੀ ਨੇ ਪੁਲਸ ਵਲੋਂ ਜਾਣਬੁੱਝ ਕੇ ਅਤੇ ਸਿਆਸੀ ਦਬਾਅ ਹੇਠ ਮਜੀਠੀਆ ਨੂੰ ਨਾਮਜ਼ਦ ਨਾ ਕਰਨ ਦੀ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁਗਸ਼ੋਰ ਨੇ ਕਿਹਾ ਕਿ ਘਟਨਾ ਮੌਕੇ ਮਜੀਠੀਆ ਨੂੰ ਜ਼ਮੀਨੀ ਸਵਾਲ ਕਰਨ ਵੇਲੇ ਉਸ ਨੇ ਜਵਾਬ ਦੇਣ ਦੀ ਥਾਂ ਇਸ਼ਾਰਾ ਕਰਕੇ ਉਕਸਾਹਟ ਪੈਦਾ ਕੀਤੀ। ਇਸ ਦੇ ਬਾਅਦ ਸਵਾਲ ਕਰਨ ਵਾਲੀਆਂ ਦਲਿਤ ਮਜ਼ਦੂਰ ਆਗੂਆਂ, ਕਾਰਕੁਨਾਂ ਨਾਲ ਉਸ ਦੇ ਲੱਠਮਾਰਾਂ ਨੇ ਹੱਥੋਪਾਈ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਜੇਕਰ ਮਜੀਠੀਆ ਦੀ ਮਨਸ਼ਾ ਠੀਕ ਹੁੰਦੀ ਤਾਂ ਉਸ ਦੀਆਂ ਅੱਖਾਂ ਸਾਹਮਣੇ ਹੋ ਰਹੀ ਵਧੀਕੀ ਨੂੰ ਉਹ ਰੋਕ ਸਕਦਾ ਸੀ। ਉਨ੍ਹਾਂ ਕਿਹਾ ਕਿ ਦਰਜ ਮੁਕੱਦਮੇ ਵਿੱਚ ਬਿਕਰਮ ਸਿੰਘ ਮਜੀਠੀਆ ਨੂੰ ਤੁਰੰਤ ਨਾਮਜ਼ਦ ਕਰਕੇ ਧੱਕੇਸਾਹੀ ਕਰਨ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਜਾਵੇ, ਨਹੀਂ ਤਾਂ ਯੂਨੀਅਨ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਉਹਨਾ ਕਿਹਾ ਕਿ ਮਜੀਠੀਆ, ਰਾਜਦੀਪ ਸਿੰਘ ਤੇ ਹੋਰਨਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

## ਮਜ਼ਬੀ ਸਿੱਖ ਬਾਲਮੀਕ ਮੁਲਾਜ਼ਮ ਮਜ਼ਦੂਰ ਏਕਤਾ ਫਰੰਟ ਦੀ ਮੀਟਿੰਗ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਗੰਗੋਹਰ ਵਿਖੇ ਮਜ਼ਬੀ ਸਿੱਖ, ਬਾਲਮੀਕ ਮੁਲਾਜ਼ਮ, ਮਜ਼ਦੂਰ ਏਕਤਾ ਫਰੰਟ ਪੰਜਾਬ ਦੀ ਮੀਟਿੰਗ ਕੀਤੀ ਗਈ। ਇਸ ਮੌਕੇ ਬੋਲਦਿਆਂ ਆਗੂਆਂ ਨੇ ਕਿਹਾ ਕਿ ਜਥੇਬੰਦੀ ਦੇ ਜਥੇਬੰਦਕ ਢਾਂਚੇ ਦਾ ਜਲਦ ਹੀ ਵਿਸਥਾਰ ਕੀਤਾ ਜਾਵੇਗਾ, ਜਿਸ ਵਿੱਚ ਸਾਫ ਸੁਥਰੇ ਅਕਸ ਵਾਲੇ ਵਰਕਰਾਂ ਨੂੰ ਅੱਗੇ ਲਿਆ ਕੇ ਜ਼ਿੰਮੇਵਾਰੀ ਸੌਂਪੀ ਜਾਵੇਗੀ। ਆਗੂਆਂ ਨੇ ਕਿਹਾ ਕਿ ਜਾਲ੍ਹੀ ਕਾਗਜ਼ਾਤ ਤਿਆਰ ਕਰਕੇ ਵੱਖ ਵੱਖ ਵਿਭਾਗਾਂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਨੌਕਰੀਆਂ ਲੈਣ ਵਾਲਿਆਂ 'ਤੇ ਜਥੇਬੰਦੀ ਵੱਲੋਂ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਛੇਤੀ ਹੀ ਇਸ ਨੂੰ ਜੱਗ ਜ਼ਾਹਰ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਸਾਡੇ ਸਮਾਜ ਨਾਲ ਰਾਖਵੇਂਕਰਨ ਦੇ ਸੰਬੰਧ ਵਿੱਚ ਲੰਮੇ ਸਮੇਂ ਬੇਇਨਸਾਫ਼ੀ ਹੁੰਦੀ ਆ ਰਹੀ ਹੈ, ਪ੍ਰੰਤੂ ਜਥੇਬੰਦੀ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਇਸ ਤਰ੍ਹਾਂ ਦੀਆਂ ਮੀਟਿੰਗਾਂ ਕਰਕੇ ਸਮਾਜ ਨੂੰ ਰਾਖਵੇਂਕਰਨ ਸਬੰਧੀ ਜਾਣੂ ਕਰਵਾਇਆ ਜਾਵੇਗਾ ਤਾਂ ਜੋ ਭਵਿੱਖ ਵਿੱਚ ਸਾਡੇ ਸਮਾਜ ਦੇ ਰਾਖਵਾਂਕਰਨ ਹਿੱਸੇ 'ਤੇ ਕੋਈ ਡਾਕਾ ਨਾ ਮਾਰ ਸਕੇ। ਇਸ ਮੌਕੇ ਬਲਜੀਤ ਸਿੰਘ, ਸੰਸਾਰ ਸਿੰਘ, ਹਰਬੰਸ ਸਿੰਘ ਨੀਲੋਂ, ਲਖਵੀਰ ਸਿੰਘ ਕੋਚ, ਜਰਨੈਲ ਸਿੰਘ ਸਹੋਤਾ, ਅਮਨਦੀਪ ਸਿੰਘ, ਅਸੀਸ ਕੁਮਾਰ, ਨਛੱਤਰ ਸਿੰਘ, ਬਿੱਕੀ ਸਿੰਘ, ਲਖਵੀਰ ਸਿੰਘ, ਅਮਨਦੀਪ ਸਿੰਘ, ਦਿਲਬਰ ਸਿੰਘ, ਨਾਇਬ ਸਿੰਘ, ਧਰਮਿੰਦਰ ਸਿੰਘ, ਪਾਲ ਸਿੰਘ, ਇੰਦਰ ਸਿੰਘ, ਬਲਜਿੰਦਰ ਸਿੰਘ, ਬਲਜੀਤ ਸਿੰਘ, ਜਗਪਾਲ ਸਿੰਘ, ਸ਼ਿੰਗਾਰਾ ਸਿੰਘ, ਬਲਕਾਰ ਸਿੰਘ ਆਦਿ ਹਾਜ਼ਰ ਸਨ।

# ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਵੱਲੋਂ ਬੁੱਧ ਪੂਰਨਿਮਾ ਮੌਕੇ ਸਮਾਗਮ



**ਜਲੰਧਰ (ਨਵਾਂ ਜ਼ਮਾਨਾ ਸਰਵਿਸ)**

ਜਲੰਧਰ ਛਾਉਣੀ ਨਾਲ ਲਗਦੇ ਸੋਫੀ ਪਿੰਡ ਦੇ ਬੁੱਧ ਵਿਹਾਰ ਵਿੱਚ ਬੁੱਧ ਪੂਰਨਿਮਾ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਈ ਗਈ। ਬੁੱਧ ਵਿਹਾਰ ਟਰਸਟ ਸੋਫੀ ਪਿੰਡ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਇਲਾਕੇ ਦੀਆਂ ਸੰਗਤਾਂ ਹੁੰਮ-ਹੁਮਾ ਕੇ ਬੁੱਧ ਵਿਹਾਰ ਵਿੱਚ ਪਹੁੰਚੀਆਂ, ਜਿੱਥੇ ਸਾਰਿਆਂ ਨੇ ਮਿਲ ਕੇ ਬੁੱਧ ਵੰਦਨਾ, ਤਰੀਸ਼ਰਣ ਤੇ ਪੰਚਸ਼ੀਲ ਦੇ ਪਾਠ ਪੜ੍ਹੇ ਅਤੇ ਬੁੱਧ ਦੀ ਤਸਵੀਰ ਅੱਗੇ ਮੋਮਬੱਤੀਆਂ ਜਲਾ ਕੇ ਬੁੱਧ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਤੋਂ ਪਹਿਲਾਂ ਪੰਚਸ਼ੀਲ ਦਾ ਝੰਡਾ ਲਹਿਰਾਇਆ ਗਿਆ। ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ ਨੇ ਤੱਥਾਗਤ ਬੁੱਧ ਦੇ ਜੀਵਨ ਫਲਸਫੇ ਉਪਰ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਤੱਥਾਗਤ ਬੁੱਧ ਦਾ ਜਨਮ, ਗਿਆਨ ਪ੍ਰਾਪਤ ਤੇ ਮਹਾਨਿਰਵਾਣ ਇੱਕ ਹੀ ਦਿਨ ਹੋਇਆ ਸੀ, ਜਿਸ ਨੂੰ ਬੁੱਧ ਪੂਰਨਿਮਾ ਤੇ ਬੈਸਾਕ ਡੇ ਤੌਰ 'ਤੇ ਪੂਰੇ ਵਿਸ਼ਵ ਵਿੱਚ ਬੜੇ ਧੂਮ-ਧਾਮ ਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਸ਼੍ਰੀ ਰੂਪ ਲਾਲ ਪ੍ਰਧਾਨ ਬੁੱਧ ਵਿਹਾਰ ਟਰਸਟ ਸੋਫੀ ਪਿੰਡ ਨੇ ਕਿਹਾ ਕਿ ਤੱਥਾਗਤ ਬੁੱਧ ਨੇ ਸ਼ਾਂਤੀ ਦਾ ਸੰਦੇਸ਼ ਦਿੱਤਾ ਤੇ ਅਜ਼ਾਦੀ, ਬਰਾਬਰੀ ਤੇ ਭਾਈਚਾਰਕ ਸਾਂਝ ਸਥਾਪਤ ਕਰਨ ਲਈ ਕਿਹਾ। ਇਨ੍ਹਾਂ ਤੋਂ ਇਲਾਵਾ ਇਸ ਮੌਕੇ ਗੁਰਮੀਤ ਲਾਲ ਸਾਂਪਲਾ, ਚਮਨ ਦਾਸ ਸਾਂਪਲਾ, ਜਗਦੀਸ਼ ਰਾਣਾ, ਸੋਡੀ ਲਾਲ ਬੋਧੀ, ਪਰਮਜੀਤ ਜੱਸਲ, ਸ਼੍ਰੀਮਤੀ ਸੰਤੋਸ਼ ਕੁਮਾਰੀ, ਸੋਫੀਆ, ਵਰੁਣ ਕੁਮਾਰ, ਸਿਧਾਰਥ, ਮੰਨਤ ਤੇ ਬੇਬੀ ਵੀਰਾਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤਾ। ਇਸ ਮੌਕੇ ਸੋਹਨ ਲਾਲ ਸਾਂਪਲਾ ਪ੍ਰਧਾਨ ਅੰਬੇਡਕਰ ਮਿਸ਼ਨ ਸੁਸਾਇਟੀ (ਯੂਰਪ) ਜਰਮਨੀ ਵੱਲੋਂ ਇੱਕ ਸਿਲਾਈ ਮਸ਼ੀਨ ਲੜਕੀ ਸ਼ਬਨਮ ਨੂੰ ਭੇਟ ਕੀਤੀ। ਇਸ ਪ੍ਰੋਗਰਾਮ ਦੀ ਖੁਸ਼ੀ ਵਿੱਚ ਰਾਹੁਲ ਸਾਂਪਲਾ ਅਸਟਰੇਲੀਆ, ਪ੍ਰੀਤੀ ਤੇ ਡਾਕਟਰ ਅਜੇ ਕੁਮਾਰ ਰਲ ਨਿਊਜ਼ੀਲੈਂਡ ਵੱਲੋਂ 5-5 ਹਜ਼ਾਰ ਰੁਪਏ ਬੁੱਧ ਵਿਹਾਰ ਸੋਫੀ ਪਿੰਡ ਨੂੰ ਦਾਨ ਕੀਤੇ। ਇਸ ਮੌਕੇ ਖੀਰ ਦਾ ਪ੍ਰਸ਼ਾਦ ਤੇ ਚਾਹ ਪਕੌੜੇ ਦਾ ਲੰਗਰ ਚਲਾਇਆ ਗਿਆ, ਜਿਸ ਦੀ ਸੇਵਾ ਸ਼੍ਰੀਮਤੀ ਕਾਂਤਾ ਕੁਮਾਰੀ ਤੇ ਸ਼੍ਰੀ ਰਾਕੇਸ਼ ਕੁਮਾਰ ਸਾਂਪਲਾ ਵੱਲੋਂ ਕੀਤੀ ਗਈ। ਇਸ ਮੌਕੇ ਮਾਸਟਰ ਰਾਮ ਲਾਲ, ਲੈਂਬਰ ਚੰਦ, ਪਰਮਜੀਤ ਸਿਮਰ, ਤੁਲਸੀ ਦਾਸ, ਜੋਗਿੰਦਰ ਪਾਲ, ਗੌਤਮ ਸਾਂਪਲਾ, ਨਾਰੇਸ਼ ਕੁਮਾਰ, ਡਾ. ਕੇਸਰ, ਡਾ. ਗੁਰਪਾਲ ਚੌਹਾਨ, ਡਾ. ਸੁਖਵਿੰਦਰ ਕੁਮਾਰ ਸੁੱਖੀ, ਪਰਵੀਨ ਬੰਗਾ, ਹਰਜਿੰਦਰ ਬੰਗਾ, ਮੰਗਤ ਰਾਮ ਲੰਬਰਦਾਰ, ਮਨਜੀਤ ਸਿੰਘ, ਜਸਵਿੰਦਰ ਬਲ, ਪ੍ਰਿੰਸੀਪਲ ਪਰਮਜੀਤ, ਸ਼੍ਰੀਮਤੀ ਕਮਲੇਸ਼, ਰਾਜਵਿੰਦਰ ਕੌਰ, ਕੋਮਲ, ਕਾਂਤਾ ਕੁਮਾਰੀ ਟੀਚਰ, ਸ਼੍ਰੀਮਤੀ ਮਨਜੀਤ ਕੌਰ, ਰੇਸ਼ਮ ਕੌਰ, ਸ਼ਕੁੰਤਲਾ, ਸਿਮਰ ਕੌਰ, ਕੁਲਵੰਤ ਕੌਰ। ਸੁਖਵਿੰਦਰ ਕੌਰ ਹੈਪੀ, ਸ਼੍ਰੀਮਤੀ ਸੱਤਿਆ ਤੇ ਹੋਰ ਬਹੁਤ ਸਾਰੇ ਸ਼ਰਧਾਲੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਬਾਸਮਤੀ ਦੀ ਫ਼ਸਲ ਨੂੰ ਉਤਸ਼ਾਹਤ ਕਰਨ ਲਈ ਕੈਂਪ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਮੁੱਖ ਖੇਤੀਬਾੜੀ ਅਫ਼ਸਰ ਫ਼ਿਰੋਜ਼ਪੁਰ ਡਾ. ਤੇਜਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਲਾਕ ਖੇਤੀਬਾੜੀ ਅਫ਼ਸਰ ਗੁਰੂਹਰਸਹਾਏ ਡਾ. ਜਸਵਿੰਦਰ ਸਿੰਘ ਦੀ ਅਗਵਾਈ 'ਚ ਪਿੰਡ ਕੋਹਰ ਸਿੰਘ ਵਾਲਾ ਵਿਖੇ ਬਾਸਮਤੀ ਦੀ ਫ਼ਸਲ ਨੂੰ ਉਤਸ਼ਾਹਤ ਕਰਨ ਲਈ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਡਾ. ਅਮਨਦੀਪ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਨੇ ਕਿਸਾਨਾਂ ਨੂੰ ਬਾਸਮਤੀ ਦੀਆਂ ਨਵੀਆਂ ਕਿਸਮਾਂ, ਹਰੀ ਖਾਦ ਦੇ ਉਪਯੋਗ ਤੋਂ ਇਲਾਵਾ ਕਣਕ ਦੇ ਨਾੜ ਨੂੰ ਸਾੜਨ ਨਾਲ ਹੋਣ ਵਾਲੇ ਦੁਸ਼ਪ੍ਰਭਾਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਕਿਸਾਨਾਂ ਨੂੰ ਬਾਸਮਤੀ ਤੋਂ ਪਹਿਲਾਂ ਤੀਜੀ ਫ਼ਸਲ ਜਿਵੇਂ ਕਿ ਮੂੰਗੀ ਜਾਂ ਮੱਕੀ ਦੀ ਕਾਸ਼ਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਖੇਤੀਬਾੜੀ ਉਪ ਨਿਰੀਖਕ ਜਰਮਨਜੀਤ ਸਿੰਘ ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੀ ਜਾਂਚ ਪੜਤਾਲ ਸੰਬੰਧੀ ਜਾਣਕਾਰੀ ਦਿੰਦਿਆਂ ਖਾਦਾਂ ਦੀ ਸੁਚੱਜੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾ ਕਿਸਾਨਾਂ ਨੂੰ ਬੀਜ ਦੀ ਸੋਧ ਕਰਨ ਉਪਰੰਤ ਹੀ ਪਨੀਰੀ ਦੀ ਬਿਜਾਈ ਕਰਨ ਬਾਰੇ ਦੱਸਿਆ। ਏ.ਟੀ.ਐਮ. ਮਨਜੀਤ ਸਿੰਘ ਨੇ ਕਿਸਾਨਾਂ ਨੂੰ ਵਿਭਾਗ ਵਿੱਚ ਚੱਲ ਰਹੀਆਂ ਗਤੀਵਿਧੀਆਂ ਪੀ.ਐਮ. ਕਿਸਾਨ ਦੇ ਖਾਤੇ ਚਲਾਉਣ ਸੰਬੰਧੀ ਤੇ ਸਬਸਿਡੀ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਪਿੰਡ ਦੇ ਕਿਸਾਨਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਅਤੇ ਇਨ੍ਹਾਂ ਦੇ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਖੇਤੀਬਾੜੀ ਮਹਿਕਮੇ ਨਾਲ ਜੁੜ ਕੇ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਪਿੰਡ ਦੇ ਅਗਾਂਹਵਧੂ ਕਿਸਾਨ ਸਾਹਬ ਸਿੰਘ, ਦਲਜੀਤ ਸਿੰਘ, ਸੁਖਮੰਦਰ ਸਿੰਘ, ਗੁਰਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

# ਗਰਭਵਤੀ ਮਹਿਲਾਵਾਂ ਨੂੰ ਸੁਰੱਖਿਅਤ ਜਣੇਪੇ ਤੇ ਤੰਦਰੁਸਤ ਰਹਿਣ ਦੇ ਨੁਕਤੇ ਕੀਤੇ ਸਾਂਝੇ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਮਾਂ ਦੀ ਸਿਹਤ ਜੇਕਰ ਤੰਦਰੁਸਤ ਹੋਵੇਗੀ ਤਾਂ ਹੀ ਉਸ ਦਾ ਬੱਚਾ ਸਿਹਤ ਪੱਖੋਂ ਨਿਰੋਗ ਅਤੇ ਸਿਹਤਮੰਦ ਹੋਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਅਨੁਪਮ ਗਾਇਨੀਕਾਲੋਜਿਸਟ ਮਮਦੋਟ ਨੇ ਪਿੰਡ ਲੱਖਾ ਹਾਜੀ ਵਿਖੇ ਅੱਜ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰੀਤਵ ਅਭਿਆਨ ਤਹਿਤ ਗਰਭਵਤੀ ਮਹਿਲਾਵਾਂ ਨੂੰ ਸੁਰੱਖਿਅਤ ਜਣੇਪੇ ਤੇ ਤੰਦਰੁਸਤ ਰਹਿਣ ਦੇ ਨੁਕਤੇ ਸਾਂਝੇ ਕਰਦਿਆਂ ਕੀਤਾ। ਇਸ ਮੌਕੇ ਅੰਕੁਸ਼ ਭੰਡਾਰੀ ਬੀ ਈ ਈ, ਅਮਰਜੀਤ ਐਮ ਪੀ ਐਚ ਡਬਲਯੂ (ਮੇਲ), ਡਾ. ਅਸ਼ੋਕ ਕੁਮਾਰ ਸੀ ਐਚ ਓ, ਜੱਜਬੀਰ ਸਿੰਘ ਅਤੇ ਗਰਭਵਤੀ ਔਰਤਾਂ ਤੇ ਆਮ ਲੋਕ ਮੌਜੂਦ ਸਨ। ਡਾ. ਅਨੁਪਮ ਮਮਦੋਟ ਨੇ ਕਿਹਾ ਕਿ ਗਰਭਵਤੀ ਔਰਤ ਨੂੰ ਬੱਚੇ ਦੀ ਤੰਦਰੁਸਤੀ ਲਈ ਜਿਥੇ ਆਪਣੀ ਸਿਹਤ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ, ਉਥੇ ਬੱਚੇ ਦੇ ਜਨਮ ਤੋਂ ਛੇ ਮਹੀਨੇ ਤੱਕ ਅਪਣੇ ਦੁੱਧ ਨਾਲ ਪਾਲਣ ਕਰਨਾ ਚਾਹੀਦਾ ਹੈ, ਜੋ ਬੱਚੇ ਲਈ ਅੰਮ੍ਰਿਤ ਵਾਂਗ ਸਾਬਤ ਹੁੰਦਾ ਹੈ। ਉਨ੍ਹਾ ਕਿਹਾ ਕਿ ਗਰਭਵਤੀ ਮਹਿਲਾਵਾਂ ਲਈ ਸਿਹਤ ਵਿਭਾਗ ਵੱਲੋਂ ਜੇ ਐਸ ਐਸ ਕੇ, ਜੇ ਐਸ ਵਾਈ ਸਮੇਤ ਕਈ ਸਿਹਤਪੱਖੀ ਸਕੀਮਾਂ ਚਲਾਈਆਂ ਗਈਆਂ ਹਨ ਜਿਸ ਤਹਿਤ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਇਲਾਜ ਤੇ ਜਣੇਪੇ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਡਾ. ਅਨੁਪਮ ਅਤੇ ਅੰਕੁਸ਼ ਭੰਡਾਰੀ ਬੀ ਈ ਈ ਨੇ ਕਿਹਾ ਕਿ ਸਿਵਲ ਹਸਪਤਾਲਾਂ ਵਿੱਚ ਗਰਭਵਤੀ ਔਰਤ ਨੂੰ ਜਿਥੇ ਸੂਬਾ ਸਰਕਾਰ ਵੱਲੋਂ 108 ਨੰਬਰ ਐਬੂਲੈਂਸ ਰਾਹੀਂ ਲਿਆਉਣ ਤੇ ਲਿਜਾਣ ਦੀ ਸੁਵਿਧਾ ਹੈ, ਉਥੇ ਡਲੀਵਰੀ ਕੇਸ ਵੀ ਮੁਫਤ ਵਿਚ ਕਰਨ ਦੇ ਨਾਲ-ਨਾਲ ਰਹਿਣ-ਸਹਿਣ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲਾਂ ਵਿੱਚ ਡਲੀਵਰੀ ਕਰਵਾਉਣ ਵਾਲੀ ਔਰਤ ਦਾ ਮਾਹਰ ਡਾਕਟਰਾਂ ਤੋਂ ਇਲਾਜ ਕਰਵਾ ਕੇ ਮੁਫ਼ਤ ਦਵਾਈਆਂ ਤੇ ਖਾਣਾ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ ਜੋ ਪਰਵਾਰ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਹੋਵੇ। ਉਨ੍ਹਾਂ ਦੱਸਿਆ ਕਿ ਸਰਕਾਰੀ ਹਸਪਤਾਲ 'ਚ 0 ਤੋਂ 1 ਸਾਲ ਦੇ ਲੜਕੇ ਅਤੇ 0 ਤੋਂ 5 ਸਾਲ ਦੀਆਂ ਲੜਕੀਆਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਜਿਥੇ ਇਕ ਤੋਂ ਦੂਸਰੇ ਬੱਚੇ ਦੀ ਪਲਾਨਿੰਗ ਵਿਚ 3 ਸਾਲ ਦਾ ਫਰਕ ਹੋਣਾ ਚਾਹੀਦਾ ਹੈ, ਉਥੇ ਔਰਤ ਨੂੰ 20 ਤੋਂ 35 ਸਾਲ ਤੱਕ ਦੀ ਉਮਰ ਵਿੱਚ ਹੀ ਗਰਭਧਾਰਨ ਕਰਨਾ ਚਾਹੀਦਾ ਹੈ, ਜੋ ਬੱਚੇ ਤੇ ਮਾਂ ਲਈ ਸਹੀ ਸਿੱਧ ਹੁੰਦਾ ਹੈ।

ਇਸ ਮੌਕੇ ਜੱਜਬੀਰ ਸਿੰਘ ਮੇਲ ਵਰਕਰ, ਜਸਵਿੰਦਰ ਕੌਰ ਮੈਡਮ, ਸਰੋਜ ਬਾਲਾ ਮੈਡਮ, ਬਲਜੀਤ ਕੌਰ ਮੈਡਮ, ਲੱਛਮੀ ਬਾਈ ਆਸ਼ਾ ਫੈਸਲੀਟੇਟਰ, ਆਸ਼ਾ ਵਰਕਰ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਪਿੰਡ ਵਾਸੀਆਂ ਨੇ ਛੱਪੜ ਦੀ ਸਫ਼ਾਈ ਕਰਨ ਦੀ ਕੀਤੀ ਮੰਗ

**ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਚੰਨੂੰ ਪੱਛਮੀ ਵਿਖੇ ਪਿੰਡ ਦੇ ਛੱਪੜ ਦੀ ਨਿਕਾਸੀ ਨਹੀਂ ਹੋ ਰਹੀ ਅਤੇ ਸਾਰੇ ਪਿੰਡ ਦਾ ਗੰਦਾ ਸੀਵਰੇਜ ਵਾਲਾ ਪਾਣੀ ਪੈ ਰਿਹਾ ਹੈ, ਜਿਸ ਕਰਕੇ ਨੇੜਲੇ ਘਰਾਂ ਦੇ ਲੋਕ ਡਾਢੇ ਦੁਖੀ ਹਨ। ਪਿੰਡ ਵਾਸੀਆਂ ਨੇ ਦੱਸਿਆ ਕਿ ਉਹ ਇਸ ਸੰਬੰਧੀ ਪਿੰਡ ਦੇ ਸਰਪੰਚ ਕੋਲ ਵੀ ਬੇਨਤੀ ਕਰ ਚੁੱਕੇ ਹਨ, ਪ੍ਰੰਤੂ ਸਰਪੰਚ ਨੇ ਵੀ ਉਨ੍ਹਾਂ ਦੇ ਘਰਾਂ ਦੇ ਨੇੜਲੇ ਛੱਪੜ 'ਚੋਂ ਪਾਣੀ ਦੀ ਨਿਕਾਸੀ ਨਹੀਂ ਕਰਵਾਈ। ਉਨ੍ਹਾਂ ਦੱਸਿਆ ਕਿ ਕਾਫੀ ਸਾਲਾਂ ਤੋਂ ਇਸ ਛੱਪੜ ਦੀ ਸਫ਼ਾਈ ਨਾ ਹੋਣ ਕਰਕੇ ਅਤੇ ਨਿਕਾਸੀ ਨਾ ਹੋਣ ਕਰਕੇ ਇਹ ਛੱਪੜ ਨਰਕ ਦਾ ਰੂਪ ਧਾਰ ਚੁੱਕਾ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਛੱਪੜ ਦੀ ਸਫਾਈ ਜਲਦੀ ਤੋਂ ਜਲਦੀ ਹੋਵੇ ਤਾਂ ਜੋ ਉਹ ਸੁੱਖ ਦਾ ਸਾਹ ਲੈ ਸਕਣ। ਇਸ ਸੰਬੰਧੀ ਬੀ.ਡੀ.ਪੀ.ਓ. ਨੇ ਕਿਹਾ ਕਿ ਉਹ ਜਲਦੀ ਹੀ ਇਸ ਛੱਪੜ ਦਾ ਮਸਲਾ ਹੱਲ ਕਰਨ ਜਾ ਰਹੇ ਹਨ, ਕਿਉਂਕਿ ਇਸ ਦਾ ਪ੍ਰੋਜੈਕਟ ਤਿਆਰ ਹੈ ਅਤੇ ਮਨਰੇਗਾ ਤਹਿਤ ਥਾਪਰ ਮਾਡਲ ਅਧੀਨ 35-40 ਲੱਖ ਰੁਪਏ ਦੀ ਲਾਗਤ ਨਾਲ ਪਾਣੀ ਦੀ ਬਦਬੂ ਖਤਮ ਕੀਤੀ ਜਾ ਰਹੀ ਹੈ ਤੇ ਜੋ ਪਾਣੀ ਬਚੇਗਾ ਉਸ ਨੂੰ ਖੇਤੀ ਦੇ ਯੋਗ ਬਣਾਇਆ ਜਾ ਰਿਹਾ ਹੈ। ਅਧਿਕਾਰੀ ਨੇ ਦੱਸਿਆ ਕਿ ਲੰਬੀ ਹਲਕੇ 'ਚ 11 ਛੱਪੜ ਸਵੱਛ ਭਾਰਤ ਅਧੀਨ ਕੇਂਦਰ ਸਰਕਾਰ ਵੱਲੋਂ ਅਤੇ ਪੰਚਾਇਤਾਂ ਵੱਲੋਂ ਆਪਣਾ ਹਿੱਸਾ ਪਾ ਕੇ ਇਨ੍ਹਾਂ ਦੀ ਸਫਾਈ ਕੀਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਲੰਬੀ ਬਲਾਕ 'ਚ 15 ਛੱਪੜਾਂ ਨੂੰ ਥਾਪਰ ਮਾਡਲ ਅਧੀਨ ਜਲਦੀ ਲਿਆਂਦਾ ਜਾ ਰਿਹਾ ਹੈ।



ਛੱਪੜ ਦੀ ਸਫ਼ਾਈ ਨਾ ਹੋਣ ਬਾਰੇ ਜਾਣਕਾਰੀ ਦਿੰਦੇ ਹੋਏ ਪਿੰਡ ਵਾਸੀ।

# ਨਰੇਗਾ ਦੇ ਕੰਮ 'ਚ ਪਾਰਦਰਸ਼ਤਾ ਲਿਆਂਦੀ ਜਾਵੇਗੀ : ਲਵਜੀਤ ਸਿੰਘ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਜ਼ਿਲ੍ਹਾ ਫਿਰੋਜ਼ਪੁਰ ਦੇ ਬਲਾਕ ਮਮਦੋਟ ਵਿੱਚ ਨਰੇਗਾ ਮਜ਼ਦੂਰਾਂ ਰਾਹੀਂ ਕਰਵਾਏ ਜਾਂਦੇ ਕੰਮਾਂ ਵਿੱਚ ਪੂਰੀ ਤਰ੍ਹਾਂ ਪਾਰਦਰਸ਼ਤਾ ਲਿਆਂਦੀ ਜਾਵੇਗੀ ਤੇ ਇਸ ਗੱਲ ਨੂੰ ਵੀ ਯਕੀਨੀ ਬਣਾਇਆ ਜਾਵੇਗਾ ਕਿ ਨਰੇਗਾ ਮਜ਼ਦੂਰਾਂ ਨੂੰ ਉਨ੍ਹਾਂ ਦਾ ਮਿਹਨਤਾਨਾ ਸਮੇਂ-ਸਮੇਂ ਸਿਰ ਮਿਲਦਾ ਰਹੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਮਮਦੋਟ ਵਿਖੇ ਨਵ-ਨਿਯੁਕਤ ਨਰੇਗਾ ਜੇ ਈ ਲਵਜੀਤ ਸਿੰਘ ਨੇ ਬੀਡੀਪੀਓ ਦਫਤਰ ਮਮਦੋਟ ਵਿਖੇ ਜੁਆਇਨ ਕਰਨ ਉਪਰੰਤ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ ਤੇ ਸਰਕਾਰ ਵੱਲੋਂ ਜਾਰੀ ਪ੍ਰੋਟੋਕਾਲ ਤਹਿਤ ਹਰੇਕ ਨਰੇਗਾ ਮਜ਼ਦੂਰ ਨੂੰ ਉਸ ਦੇ ਹਿੱਸੇ ਦਾ ਕੰਮ ਦਿੱਤਾ ਜਾਵੇਗਾ। ਇਸ ਮੌਕੇ ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡੀਆ ਇੰਚਾਰਜ ਫਿਰੋਜ਼ਪੁਰ, ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਬਲਵਿੰਦਰ ਸਿੰਘ, ਸਰਬਜੀਤ ਸਿੰਘ ਬੀ ਡੀ ਪੀ ਓ ਮਮਦੋਟ, ਗੁਰਨਾਮ ਸਿੰਘ ਸਰਕਲ ਪ੍ਰਧਾਨ ਅਮਰੀਕ ਸਿੰਘ ਜੀਵਾਂ ਅਰਾਈ, ਕਾਮਰੇਡ ਹੰਸਾ ਸਿੰਘ ਪ੍ਰਧਾਨ ਬਾਰਡਰ ਸੰਗਰਸ਼ ਕਮੇਟੀ, ਹਰਵਿੰਦਰ ਸਿੰਘ ਸੋਨੂ ਏ ਪੀ ਓ, ਰਜਨੀ ਧਵਨ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਇਮਰਾਨ ਨੂੰ ਕਾਲਰੋਂ...

ਸੱਚ ਕਹਿ ਰਹੇ ਹਨ ਕਿ ਫੌਜੀ ਅਫਸਰ ਦੋ ਵਾਰ ਉਨ੍ਹਾ ਦੇ ਕਤਲ ਦੀ ਸਾਜ਼ਿਸ਼ ਰਚ ਚੁੱਕਾ ਹੈ। ਫੌਜ ਨੇ ਦੋਸ਼ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਇਸ ਦਾ ਖੰਡਨ ਕੀਤਾ ਸੀ। ਇਹ ਵੀ ਕਿਹਾ ਸੀ ਕਿ ਇਮਰਾਨ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

ਪੀ ਟੀ ਆਈ ਦੇ ਸਕੱਤਰ ਜਨਰਲ ਅਸਦ ਉਮਰ ਨੇ ਕਿਹਾ ਕਿ ਵਾਈਸ ਚੇਅਰਮੈਨ ਸ਼ਾਹ ਮਹਿਮੂਦ ਕੁਰੈਸ਼ੀ ਦੀ ਅਗਵਾਈ ਵਾਲੀ ਛੇ ਮੈਂਬਰੀ ਕਮੇਟੀ ਫੈਸਲਾ ਕਰੇਗੀ ਕਿ ਪਾਰਟੀ ਨੇ ਕੀ ਕਰਨਾ ਹੈ। ਉਮਰ ਨੇ ਕਿਹਾ—ਪਾਕਿਸਤਾਨ ਦੇ ਸਭ ਤੋਂ ਵੱਡੇ ਆਗੂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਸਾਰੀ ਦੁਨੀਆ ਦੇਖ ਰਹੀ ਹੈ ਕਿ ਦੇਸ਼ ਵਿਚ ਕਾਨੂੰਨ ਨਾਂਅ ਦੀ ਕੋਈ ਚੀਜ਼ ਨਹੀਂ। ਕੁਰੈਸ਼ੀ ਨੇ ਕਿਹਾ ਕਿ ਉਹ ਇਮਰਾਨ ਦੀ ਰਿਹਾਈ ਲਈ ਸਿਆਸੀ ਤੇ ਕਾਨੂੰਨੀ ਜੰਗ ਲੜਨਗੇ।

ਜਿਸ ਅਲ ਕਾਦਿਰ ਟਰੱਸਟ ਕੇਸ 'ਚ ਇਮਰਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਉਹ ਇਕ ਯੂਨੀਵਰਸਿਟੀ ਨਾਲ ਜੁੜਿਆ ਮਾਮਲਾ ਹੈ। ਇਮਰਾਨ ਨੇ ਪ੍ਰਧਾਨ ਮੰਤਰੀ ਹੁੰਦਿਆਂ 2019 'ਚ ਪੰਜਾਬ ਦੇ ਜੇਹਲਮ ਜ਼ਿਲ੍ਹੇ ਦੇ ਸੋਹਾਵਾ 'ਚ ਸੂਫੀਇਜ਼ਮ ਬਾਰੇ ਅਲ ਕਾਦਿਰ ਯੂਨੀਵਰਸਿਟੀ ਲਈ ਗੈਰਕਾਨੂੰਨੀ ਤੌਰ 'ਤੇ ਅਰਬਾਂ ਰੁਪਏ ਦੀ ਜ਼ਮੀਨ ਹਾਸਲ ਕੀਤੀ। ਪਾਕਿਸਤਾਨ ਦੇ ਸਭ ਤੋਂ ਅਮੀਰ ਮਲਿਕ ਰਿਆਜ਼ ਨੇ ਦੋਸ਼ ਲਾਇਆ ਸੀ ਕਿ ਇਮਰਾਨ ਤੇ ਉਨ੍ਹਾ ਦੀ ਪਤਨੀ ਬੁਸ਼ਰਾ ਬੀਬੀ ਨੇ ਉਨ੍ਹਾ ਨੂੰ ਗ੍ਰਿਫਤਾਰੀ ਦਾ ਡਰ ਦਿਖਾ ਕੇ ਅਰਬਾਂ ਰੁਪਏ ਦੀ ਜ਼ਮੀਨ ਆਪਣੇ ਨਾਂਅ ਕਰਵਾ ਲਈ। ਬਾਅਦ 'ਚ ਰਿਆਜ਼ ਤੇ ਉਨ੍ਹਾ ਦੀ ਬੇਟੀ ਦੀ ਗੱਲਬਾਤ ਦਾ ਆਡੀਓ ਲੀਕ ਹੋਇਆ ਸੀ, ਜਿਸ ਵਿਚ ਰਿਆਜ਼ ਦੀ ਬੇਟੀ ਕਹਿੰਦੀ ਹੈ ਕਿ ਬੁਸ਼ਰਾ ਲਗਾਤਾਰ ਪੰਜ ਕੈਰੇਟ ਦੀ ਹੀਰੇ ਦੀ ਅੰਗੂਠੀ ਮੰਗ ਰਹੀ ਹੈ। ਰਿਆਜ਼ ਕਹਿੰਦੇ ਹਨ ਕਿ ਜੇ ਸਾਡਾ ਕੰਮ ਕਰ ਦਿੰਦੀ ਹੈ ਤਾਂ ਪੰਜ ਕੈਰੇਟ ਦੀ ਅੰਗੂਠੀ ਦੇ ਦਿਓ। ਖਾਸ ਗੱਲ ਇਹ ਹੈ ਕਿ ਅਲ ਕਾਦਿਰ ਯੂਨੀਵਰਸਿਟੀ ਵਿਚ ਦੋ ਹੀ ਟਰੱਸਟੀ ਹਨ—ਇਮਰਾਨ ਤੇ ਬੁਸ਼ਰਾ। ਇਸ ਯੂਨੀਵਰਸਿਟੀ ਵਿਚ 6 ਸਾਲ 'ਚ ਸਿਰਫ 32 ਵਿਦਿਆਰਥੀ ਦਾਖਲ ਹੋਏ। ਇਮਰਾਨ 'ਤੇ ਕੁਲ ਮਿਲਾ ਕੇ 108 ਕੇਸ ਹਨ।

### ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ..

ਨਾਲ ਹੱਕ ਵਿੱਚ ਡਟੀ ਹੋਈ ਭਾਜਪਾ ਸਰਕਾਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਅਤੇ ਦੇਸ਼ ਦੀਆਂ ਸਤਿਕਾਰਯੋਗ ਔਰਤਾਂ ਤੋਂ ਮੁਆਫੀ ਮੰਗਣ। ਮੁਜ਼ਾਹਰਾਕਾਰੀਆਂ ਨੂੰ ਸੰਬੋਧਨ ਕਰਦਿਆਂ ਨਿਰਮਲ ਸਿੰਘ ਧਾਲੀਵਾਲ ਜਨਰਲ ਸਕੱਤਰ ਪੰਜਾਬ ਏਟਕ ਨੇ ਕਿਹਾ ਕਿ ਇਕ ਰਾਜ ਕਰਦੀ ਪਾਰਟੀ, ਜਿਹੜੀ ਕਿ ਹੈ ਵੀ ਭਾਜਪਾ ਦੇ ਰੂਪ ਵਿੱਚ ਸਿਰੇ ਦੀ ਤਾਨਾਸ਼ਾਹ, ਜੇਕਰ ਉਸ ਦੇ ਮੈਂਬਰ ਪਾਰਲੀਮੈਂਟ ਦੇ ਖਿਲਾਫ ਮਹਿਲਾ ਪਹਿਲਵਾਨ ਉਸ ਦੀਆਂ ਅੱਤ ਦੀਆਂ ਗਿਰਾਵਟ ਵਾਲੀਆਂ ਕੀਤੀਆਂ ਕਰਤੂਤਾਂ ਦੇ ਖਿਲਾਫ ਅੱਕ ਕੇ ਸੰਘਰਸ਼ ਦੇ ਰਾਹ ਪੈ ਕੇ ਇਨਸਾਫ ਦੀ ਮੰਗ ਰਹੀਆਂ ਹਨ ਤਾਂ ਫਿਰ ਕੋਈ ਵੀ ਮਾਨਵਤਾ ਅਤੇ ਸਮਾਜਕ ਸਰੋਕਾਰਾਂ ਵਾਲਾ ਵਿਅਕਤੀ ਜਾਂ ਪਾਰਟੀ ਸਮਝ ਸਕਦੀ ਹੈ ਕਿ ਮਾਮਲਾ ਕਿੰਨਾ ਗੰਭੀਰ ਹੈ, ਪਰ ਜਿਸ ਤਰ੍ਹਾਂ ਸਰਕਾਰ ਉਸ ਦੋਸ਼ੀ ਦਾ ਬਚਾਅ ਕਰਨ ਲੱਗੀ ਹੋਈ ਹੈ, ਉਸ ਤੋਂ ਹੋਰ ਸ਼ਰਮਨਾਕ ਕੀ ਹੋ ਸਕਦਾ ਹੈ। ਆਪਣੇ ਤਾਕਤਵਰ ਅਹੁਦਿਆਂ ਦੇ ਦਬਾਅ ਥੱਲੇ ਜੇ ਲੋਕ ਨੁਮਾਇੰਦੇ ਦੇ ਰੂਪ ਵਿੱਚ ਬ੍ਰਿਜ ਭੂਸ਼ਣ ਵਰਗਾ ਦਰਿੰਦਗੀ 'ਤੇ ਉਤਰ ਆਏ ਤਾਂ ਇਨਸਾਫਪਸੰਦ ਅਤੇ ਜ਼ੁਲਮ ਦੇ ਵਿਰੁੱਧ ਖੜੇ ਹੋਣ ਵਾਲੇ ਲੋਕ ਹੀ ਅਜਿਹੇ ਘਟੀਆ ਕਾਰਨਾਮਿਆਂ ਨੂੰ ਠੱਲ੍ਹ ਪਾ ਸਕਦੇ ਹਨ। ਇਸ ਰੋਹ ਭਰਪੂਰ ਮੁਜ਼ਾਹਰੇ ਵਿੱਚ ਕਾਫੀ ਗਿਣਤੀ ਵਿੱਚ ਔਰਤ ਮੁਲਾਜ਼ਮਾਂ ਨੇ ਹੱਥਾਂ ਵਿੱਚ ਤਖਤੀਆਂ ਲੈ ਕੇ ਸ਼ਮੂਲੀਅਤ ਕੀਤੀ। ਮੁਜ਼ਾਹਰਾਕਾਰੀਆਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਚਿਤਾਵਨੀ ਦਿੱਤੀ ਕਿ ਜਿਵੇਂ ਪਹਿਲਵਾਨਾਂ ਦਾ ਸੰਘਰਸ਼ ਦੇਸ਼ ਦੇ ਲੋਕਾਂ ਦਾ ਧਿਆਨ ਖਿੱਚ ਰਿਹਾ ਹੈ, ਇਹ ਘੋਲ ਵੀ ਕਿਸਾਨ ਸੰਘਰਸ਼ ਵਾਂਗ ਦੇਸ਼-ਵਿਆਪੀ ਬਣ ਜਾਵੇਗਾ ਅਤੇ ਸਾਡੀਆਂ ਜਥੇਬੰਦੀਆਂ ਇਸ ਸੰਘਰਸ਼ ਵਿੱਚ ਲੋੜੀਂਦਾ ਹਰ ਤਰ੍ਹਾਂ ਦਾ ਯੋਗਦਾਨ ਪਾਉਣਗੀਆਂ। ਜਿਨ੍ਹਾਂ ਹੋਰ ਆਗੂਆਂ ਨੇ ਸੰਬੋਧਨ ਕੀਤਾ, ਉਹਨਾਂ ਵਿੱਚ ਮੁਹੰਮਦ ਖਲੀਲ, ਉਤਮ ਸਿੰਘ ਬਾਗੜੀ, ਸੁਖਦੇਵ ਰਾਮ ਸੁੱਖੀ, ਰਮੇਸ਼ ਕੁਮਾਰ, ਇੰਦਰਜੀਤ ਸਿੰਘ ਢਿੱਲੋਂ, ਕਰਮ ਚੰਦ ਗਾਂਧੀ, ਗੁਰਵਿੰਦਰ ਸਿੰਘ ਗੋਲਡੀ ਅਤੇ ਰਾਜੇਸ਼ ਕੁਮਾਰੀ ਸ਼ਾਮਲ ਸਨ।

### ਭਰਤੀ ਰਿਕਾਰਡ 'ਚ ..

ਉਮੀਦਵਾਰਾਂ ਦੀ ਅੰਤਮ ਚੋਣ/ ਮੈਰਿਟ ਆਦਿ ਰਿਕਾਰਡ ਸੁਰੱਖਿਅਤ ਰੱਖਣ ਲਈ ਜ਼ਿੰਮੇਵਾਰ ਸਨ। ਇਹਨਾਂ ਮੁਲਾਜ਼ਮਾਂ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਇਸ ਰਿਕਾਰਡ ਨੂੰ ਸੁਰੱਖਿਅਤ ਰੱਖਣ ਵਿੱਚ ਬੇਨਿਯਮੀਆਂ ਕੀਤੀਆਂ ਤੇ ਗੜਬੜੀ ਕੀਤੀ । ਉਹਨਾਂ ਕਿਹਾ ਕਿ ਚੁਣੇ ਗਏ ਕਈ ਉਮੀਦਵਾਰਾਂ ਵੱਲੋਂ ਤਜਰਬੇ ਦੇ ਜਾਲ੍ਹੀ ਸਰਟੀਫਿਕੇਟਾਂ ਸਮੇਤ ਹੋਰ ਫਰਜ਼ੀ ਦਸਤਾਵੇਜ ਪੇਸ਼ ਕਰਨ ਸੰਬੰਧੀ ਸ਼ਿਕਾਇਤਾਂ ਸਾਹਮਣੇ ਆਉਣ ਉਪਰੰਤ ਉਕਤ ਦੋਸ਼ੀ ਆਪਣੇ ਅਧੀਨ ਸੁਰੱਖਿਅਤ ਰੱਖੇ ਲੋੜੀਂਦੇ ਰਿਕਾਰਡ ਨੂੰ ਇਸ ਮੰਤਵ ਲਈ ਨਿਯੁਕਤ ਕੀਤੀ ਗਈ ਵਿਭਾਗੀ ਕਮੇਟੀ ਜਾਂ ਵਿਜੀਲੈਂਸ ਬਿਊਰੋ ਅੱਗੇ ਪੇਸ਼ ਕਰਨ ਵਿੱਚ ਅਸਫਲ ਰਹੇ। ਇਸ ਮਾਮਲੇ 'ਚ ਪੁੱਛ-ਗਿੱਛ ਮੁਕੰਮਲ ਹੋਣ 'ਤੇ ਇਨ੍ਹਾਂ ਮੁਲਾਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਸ ਚੋਣ ਪ੍ਰਕਿਰਿਆ ਦੌਰਾਨ ਤਾਇਨਾਤ ਰਹੇ ਅਧਿਕਾਰੀਆਂ/ ਕਰਮਚਾਰੀਆਂ ਦੀ ਭੂਮਿਕਾ ਦੀ ਵੀ ਕਾਨੂੰਨ ਅਨੁਸਾਰ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ।


**ਉੱਤਰ ਰੇਲਵੇ**

G20 · ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ - ਦੂਸਰੀ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ **25.05.2023** ਵਕਤ **15.00 ਵਜੇ** ਤਕ **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ **www.ireps.gov.in** ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਕਰਨ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ | 04 05 2023 | 11 05.2023 | 25.05.2023/15:00 ਵਜੇ |

| ਲ.ਨੰ: | ਟੈਂਡਰ ਨੰ: | ਟੈਂਡਰ ਦਾ ਵੇਰਵਾ | | | |
|---|---|---|---|---|---|
| 1 | 38-2023-24-PTK-DRM-FZR | ਸਹਾਇਕ ਮੰਡਲ ਇੰਜੀਨੀਅਰ ਪਹਿਲੀ/ਪਠਾਨਕੋਟ ਦੇ ਅੰਤਰਗਤ ਜਲੰਧਰ ਸਿਟੀ ਤੋਂ ਪਠਾਨਕੋਟ ਸੈਕਸ਼ਨ ਵਿਚ ਚਕਕੀ ਨਦੀ (ਪਠਾਨਕੋਟ, ਪੰਜਾਬ) ਉਤੇ ਰੇਲਵੇ ਪੁਲ ਨੰਬਰ 232 ਦੇ ਕੋਲ ਨੁਕਸਾਨ ਦੇ ਕਾਰਣ ਰੇਟ੍ਰੋਫਿਟਿੰਗ ਉਪਾਇਆਂ ਦੇ ਸਬੰਧ ਵਿਚ ਪਾਇਲ ਅਤੇ ਰਿਟੇਨਿੰਗ ਵਾਲ ਦੇ ਨਾਲ ਪੁਲ ਨੰਬਰ 232 ਦੇ ਸੰਰਖਸ਼ਣ ਦਾ ਕੰਮ ਅਪ ਲਾਇਨ ਪੁਲ ਦੇ ਕਿਨਾਰੇ ਕਰਨ ਲਈ। | | | |
| | | ਵਿਗਿਆਪਨ ਮੁਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 5,96,30,248.19/- | 4,48,200/- | 60 ਦਿਨ | 03 ਮਹੀਨੇ |
| | ਸਮਾਨ ਪ੍ਰਕ੍ਰਿਤੀ ਦਾ ਕੰਮ – "ਪੁਲਾਂ ਦਾ ਨਿਰਮਾਣ/ਪੁਨਰਵਾਸ" | | | | |

ਨੋਟ:- ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ।

2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗਰੇਜੀ ਵਰਜਨ ਹੀ ਮਾਨਯ ਹੋਣਗੇ।

ਟੈਂਡਰ ਸੂਚਨਾ ਪੱਤਰ ਨੰ:- 770-W/169/WA/FZR/38/2023-24-PTK-DRM-FZR Date: 08.05.2023 1390/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਪਬਲਿਕ ਨੋਟਿਸ**

ICICI Bank · ICICI Bank Limited

ਰਜਿਸਟਰਡ ਦਫਤਰ : ਲੈਂਡਮਾਰਕ, ਰੇਸ ਕੋਰਸ ਸਰਕਲ, ਵਡੋਦਰਾ 390007
ਕਾਰਪੋਰੇਟ ਦਫਤਰ : ਆਈ ਸੀ ਆਈ ਸੀ ਆਈ ਬੈਂਕ ਟਾਵਰਜ਼, ਬਾਂਦਰਾ-ਕੁਰਲਾ ਕੰਪਲੈਕਸ, ਮੁੰਬਈ-400051

**ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 20 ਮਈ 2023 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ ਬਾਅਦ ਦੁਪਹਿਰ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਮ |
|---|---|
| ਬਰਾਂਚ ਦਾ ਨਾਮ : ਅਹਿਮਦਗੜ੍ਹ | |
| 096805003081 | ਰਛਪਾਲ ਸਿੰਘ |
| ਬਰਾਂਚ ਦਾ ਨਾਮ : ਅੰਮ੍ਰਿਤਸਰ-ਵੇਰਕਾ | |
| 374205000295 | ਸਿਮਰਨਜੀਤ ਸਿੰਘ |
| ਬਰਾਂਚ ਦਾ ਨਾਮ : ਬੱਸੀ ਪਠਾਣਾ | |
| 383405001856 | ਮੰਜੂ ਰਾਣੀ |
| ਬਰਾਂਚ ਦਾ ਨਾਮ : ਬੇਗੋਵਾਲ | |
| 152205000838 | ਅਮਰਜੀਤ ਕੌਰ |
| ਬਰਾਂਚ ਦਾ ਨਾਮ : ਭਵਾਨੀਗੜ੍ਹ | |
| 282905002209 | ਨੀਲਮ ਨੀਲਮ |
| ਬਰਾਂਚ ਦਾ ਨਾਮ : ਚੰਡੀਗੜ੍ਹ-ਸੈਕਟਰ17-ਸੀ | |
| 659105601166 | ਗਜੇਂਦਰ ਗਜੇਂਦਰ |
| ਬਰਾਂਚ ਦਾ ਨਾਮ : ਦਸੂਹਾ, ਪੰਜਾਬ | |
| 357505000811 | ਕਮਲਜੀਤ ਕੌਰ |
| ਬਰਾਂਚ ਦਾ ਨਾਮ : ਗਿੱਦੜਬਾਹਾ | |
| 199905000762 | ਤਜਿੰਦਰ ਸਿੰਘ |
| ਬਰਾਂਚ ਦਾ ਨਾਮ : ਜਲੰਧਰ-ਨਕੋਦਰ | |
| 008005002968 | ਪਰਮਜੀਤ ਕੌਰ |
| ਬਰਾਂਚ ਦਾ ਨਾਮ : ਜਲੰਧਰ-ਨੂਰਮਹਿਲ | |
| 007905001733 | ਗੁਰਦੀਪ ਸਿੰਘ |
| ਬਰਾਂਚ ਦਾ ਨਾਮ : ਕਪੂਰਥਲਾ | |
| 044905002655 | ਮਨਜੀਤ ਕੌਰ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਮ |
|---|---|
| ਬਰਾਂਚ ਦਾ ਨਾਮ : ਕਰਤਾਰਪੁਰ | |
| 163405001870 | ਰਿਤੂ ਬਾਲਾ ਚੌਧਰੀ |
| 163405001883 | ਅੰਜਲੀ ਕੁਮਾਰੀ |
| ਬਰਾਂਚ ਦਾ ਨਾਮ : ਖਮਾਣੋਂ | |
| 199405001904 | ਸੰਜੀਵ ਕੁਮਾਰ |
| ਬਰਾਂਚ ਦਾ ਨਾਮ : ਖਰੜ | |
| 079105003103 | ਅਨਮੋਲ ਖੋਖਰ |
| ਬਰਾਂਚ ਦਾ ਨਾਮ : ਲਹਿਰਾਗਾਗਾ, ਪੰਜਾਬ | |
| 358405001921 | ਬਅੰਤ ਸਿੰਘ |
| ਬਰਾਂਚ ਦਾ ਨਾਮ : ਲੁਧਿਆਣਾ-ਪੱਖੋਵਾਲ ਰੋਡ | |
| 337105000453 | ਮਨਮੋਹਨ ਸਿੰਘ |
| ਬਰਾਂਚ ਦਾ ਨਾਮ : ਲੁਧਿਆਣਾ-ਦੁਗਰੀ | |
| 151505001434 | ਹਰਨੇਕ ਸਿੰਘ |
| ਬਰਾਂਚ ਦਾ ਨਾਮ : ਲੁਧਿਆਣਾ-ਫਾਇਰ ਸਟੇਸ਼ਨ | |
| 631905015783 | ਬਲਜਿੰਦਰ ਸਿੰਘ |
| ਬਰਾਂਚ ਦਾ ਨਾਮ : ਲੁਧਿਆਣਾ-ਜਮਾਲਪੁਰ | |
| 057805003207 | ਪਰਨੀਤ ਕੌਰ |
| ਬਰਾਂਚ ਦਾ ਨਾਮ : ਮਜੀਠਾ, ਪੰਜਾਬ | |
| 357005001944 | ਜਸਕਰਨਜੀਤ ਸਿੰਘ |
| ਬਰਾਂਚ ਦਾ ਨਾਮ : ਮਾਨਸਾ | |
| 044605004543 | ਕੁਲਵਿੰਦਰ ਸਿੰਘ |
| 044605004551 | ਵੀਰਪਾਲ ਕੌਰ |
| ਬਰਾਂਚ ਦਾ ਨਾਮ : ਮੌੜ ਮੰਡੀ, ਪੰਜਾਬ | |
| 355605003147 | ਹਰਦੀਪ ਸਿੰਘ |

| ਕਰਜ਼ਾ ਖਾਤਾ ਨੰ. | ਗਾਹਕ ਦਾ ਨਾਮ |
|---|---|
| ਬਰਾਂਚ ਦਾ ਨਾਮ : ਮੋਰਿੰਡਾ ਪੰਜਾਬ | |
| 358205001214 | ਗੁਰਚਰਨ ਸਿੰਘ |
| ਬਰਾਂਚ ਦਾ ਨਾਮ : ਮੁਕਤਸਰ | |
| 078805005618 | ਹਰਜਿੰਦਰ ਸਿੰਘ |
| ਬਰਾਂਚ ਦਾ ਨਾਮ : ਮੁੱਲਾਂਪੁਰ ਦਾਖਾ | |
| 151605002956 | ਗੁਰਦੀਪ ਸਿੰਘ |
| ਬਰਾਂਚ ਦਾ ਨਾਮ : ਰਾਮਾਂ | |
| 397805001697 | ਲਖਵਿੰਦਰ ਸਿੰਘ |
| 397805001713 | ਕੇਵਲ ਸਿੰਘ |
| ਬਰਾਂਚ ਦਾ ਨਾਮ : ਸਾਹਨੇਵਾਲ | |
| 151705000869 | ਪ੍ਰੀਤੀ ਪਾਂਡੇ |
| ਬਰਾਂਚ ਦਾ ਨਾਮ : ਸਰਦੂਲਗੜ੍ਹ, ਪੰਜਾਬ | |
| 356705003413 | ਸਿਮਰਜੀਤ ਸਿੰਘ |
| ਬਰਾਂਚ ਦਾ ਨਾਮ : ਸਰਹਿੰਦ | |
| 150605003623 | ਰਾਜਦੀਪ ਸਿੰਘ |
| ਬਰਾਂਚ ਦਾ ਨਾਮ : ਜ਼ੀਰਾ | |
| 199705003453 | ਜਸਵੰਤ ਸਿੰਘ |
| ਬਰਾਂਚ ਦਾ ਨਾਮ : ਜ਼ੀਰਕਪੁਰ | |
| 050705003772 | ਪਰਮਿੰਦਰ ਕੌਰ |
| ਬਰਾਂਚ ਦਾ ਨਾਮ : ਅੰਬਾਲਾ ਕੈਂਟ | |
| 049805004543 | ਵਿਨੋਦ ਕੁਮਾਰ |
| ਬਰਾਂਚ ਦਾ ਨਾਮ : ਨਵਾਂਗਾਓਂ | |
| 725905000284 | ਦੀਵਾਰੀ ਲਾਲ ਅਹੀਰਵਾਰ |

ਮਿਤੀ : 10.05.2023
ਸਥਾਨ : ਚੰਡੀਗੜ੍ਹ, ਜਲੰਧਰ, ਮੁਕਤਸਰ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਮਾਨਸਾ, ਫਾਜ਼ਿਲਕਾ, ਲੁਧਿਆਣਾ, ਕਪੂਰਥਲਾ, ਰੂਪਨਗਰ, ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਗੁਰਦਾਸਪੁਰ, ਤਰਨ ਤਾਰਨ, ਬਰਨਾਲਾ, ਮਾਲੇਰਕੋਟਲਾ, ਮੋਗਾ, ਪਠਾਨਕੋਟ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਮੋਹਾਲੀ, ਨਵਾਂਸ਼ਹਿਰ

ਸਹੀ/-
ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:



**ਨਵਾਂ ਜ਼ਮਾਨਾ**
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਡੀ ਐੱਸ ਪੀ ਦਫਤਰ ਪੱਟੀ ਅੱਗੇ ਦਿੱਤੇ ਜਾਣ ਵਾਲੇ ਧਰਨੇ ਦੀਆਂ ਤਿਆਰੀਆਂ ਮੁਕੰਮਲ : ਸਿੱਧਵਾਂ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਜ਼ੋਨ ਭਿੱਖੀਵਿੰਡ ਦੀ ਮੀਟਿੰਗ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜਨਮ ਅਸਥਾਨ ਪਹੂਵਿੰਡ ਸਾਹਿਬ ਵਿਖੇ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਬੋਲਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਅਤੇ ਰੇਸ਼ਮ ਸਿੰਘ ਘੁਰਕਵਿੰਡ ਨੇ ਦੱਸਿਆ ਕਿ ਬੀਤੇ ਲੰਮੇਂ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਅਤੇ ਨਜਾਇਜ਼ ਪਰਚਿਆਂ ਵਿਰੁੱਧ 10 ਮਈ ਦਿਨ ਬੁੱਧਵਾਰ ਨੂੰ ਡੀਐੱਸਪੀ ਦਫਤਰ ਪੱਟੀ ਅੱਗੇ ਧਰਨਾ ਦਿੱਤਾ ਜਾ ਰਿਹਾ ਹੈ, ਜੋ ਇਨਸਾਫ ਮਿਲਣ ਤੱਕ ਜਾਰੀ ਰਹੇਗਾ। ਇਸ ਮੌਕੇ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਉਕਤ ਧਰਨੇ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਕਿਸਾਨ ਪ੍ਰਤਾਪ ਸਿੰਘ ਵਾਸੀ ਨੰਦਪੁਰ, ਜਿਸਦਾ ਰਾਣਾ ਸ਼ਰਾਬ ਫੈਕਟਰੀ ਦੇ ਮੁਲਾਜ਼ਮਾਂ ਨੇ ਨਲਕਾ ਪੁੱਟ ਕੇ ਦੂਸ਼ਿਤ ਹੋਏ ਪਾਣੀ ਦਾ ਖੁਰਾ-ਖੋਜ ਮਿਟਾਉਣ ਦੀ ਕੋਸ਼ਿਸ਼ ਕੀਤੀ ਸੀ, ਦੀ ਮਦਦ ਕਰਨ ਦੀ ਬਜਾਏ ਪੁਲਸ ਵਿਭਾਗ ਵੱਲੋਂ ਉਲਟਾ ਪੀੜ੍ਹਤਾਂ ਨੂੰ ਧਮਕੀਆਂ ਦਿੱਤੀਆ ਜਾ ਰਹੀਆਂ ਹਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਅਤੇ ਸੁੱਚਾ ਸਿੰਘ ਵੀਰਮ ਨੇ ਦੱਸਿਆ ਕਿ ਦਿੱਲੀ ਜੰਤਰ ਮੰਤਰ 'ਤੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੀਆਂ ਪਹਿਲਵਾਨ ਲੜਕੀਆਂ ਦਾ ਕੀਤਾ ਜਾ ਰਿਹਾ ਅਪਮਾਨ ਦੇਸ਼ ਦੀਆਂ ਔਰਤਾਂ ਦਾ ਅਪਮਾਨ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਕਾਰਨ ਭਾਰਤ ਦੀ ਸ਼ਾਨ 'ਤੇ ਸਵਾਲ ਖੜ੍ਹੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਬ੍ਰਿਜ ਭੂਸ਼ਣ ਸਰਨ ਸਿੰਘ ਨਾਲ ਖੜਨਾ ਕੇਂਦਰ ਸਰਕਾਰ ਦੇ ਮੱਥੇ ਉੱਤੇ ਕਦੇ ਨਾ ਮਿਟਣ ਵਾਲਾ ਕਲੰਕ ਹੈ। ਇਸ ਮੌਕੇ ਕਿਸਾਨ ਆਗੂਆਂ ਕੇਂਦਰ ਸਰਕਾਰ ਨੂੰ ਤਿੱਖੇ ਸੰਘਰਸ਼ ਦੀ ਚਿਤਾਵਨੀ ਦਿੰਦਿਆਂ ਜ਼ੋਰਦਾਰ ਮੰਗ ਕੀਤੀ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਤੁਰੰਤ ਬਰਖਾਸਤ ਕਰਕੇ ਗ੍ਰਿਫਤਾਰ ਕੀਤਾ ਜਾਵੇ ਅਤੇ ਜੰਤਰ ਮੰਤਰ 'ਤੇ ਧਰਨਾ ਦੇ ਰਹੇ ਪਹਿਲਵਾਨਾਂ ਉੱਪਰ ਲਾਠੀਚਾਰਜ ਕਰਨ ਵਾਲੇ ਪੁਲਸ ਅਧਿਕਾਰੀਆਂ ਖਿਲਾਫ ਤੁਰੰਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਰਣਜੀਤ ਸਿੰਘ ਚੀਮਾ ਅਤੇ ਰਣਯੋਧ ਸਿੰਘ ਗੱਗੋਬੂਹਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਬਿਜਲੀ ਦੇ ਨਿੱਜੀਕਰਨ ਦਾ ਵਿਰੋਧ ਨਿਰੰਤਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਉਹ ਪਿੰਡਾਂ ਵਿੱਚ ਕਿਸੇ ਵੀ ਕੀਮਤ 'ਤੇ ਚਿੱਪ ਵਾਲੇ ਮੀਟਰ ਨਹੀਂ ਲੱਗਣ ਦੇਣਗੇ। ਇਸ ਮੌਕੇ ਆਗੂਆਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਝੋਨੇ ਦੇ ਬੀਜਾਂ ਦੀ ਹੋ ਰਹੀ ਕਾਲਾਬਾਜ਼ਾਰੀ ਨੂੰ ਰੋਕਣ ਦਾ ਤੁਰੰਤ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਮਾਨ ਸਿੰਘ ਮਾੜੀਮੇਘਾ, ਨਿਸ਼ਾਨ ਸਿੰਘ ਮਾੜੀਮੇਘਾ, ਬਿਕਰਮਜੀਤ ਸਿੰਘ ਮਾੜੀਮੇਘਾ, ਅਵਤਾਰ ਸਿੰਘ ਢੋਲਾ, ਗੁਰਸਾਹਿਬ ਸਿੰਘ ਮਾੜੀਮੇਘਾ, ਪੂਰਨ ਸਿੰਘ ਮੱਦਰ, ਹੀਰਾ ਸਿੰਘ ਮੱਦਰ, ਬਲਵੀਰ ਸਿੰਘ ਜਥੇਦਾਰ ਚੀਮਾ, ਜਗਜੀਤ ਸਿੰਘ ਪਹੂਵਿੰਡ, ਕੰਵਲਜੀਤ ਸਿੰਘ ਪਹੂਵਿੰਡ, ਸੁੱਚਾ ਸਿੰਘ ਵੀਰਮ, ਅੰਗਰੇਜ਼ ਸਿੰਘ ਵੀਰਮ, ਜਰਨੈਲ ਸਿੰਘ ਕੱਚਾ ਪੱਕਾ, ਅਜਮੇਰ ਸਿੰਘ ਕੱਚਾ ਪੱਕਾ, ਨਿਰਵੈਲ ਸਿੰਘ ਚੇਲਾ, ਸੁਖਦੇਵ ਸਿੰਘ ਚੇਲਾ, ਬਿੱਕਰ ਸਿੰਘ ਮੱਖੀਕਲਾਂ, ਗੁਰਨਾਮ ਸਿੰਘ ਮੱਖੀਕਲਾਂ, ਰਾਜਬੀਰ ਸਿੰਘ ਮਨਿਹਾਲਾ, ਗੁਰਉਪਕਾਰ ਸਿੰਘ ਮਨਿਹਾਲਾ, ਹਰਚੰਦ ਸਿੰਘ ਸਾਂਧਰਾ, ਅਰੂੜ ਸਿੰਘ ਸਾਂਧਰਾ, ਸੁਖਪਾਲ ਸਿੰਘ ਦੋਦੇ, ਬਲਵਿੰਦਰ ਸਿੰਘ ਦੋਦੇ, ਹਰਪਾਲ ਸਿੰਘ ਕਲਸੀਆਂ, ਬਲਜਿੰਦਰ ਸਿੰਘ ਕਲਸੀਆਂ, ਅਜਮੇਰ ਸਿੰਘ ਅਮੀਸ਼ਾਹ, ਕਾਰਜ ਸਿੰਘ ਅਮੀਸ਼ਾਹ ਆਦਿ ਆਗੂ ਸਾਹਿਬਾਨ ਅਤੇ ਮੈਂਬਰ ਹਾਜ਼ਰ ਸਨ।



# ਸਿਰ ਲੱਥਦੈ ਬੇਸ਼ੱਕ ਲੱਥ ਜਾਵੇ, ਸਿੰਘ ਪੱਗ ਨੂੰ ਹੱਥ ਨਹੀਂ ਪਾਉਣ ਦਿੰਦੇ' ਨਾਹਰੇ ਨਾਲ ਗੂੰਜਿਆ ਦੀਵਾਨ ਹਾਲ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ ਏ ਦਸਤਾਰ ਲਹਿਰ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ, ਕੌਮੀ ਏਕਤਾ ਦਾ ਝੰਡਾ ਬੁਲੰਦ ਕਰਨ ਵਾਲੇ, ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਗੁਰਦੁਆਰਾ ਸ਼ਹੀਦ ਬਾਬਾ ਬੀਰ ਸਿੰਘ ਦੇ ਅਸਥਾਨ ਪਿੰਡ ਮਰਹਾਣਾ ਜ਼ਿਲਾ ਤਰਨ ਤਾਰਨ ਵਿਖੇ ਬੱਚਿਆਂ ਦੇ ਧਾਰਮਿਕ ਮੁਕਾਬਲੇ ਦਸਤਾਰ, ਦੁਮਾਲਾ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸ਼ਾਹ ਹਰਬੰਸ ਸੀਨੀਅਰ ਸੈਕੰਡਰੀ ਸਕੂਲ ਰਾਣੀਵਲਾਹ, ਗੁਰੂ ਗੋਬਿੰਦ ਸਿੰਘ ਜੀ ਖਾਲਸਾ ਸਕੂਲ ਸਰਹਾਲੀ, ਪਰਮ ਅਕੈਡਮੀ ਧੱਤਲ, ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਮਰਹਾਣਾ, ਬਾਬਾ ਈਸ਼ਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਮਰਹਾਣਾ ਅਤੇ ਜੱਸ ਪਬਲਿਕ ਸਕੂਲ ਮਾਨਾਂਵਾਲਾ ਦੇ 150 ਤੋਂ ਵੱਧ ਲੜਕੇ, ਲੜਕੀਆਂ ਅਤੇ ਸੰਗਤਾਂ ਨੇ ਭਾਗ ਲਿਆ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ ਜਰਮਨ, ਭਾਈ ਹਰਜੀਤ ਸਿੰਘ ਆਸਟਰੇਲੀਆ, ਪਰਧਾਨ ਭਾਈ ਸੰਤੋਖ ਸਿੰਘ ਪੱਟੀ , ਮੀਤ ਪ੍ਰਧਾਨ ਪ੍ਰੋ ਗੁਰਸੇਵਕ ਸਿੰਘ ਬੋਪਾਰਾਏ, ਸਕੱਤਰ ਭਾਈ ਸੁਖਪਾਲ ਸਿੰਘ ਠੱਟਾ, ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਅਤੇ ਖਜਾਨਚੀ ਵੀਰ ਮਨਦੀਪ ਸਿੰਘ ਘੋਲੀਆਂ ਕਲਾਂ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਦੁਨੀਆਂ ਦੇ ਕਿਸੇ ਵੀ ਧਰਮ ਅੰਦਰ ਆਪਣੀ ਧਾਰਮਿਕ ਪਹਿਚਾਣ ਨੂੰ ਬਚਾਉਣ ਲਈ ਇੰਨੇ ਵੱਡੇ ਪੱਧਰ ਤੇ ਸੰਘਰਸ਼ ਨਹੀਂ ਕੀਤਾ ਗਿਆ, ਜਿੰਨਾ ਸਿੱਖ ਕੌਮ ਵੱਲੋਂ ਕੀਤਾ ਗਿਆ ਹੈ। "ਸਿਰ ਲੱਥਦੈ ਬੇਸ਼ੱਕ ਲੱਥ ਜਾਵੇ ਸਿੰਘ ਪੱਗ ਨੂੰ ਹੱਥ ਨਹੀ ਪਾਉਣ ਦਿੰਦੇ" ਨਾਹਰੇ ਨਾਲ ਦੀਵਾਨ ਹਾਲ ਗੂੰਜ ਉੱਠਿਆ। ਇਨ੍ਹਾਂ ਮੁਕਾਬਲਿਆਂ ਵਿੱਚ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨ ਵਾਸਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕੰਵਰ ਚੜ੍ਹਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਦਸਤਾਰ ਦੀ ਮਹਾਨਤਾ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਉਪਰੰਤ ਸੁਸਾਇਟੀ ਦੇ ਵੀਰਾਂ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੌਜਵਾਨ ਸਹਿਯੋਗੀ ਸੱਜਣਾਂ ਦਾ ਸਨਮਾਨ ਕਰਦਿਆਂ ਮਾਣ ਮਹਿਸੂਸ ਕੀਤਾ ਗਿਆ। ਅਖੀਰ ਨਗਰ ਨਿਵਾਸੀਆਂ ਵੱਲੋਂ ਸੁਸਾਇਟੀ ਨੂੰ ਨਕਦ ਤੇ ਗੁਰੂ ਦੀ ਬਖਸ਼ਿਸ਼ ਸਿਰਪਾਓ ਨਾਲ ਨਿਵਾਜਿਆ ਗਿਆ। ਦਸਤਾਰ ਮੁਕਾਬਲਿਆਂ ਵਿਚ ਜੱਜਮੈਂਟ ਦੀ ਭੂਮਿਕਾ ਸੰਦੀਪ ਸਿੰਘ ਧਾਰੀਵਾਲ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਅਤੇ ਵਾਰਿਸਦੀਪ ਸਿੰਘ ਦਸਤਾਰ ਕੋਚ ਵੀਰਾਂ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਭਾਈ ਨਿਰਮਲ ਸਿੰਘ ਸੁਰ ਸਿੰਘ ਜੋਨਲ ਇੰਚਾਰਜ ਭਿੱਖੀਵਿੰਡ, ਗੁਰਜੰਟ ਸਿੰਘ ਭਿਖੀਵਿੰਡ, ਹੀਰਾ ਸਿੰਘ ਸੋਹਲ, ਭਾਈ ਜੋਗਾ ਸਿੰਘ ਪਰਚਾਰਕ, ਭਾਈ ਤਸਬੀਰ ਸਿੰਘ ਮਰਹਾਣਾ ਧਾਰਮਿਕ ਅਧਿਆਪਕ, ਭਾਈ ਦਿਲਬਾਗ ਸਿੰਘ ਧਾਰੀਵਾਲ, ਭਾਈ ਗੁਰਵਿੰਦਰ ਸਿੰਘ ਧੁੰਨ, ਅਕਾਸ਼ਦੀਪ ਸਿੰਘ ਪੱਟੀ , ਹਰਚਰਨ ਸਿੰਘ ਉਬੋਕੇ, ਗੁਰਦੁਆਰੇ ਪ੍ਰਬੰਧਕ ਕਮੇਟੀ, ਸਮੂਹ ਨਗਰ ਨਿਵਾਸੀ ਸੰਗਤਾਂ ਹਾਜਰ ਸਨ ।



# ਸ੍ਰੀ ਦਰਬਾਰ ਸਾਹਿਬ ਦੇ ਰਸਤੇ 'ਤੇ ਹੋਏ ਧਮਾਕਿਆਂ ਦੀ ਡੂੰਘਾਈ ਨਾਲ ਜਾਂਚ ਕਰਕੇ ਸੱਚ ਸਾਹਮਣੇ ਲਿਆਵੇ ਪੁਲਸ ਪ੍ਰਸ਼ਾਸਨ: ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ੍ਰੀ ਅੰਮ੍ਰਿਤਸਰ ਅੰਦਰ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਵਿਰਾਸਤੀ ਮਾਰਗ ਉੱਤੇ ਹੋਏ ਦੋ ਧਮਾਕਿਆਂ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਇਸ ਮਾਮਲੇ ਦੀ ਸੰਜੀਦਗੀ ਨਾਲ ਮੁਕੰਮਲ ਜਾਂਚ ਕਰਕੇ ਸੱਚ ਸਾਹਮਣੇ ਲਿਆਵੇ, ਤਾਂ ਜੋ ਸ਼ਰਧਾਲੂ ਭੈਅ ਮੁਕਤ ਹੋ ਕੇ ਸ਼ਰਧਾ ਪ੍ਰਗਟਾਅ ਸਕਣ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਕੇਂਦਰੀ ਅਸਥਾਨ ਹੈ, ਜਿੱਥੇ ਇਕ ਪਾਸੇ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਨਤਮਸਤਕ ਹੋਣ ਆਉਂਦੀ ਹੈ, ਉੱਥੇ ਹੀ ਦੇਸ਼ ਦੁਨੀਆ ਤੋਂ ਵੱਖ-ਵੱਖ ਧਰਮਾਂ, ਫਿਰਕਿਆਂ ਅਤੇ ਵਰਗਾਂ ਦੇ ਲੋਕ ਵੀ ਇੱਥੇ ਪੁੱਜਦੇ ਹਨ। ਉਨ੍ਹਾਂ ਕਿਹਾ ਕਿ ਦੋ ਦਿਨਾਂ ਅੰਦਰ ਵਾਪਰੀਆਂ ਧਮਾਕੇ ਦੀ ਘਟਨਾਵਾਂ ਨਾਲ ਦੇਸ਼ ਦੁਨੀਆ ਤੋਂ ਅੰਮ੍ਰਿਤਸਰ ਪੁੱਜਦੇ ਲੋਕਾਂ ਅਤੇ ਸੰਗਤ ਦੇ ਮਨਾਂ ਅੰਦਰ ਕਈ ਤਰ੍ਹਾਂ ਦੇ ਸ਼ੰਕੇ ਅਤੇ ਸਵਾਲਾਂ ਦੇ ਨਾਲ-ਨਾਲ ਡਰ ਭੈਅ ਵੀ ਪੈਦਾ ਹੋਇਆ ਹੈ, ਜਿਸ ਬਾਰੇ ਪੰਜਾਬ ਸਰਕਾਰ ਨੂੰ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸੂਬਾ ਸਰਕਾਰ ਨੂੰ ਇਨ੍ਹਾਂ ਘਟਨਾਵਾਂ ਦਾ ਪਰਦਾਫਾਸ਼ ਕਰਕੇ ਸੰਗਤ ਅਤੇ ਅੰਮ੍ਰਿਤਸਰ ਪੁੱਜਦੇ ਲੋਕਾਂ ਨੂੰ ਭੈਅ ਮੁਕਤ ਕਰਕੇ ਆਉਣ ਲਈ ਮਾਹੌਲ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਨੂੰ ਲੋੜ ਪੈਣ ਉੱਤੇ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਕਰਨ ਨੂੰ ਤਿਆਰ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਪੁਲਿਸ ਪ੍ਰਸ਼ਾਸਨ ਇਨ੍ਹਾਂ ਘਟਨਾਵਾਂ ਦੀ ਪਹਿਲਾਂ ਹੀ ਜਾਂਚ ਕਰ ਰਿਹਾ ਹੈ ਪਰ ਘਟਨਾਵਾਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਰਸਤੇ ਨਾਲ ਜੁੜੀਆਂ ਹੋਣ ਕਰਕੇ ਡੂੰਘਾਈ ਨਾਲ ਜਾਂਚ ਹੋਣੀ ਅਤਿ ਜ਼ਰੂਰੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਘਟਨਾ ਸਬੰਧੀ ਮੀਡੀਆ ਵਿੱਚ ਪ੍ਰਕਾਸ਼ਿਤ ਖ਼ਬਰਾਂ ਕਰਕੇ ਵੀ ਸੰਗਤ ਅਤੇ ਲੋਕਾਂ ਦੇ ਮਨਾਂ ਵਿੱਚ ਸ਼ੰਕੇ ਪੈਦਾ ਹੋਏ ਹਨ, ਇਸ ਲਈ ਸਰਕਾਰ ਨੂੰ ਜਲਦ ਹੀ ਜਾਂਚ ਮੁਕੰਮਲ ਕਰਕੇ ਸੱਚ ਸਾਹਮਣੇ ਲਿਆਉਣਾ ਚਾਹੀਦਾ ਹੈ।

# ਅਣਪਛਾਤੇ ਗੋਲਕ ਚੋਰਾਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਦੀਨਾਨਗਰ ਪੁਲਸ ਵਲੋਂ ਮੰਦਰ ਵਿਚੋਂ ਚੋਰੀ ਕਰਨ ਵਾਲੇ ਨਾਮਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅਰੁਣ ਕੁਮਾਰ ਪੁੱਤਰ ਲੇਟ ਸੁਧੀਰ ਕੁਮਾਰ ਵਾਸੀ ਸੇਵਾ ਕੇਂਦਰ ਕੁਸ਼ਟ ਆਸ਼ਰਮ ਦੀਨਾਨਗਰ ਨੇ ਦੱਸਿਆ ਕਿ ਉਹ ਰਾਤ ਮੰਦਰ ਦੇ ਮੇਨ ਗੇਟ ਨੂੰ ਤਾਲਾ ਲਗਾ ਕੇ ਰਾਤ ਸੌਂ ਗਏ। ਜਦੋਂ ਸਵੇਰੇ ਦੇਖਿਆ ਤਾ ਮੰਦਰ ਦੀ ਗੋਲਕ ਟੁੱਟੀ ਪਈ ਸੀ, ਜਿਸ ਵਿਚ ਪਏ 4-5 ਹਜ਼ਾਰ ਰੁਪਏ ਚੋਰੀ ਹੋ ਗਏ ਸਨ। ਪੁਲਸ ਵਲੋਂ ਨਾਮਲੂਮ ਵਿਅਕਤੀਆਂ ਖ਼ਿਲਾਫ਼ 457, 380 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ

# ਵਿਧਾਇਕ ਸੰਧੂ ਵੱਲੋਂ ਸ਼ਹੀਦ ਫੌਜੀ ਹਰਪਾਲ ਸਿੰਘ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਅੰਮ੍ਰਿਤਸਰ ਹਲਕਾ ਪਛਮੀ ਦੇ ਵਿਧਾਇਕ ਡਾਕਟਰ ਜਸਬੀਰ ਸਿੰਘ ਸੰਧੂ ਨੇ ਪਿਛਲੇ ਦਿਨੀਂ ਫੌਜੀ ਹਰਪਾਲ ਸਿੰਘ ਦੀ ਅਸਾਮ ਦੇ ਬਾਰਡਰ 'ਤੇ ਹੋਈ ਬੇਵਕਤੀ ਮੌਤ ਤੇ ਉਸਦੇ ਘਰ ਜਾ ਕੇ ਪਰਵਾਰਕ ਮੈਂਬਰਾਂ ਨਾਲ ਅਫਸੋਸ ਪ੍ਰਗਟ ਕੀਤਾ। ਡਾਕਟਰ ਜਸਬੀਰ ਸਿੰਘ ਸੰਧੂ ਸਾਥੀਆਂ ਸਮੇਤ ਸ਼ਹੀਦ ਜਵਾਨ ਦੇ ਘਰ ਪਹੁੰਚੇ। ਸੰਧੂ ਨੇ ਕਿਹਾ ਕਿ ਜਵਾਨ ਸਾਡੀ ਦੇਸ਼ ਦੀ ਆਨ ਤੇ ਬਾਨ ਹਨ ਤੇ ਇਨ੍ਹਾਂ ਸਦਕਾ ਹੀ ਅੱਜ ਅਸੀਂ ਭਾਰਤਵਾਸੀ ਆਜ਼ਾਦੀ ਤੇ ਸੁਰੱਖਿਆ ਨੂੰ ਮਾਣ ਰਹੇ ਹਾਂ । ਇਹਨਾਂ ਦੀ ਮੇਹਨਤ ਸਦਕਾ ਹੀ ਉਨ੍ਹਾਂ ਕਿਹਾ ਕਿ ਸ਼ਹੀਦ ਜਵਾਨ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਕੀਤਾ ਜਾਏਗਾ ਤੇ ਇਹ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪਰਿਵਾਰ ਦੀ ਹਰ ਸੰਭਵ ਮਦਦ ਕਰਨ ਕਿਉਂਕਿ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਆਪਣੇ ਹਲਕੇ ਅੰਮ੍ਰਿਤਸਰ ਪੱਛਮੀ ਵਿੱਚ ਹੀ ਰਹਿੰਦਾ ਹੈ। ਇਸ ਮੌਕੇ ਡਾਕਟਰ ਜਸਬੀਰ ਸਿੰਘ ਸੰਧੂ ਨੇ ਸ਼ਹੀਦ ਜਵਾਨ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਪਰਿਵਾਰ ਨੂੰ ਹਰ ਸੰਭਵ ਮਦਦ ਦੇਣ ਦਾ ਵਿਸ਼ਵਾਸ ਦਿਵਾਇਆ।

# ਡਾ. ਵੇਰਕਾ ਵੱਲੋਂ ਇੰਦਰਪਾਲ ਸਿੰਘ ਅਟਵਾਲ ਦੇ ਹੱਕ 'ਚ ਵੋਟਾਂ ਪਾਉਣ ਦੀ ਅਪੀਲ

**ਤਰਸਿਕਾ (ਤਰਸੇਮ ਸਿੰਘ ਸਾਧਪੁਰ)**-ਸਾਬਕਾ ਵਿਧਾਇਕ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਅਤੇ ਲੋਕ ਸਭਾ ਹਲਕਾ ਜਲੰਧਰ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸਰਦਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿੱਚ ਹਲਕਾ ਆਦਮਪੁਰ ਤੋਂ ਚੋਣ ਪ੍ਰਚਾਰ ਵਿਚ ਜੁਟੇ ਦਲਬੀਰ ਸਿੰਘ ਵੇਰਕਾ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿਚ ਚੋਣ ਮੀਟਿੰਗਾਂ ਕੀਤੀਆਂ ਗਈਆਂ ਜਿੱਥੇ ਉਹਨਾਂ ਨੇ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਸਾਂਝੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ਹੈ। ਡਾਕਟਰ ਵੇਰਕਾ ਨੇ ਕਿਹਾ ਕਿ ਜਲੰਧਰ ਦੇ ਲੋਕਾਂ ਨੇ ਬੜੇ ਲੰਬੇ ਅਰਸੇ ਤੋਂ ਕਾਂਗਰਸ ਪਾਰਟੀ ਨੂੰ ਵੋਟਾਂ ਪਾਈਆਂ ਪਰ ਜਲੰਧਰ ਦਾ ਵਿਕਾਸ ਨਾ ਹੋਇਆ ਹੈ ਇਸ ਲਈ ਹੋਰ ਹਲਕੇ ਦੇ ਲੋਕਾਂ ਨੂੰ ਬੜਾ ਸੋਚ ਵਿਚਾਰ ਕੇ ਫੈਸਲਾ ਲੈਣਾ ਚਾਹੀਦਾ ਹੈ ਕਿ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਭਾਰਤ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਇਸ ਲਈ ਹਲਕਾ ਜਲੰਧਰ ਦੇ ਵਿਕਾਸ ਲਈ ਇਸ ਬਾਰ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਨੂੰ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਿਆ ਜਾਵੇ ਤਾਂ ਜੋ ਜਲੰਧਰ ਦੇ ਵਿਕਾਸ ਵਿੱਚ ਕੋਈ ਕਮੀ ਨਾ ਰਹਿਣ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਮੁੱਖ ਰੱਖਦਿਆਂ ਹਰ ਵਰਗ ਸਰਕਾਰ ਦੇ ਉਲਟ ਸੜਕਾ 'ਤੇ ਉਤਰਿਆ ਹੋਇਆ ਹੈ ਅਤੇ ਇਨਸਾਫ ਲੈਣ ਲਈ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।.ਉਨ੍ਹਾਂ ਅਪੀਲ ਕੀਤੀ ਕਿ ਇਕ ਵਾਰ ਜ਼ਰੂਰ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਨੂੰ ਵੱਡੇ ਫਰਕ ਨਾਲ ਜਿਤਾਇਆ ਜਾਵੇ।

# ਖਾਲਸਾ ਕਾਲਜ ਇੰਟਰਨੈਸ਼ਨਲ ਸਕੂਲ 'ਚ ਮਿਸ਼ਰਤ ਅਨਾਜ ਦਿਵਸ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਵਿਖੇ ਅੰਤਰਰਾਸ਼ਟਰੀ ਮਿਸ਼ਰਤ ਅਨਾਜ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ। ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਅਤੇ ਵਿਆਪਕ ਭਾਈਚਾਰੇ 'ਚ ਮਿਸ਼ਰਤ ਅਨਾਜਾਂ ਦੇ ਪੌਸ਼ਟਿਕ ਲਾਭਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਇਨ੍ਹਾਂ ਦੀ ਖਪਤ ਨੂੰ ਉਤਸ਼ਾਹਿਤ ਕਰਨਾ ਸੀ। ਸਕੂਲ ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਤੇ ਉਲੀਕੇ ਇਸ ਪ੍ਰੋਗਰਾਮ 'ਚ ਸੀ. ਓ. ਪੰਜਾਬ ਬਟਾਲੀਅਨ, ਕਰਨਲ ਅਲੋਕ ਧਾਮੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ੍ਰੀ ਧਾਮੀ ਨੇ ਵਿਦਿਆਰਥੀ ਦੇ ਜੀਵਨ 'ਚ ਅਨੁਸ਼ਾਸਨ ਦੀ ਮਹੱਤਤਾ ਬਾਰੇ ਪ੍ਰੇਰਨਾਦਾਇਕ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਐਨ. ਸੀ. ਸੀ. *ਚ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਅਤੇ ਇਸ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਸਮਾਗਮ ਦੌਰਾਨ ਹੈਲਥ ਮੰਤਰ ਡਾਈਟ ਕਲੀਨਿਕ ਦੇ ਡਾਇਰੈਕਟਰ, ਡਾਇਟੀਸ਼ੀਅਨ ਗੀਤੂ ਨੇ ਵਿਦਿਆਰਥੀਆਂ ਨੂੰ ਪੌਸ਼ਟਿਕ ਖੁਰਾਕ ਸਬੰਧੀ ਜਾਣਕਾਰੀ ਦਿੱਤੀ ਉਨ੍ਹਾਂ ਨੇ ਕਈ ਪੁਰਾਣੀਆਂ ਬਿਮਾਰੀਆਂ ਨੂੰ ਰੋਕਣ 'ਚ ਬਾਜਰੇ ਤੇ ਮਿਸ਼ਰਤ ਅਨਾਜ ਦੀ ਭੂਮਿਕਾ ਬਾਰੇ ਜਾਣੂ ਕਰਵਾਇਆ। ਇਸ ਮੌਕੇ ਐਨ. ਸੀ. ਸੀ. ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਬੁੱਧੀਜੀਵੀ ਬੁਲਾਰਿਆਂ ਨਾਲ ਗੱਲਬਾਤ ਕੀਤੀ। ਇਸ ਮੌਕੇ ਪ੍ਰਿੰ: ਗਿੱਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪੌਸ਼ਟਿਕ ਭੋਜਨ ਖਾਣ ਲਈ ਪ੍ਰੇਰਿਤ ਕੀਤਾ ਅਤੇ ਸਿਹਤਮੰਦ, ਨਰੋਏ ਸਰੀਰ ਦੇ ਮਾਲਕ ਬਣਨ ਲਈ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਨਰੋਏ ਸਰੀਰ 'ਚ ਹੀ ਨਰੋਏ ਮਨ ਦਾ ਵਿਕਾਸ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਿਹਤਮੰਦ ਵਿਅਕਤੀ ਜੀਵਨ ਦੀਆਂ ਔਕੜਾਂ ਦਾ ਮੁਕਾਬਲਾ ਸਹੀ ਢੰਗ ਨਾਲ ਕਰ ਸਕਦਾ ਹੈ। ਇਸ ਲਈ ਸਾਨੂੰ ਕੁਦਰਤ ਦੇ ਨੇੜੇ ਰਹਿੰਦਿਆਂ ਪੌਸ਼ਟਿਕ ਮਿਸ਼ਰਤ ਅਨਾਜ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਮੌਕੇ ਵਿਦਿਆਰਥੀ, ਐਨ. ਸੀ ਸੀ ਕੈਡਿਟ ਅਤੇ ਅਧਿਆਪਕ ਮੌਜੂਦ ਸਨ।

# ਪਿੰਡ ਜਰਮਸਤਪੁਰ ਵਿਖੇ ਸੈਂਕੜੇ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ/ਗੌਬਿਨ ਸਿੰਘ ਸੋਨੀ)**-ਸਿੰਘ ਸਾਹਿਬ ਭਾਈ ਦਿਲਬਾਗ ਸਿੰਘ ਧਾਰੀਵਾਲ (ਹਾਲ ਗ੍ਰੰਥੀ ਸਿੰਘ) ਪਿੰਡ ਜਰਮਸਤਪੁਰ ਵੱਲੋਂ ਖਾਲਸਾ ਸਾਜਨਾ ਦਿਵਸ ਸਮੇਂ ਸੈਂਕੜੇ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ ਗਿਆ। ਭਾਈ ਸਾਹਿਬ ਵੱਲੋਂ ਬੱਚਿਆਂ ਦੀਆਂ ਗੁਰਮਤਿ ਦੀਆਂ ਕਲਾਸਾਂ ਲਾਈਆਂ ਜਾਂਦੀਆਂ ਹਨ ਅਤੇ ਬਹੁਤ ਸਾਰੇ ਬੱਚੇ ਕਵੀਸ਼ਰੀ ਵੀ ਕਰਦੇ ਹਨ। ਇਸ ਨੇਕ ਕੰਮ ਨੂੰ ਵੇਖਦੇ ਹੋਏ ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ (ਰਜਿ) ਤਰਨਤਾਰਨ ਵੱਲੋ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪ੍ਰਬੰਧਕ ਵੀਰ ਲਖਬੀਰ ਸਿੰਘ, ਬੋਹੜ ਸਿੰਘ, ਬਲਵਿੰਦਰ ਸਿੰਘ, ਜੋਗਿੰਦਰ ਸਿੰਘ ਆਧੀ, ਮਨਜਿੰਦਰ ਸਿੰਘ, ਕਰਨਜੀਤ ਸਿੰਘ, ਬਲਰਾਜ ਸਿੰਘ, ਗੁਰਜੰਟ ਸਿੰਘ, ਨਿੰਦਰ ਸਿੰਘ, ਇਕਬਾਲ ਸਿੰਘ, ਜਥੇਦਾਰ ਬਲਕਾਰ ਸਿੰਘ, ਮਨਪ੍ਰੀਤ ਸਿੰਘ, ਭਾਈ ਹਰਭਜਨ ਸਿੰਘ ਭੱਗਰੱਥ, ਮਲਕੀਤ ਸਿੰਘ ਫੌਜੀ, ਤਰਨਤਾਰਨ ਗੁਰਦੁਆਰਾ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦੇ ਗ੍ਰੰਥੀ ਸਿੰਘ ਅਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ। ਉਪਰੰਤ ਕਵੀ ਦਰਬਾਰ ਵੀ ਹੋਇਆ ਜਿਸ ਵਿੱਚ ਭਾਈ ਬਲਬੀਰ ਸਿੰਘ ਬੇਲੀ, ਭਾਈ ਦੀਦਾਰ ਸਿੰਘ ਅਤੇ ਜਸਵਿੰਦਰ ਸਿੰਘ ਢਿੱਲੋਂ ਨੇ ਭਾਗ ਲਿਆ।

# ਜੇ ਆਰ ਐੱਸ ਡੀ ਏ ਵੀ ਪਬਲਿਕ ਸਕੂਲ ਝਬਾਲ ਵਿਖੇ ਮਨਾਇਆ ਰੈੱਡ ਕਰਾਸ ਦਿਹਾੜਾ



**ਝਬਾਲ (ਹਰਜਿੰਦਰ ਸਿੰਘ ਸੋਨੀ/ਗੌਬਿਨ ਸਿੰਘ ਸੋਨੀ)**-ਜੇ ਆਰ ਐਸ ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਡੀਏਵੀ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਡੀਏਵੀ ਯੂਨੀਵਰਸਿਟੀ ਦੇ ਕੁੱਲਪਤੀ ਪਦਮਸ਼੍ਰੀ ਅਵਾਰਡ ਨਾਲ ਨਿਵਾਜੇ ਡਾਕਟਰ ਪੂਨਮ ਸੂਰੀ, ਏਡਿਡ ਅਤੇ ਪਬਲਿਕ ਸਕੂਲਾਂ ਦੇ ਡਾਇਰੈਕਟਰ ਜੇ. ਪੀ. ਸੂਰ, ਚੇਅਰਮੈਨ ਮਹੇਸ਼ ਚੋਪੜਾ, ਪੰਜਾਬ ਜ਼ੋਨ-ਏ ਦੇ ਖੇਤਰੀ ਅਧਿਕਾਰੀ ਡਾਕਟਰ ਨੀਲਮ ਕਾਮਰਾ, ਸਕੂਲ ਦੇ ਮੈਨੇਜਰ ਨੀਰਾ ਸਰਮਾ ਅਤੇ ਜੇ. ਆਰ. ਐਸ. ਡੀ ਏ ਵੀ ਪਬਲਿਕ ਸਕੂਲ ਝਬਾਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਵਿੱਚ ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਵਿਖੇ 'ਰੈੱਡ ਕਰਾਸ ਡੇਅ ਮਨਾਇਆ ਗਿਆ ਜਿਸ ਵਿੱਚ ਸਕੂਲ ਦੇ ਬੱਚਿਆਂ ਨੇ ਸਲੋਗਨ ਬੋਲੇ, ਭਾਸ਼ਣ ਦਿੱਤੇ ਅਤੇ ਮੈਡਮ ਲਿਵਿਆ ਨੇ ਇਸ ਦੇ ਇਤਿਹਾਸ ਤੇ ਚਾਨਣਾ ਪਾਇਆ। ਇਸ ਮੌਕੇ ਗੁਰੂ ਨਾਨਕ ਦੇਵ ਡੀ ਏ ਵੀ ਪਬਲਿਕ ਸਕੂਲ ਭਿੱਖੀਵਿੰਡ ਦੇ ਪ੍ਰਿੰਸੀਪਲ ਪਰਮਜੀਤ ਕੁਮਾਰ ਉਚੇਚੇ ਤੌਰ ਤੇ ਸ਼ਾਮਿਲ ਹੋਏ। ਉਨਾਂ ਨੇ ਬੱਚਿਆਂ ਨੂੰ ਭਾਈ ਘਨ੍ਹਈਆ ਦੀ ਕਹਾਣੀ ਸੁਣਾਈ ਤੇ ਦੱਸਿਆ ਕਿ ਭਾਰਤ ਵਿੱਚ ਇਸ ਸੰਸਥਾ ਦਾ ਮੁੱਢ ਭਾਈ ਘਨ੍ਹਈਆ ਤੋਂ ਬੱਝਾ। ਉਨਾਂ ਨੇ ਬੱਚਿਆਂ ਨੂੰ ਦੂਸਰਿਆਂ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਇਸ ਮੌਕੇ ਤੇ ਬੋਲਦੇ ਹੋ ਕਿਹਾ ਕਿ ਜੇ ਰੈਡ ਕਰਾਸ ਦੀ ਵਿਚਾਰਧਾਰਾ ਨੂੰ ਅਪਨਾਉਂਦੇ ਹੋਏ ਬੱਚਿਆਂ ਵਿੱਚ ਸਕੂਲੀ ਵਿੱਦਿਆ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਦੀ ਭਾਵਨਾ ਭਰ ਦਿੱਤੀ ਜਾਵੇ ਤਾਂ ਸਮਾਜ ਦਾ ਹਰ ਬੱਚਾ ਪਰਿਵਾਰ, ਸਮਾਜ ਹੀ ਨਹੀਂ ਬਲਕਿ ਦੇਸ਼ ਦੇ ਲਈ ਨਿਸ਼ਕਾਮ ਸੇਵਕ ਬਣ ਕੇ ਕਿੰਨੀਆਂ ਹੀ ਜ਼ਿੰਦਗੀਆਂ ਬਚਾ ਕੇ ਦੇਸ਼ ਦੀ ਸੱਚੀ ਸੇਵਾ ਕਰਦੇ ਹੋਏ ਜਨ ਕਲਿਆਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

# ਨਗਰ ਕੌਂਸਲ 'ਚ ਨਵੇਂ ਈਓ ਜਗਤਾਰ ਸਿੰਘ ਨੇ ਅਹੁਦਾ ਸੰਭਾਲਿਆ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਜੰਡਿਆਲਾ ਨਗਰ ਕੌਂਸਲ ਦਫਤਰ ਨਵੇਂ ਆਏ ਕਾਰਜਸਾਧਕ ਅਫਸਰ ਜਗਤਾਰ ਸਿੰਘ ਨੇ ਅਹੁਦਾ ਸੰਭਾਲਿਆ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਉਹ ਪਹਿਲਾਂ ਵੀ ਜੰਡਿਆਲਾ ਸ਼ਹਿਰ ਵਾਸੀਆ ਦੀ ਸੇਵਾ ਕਰ ਚੁੱਕੇ ਹਨ ਅਤੇ ਹੁਣ ਵੀ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹਿਣਗੇ। ਉਨ੍ਹਾਂ ਦੱਸਿਆ ਕਿ ਸਫਾਈ ਨੂੰ ਪਹਿਲ ਦੇ ਆਧਾਰ ਤੇ ਠੀਕ ਕੀਤਾ ਜਾਵੇਗਾ। ਉਨ੍ਹਾਂ ਦਾ ਦਫਤਰ ਵਿਚ ਗਗਨਦੀਪ ਸਿੰਘ ਐੱਸਓ, ਪਵਨ ਕੁਮਾਰ ਡੀਪੀ ਇੰਟਰਪ੍ਰਾਈਜ਼ਿਜ਼ ਨੇ ਸਵਾਗਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਇੰਸਪੈਕਟਰ, ਗੁਰਲਾਲ ਸਿੰਘ ਅਕਾਊਂਟੈਂਟ, ਗੁਰਿੰਦਰ ਸਿੰਘ ਐੱਸਡੀਓ, ਸੰਕਲਪ ਸੈਨੇਟਰੀ ਇੰਸਪੈਕਟਰ ਅਤੇ ਯੁਵਰਾਜ ਸਿੰਘ ਸੁਪਰਡੈਂਟ ਆਦਿ ਹਾਜ਼ਰ ਸਨ।



# ਖਾਲਸਾ ਕਾਲਜ ਆਫ ਲਾਅ ਦੇ ਵਿਦਿਆਰਥੀਆਂ ਯੂਨੀਵਰਸਿਟੀ ਪ੍ਰੀਖਿਆਵਾਂ 'ਚ ਮਾਰੀਆਂ ਮੱਲਾਂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖਾਲਸਾ ਕਾਲਜ ਆਫ ਲਾਅ ਦੇ ਵਿਦਿਆਰਥੀਆਂ ਨੇ ਬੀ. ਏ., ਐੱਲ. ਐੱਲ. ਬੀ. (5 ਸਾਲਾ ਕੋਰਸ) ਸਮੈਸਟਰ 7ਵਾਂ ਦੀ ਵਿਦਿਆਰਥਣ ਨੰਦਿਨੀ ਨੇ ਕੁਲ 500 ਅੰਕਾਂ 'ਚੋਂ 352 ਅੰਕਾਂ ਨਾਲ ਯੂਨੀਵਰਸਿਟੀ 'ਚੋਂ ਤੀਜਾ ਸਥਾਨ ਹਾਸਲ ਕੀਤਾ ਜਦਕਿ ਬੀ. ਏ., ਐੱਲ. ਐੱਲ. ਬੀ. (5 ਸਾਲਾ ਕੋਰਸ) ਸਮੈਸਟਰ ਪਹਿਲਾ ਦੀਆਂ ਵਿਦਿਆਰਥਣਾਂ ਸ਼ਿਵਾਂਗੀ ਭਾਟੀਆ ਨੇ 425 ਅੰਕਾਂ (ਕੁਲ 600 ਅੰਕਾਂ 'ਚੋਂ), ਸੋਫੀਆ ਨੇ 420 ਅੰਕਾਂ ਅਤੇ ਇਸ਼ਮਪ੍ਰੀਤ ਕੌਰ ਨੇ 411 ਅੰਕਾਂ ਨਾਲ ਕਾਲਜ 'ਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰ ਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਕਾਲਜ ਦੇ ਡਾਇਰੈਕਟਰ-ਕਮ-ਪ੍ਰਿੰਸੀਪਲ ਪ੍ਰੋ. (ਡਾ.) ਜਸਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਕਾਲਜ ਦੀਆਂ ਹੋਰਨਾਂ ਵਿਦਿਆਰਥਣਾਂ ਨੇ ਵੀ ਜਿਸ 'ਚ ਬੀ.ਏ., ਐੱਲ. ਐੱਲ. ਬੀ (5 ਸਾਲਾ ਕੋਰਸ) ਸਮੈਸਟਰ 9ਵਾਂ ਦੀਆਂ ਵਿਦਿਆਰਥਣਾਂ ਖੁਸ਼ਦੀਪ ਕੌਰ ਨੇ 364 ਅੰਕਾਂ (ਕੁਲ 500 ਅੰਕਾਂ 'ਚੋਂ) ਨਾਲ ਪਹਿਲਾ, ਸੁਖਮਨਦੀਪ ਕੌਰ ਨੇ 363 ਅੰਕਾਂ ਨਾਲ ਦੂਜਾ ਅਤੇ ਜਸ਼ਨਪ੍ਰੀਤ ਕੌਰ ਨੇ 362 ਅੰਕਾਂ ਨਾਲ ਕਾਲਜ 'ਚੋਂ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਜਦ ਕਿ ਬੀ. ਕਾਮ. ਐੱਲ. ਐੱਲ. ਬੀ. (5 ਸਾਲਾ ਕੋਰਸ) ਸਮੈਸਟਰ ਨੌਵਾਂ ਦੀਆਂ ਵਿਦਿਆਰਥਣਾਂ ਹਰਸ਼ਾ ਨੇ 357 ਅੰਕਾਂ (ਕੁਲ 500 ਅੰਕਾਂ 'ਚੋਂ) ਨਾਲ ਪਹਿਲਾ, ਪਲਕ ਚਾਵਲਾ ਨੇ 354 ਅੰਕਾਂ ਨਾਲ ਦੂਜਾ ਅਤੇ ਸੰਜਨਾ ਨੇ 343 ਅੰਕਾਂ ਨਾਲ ਕਾਲਜ 'ਚੋਂ ਤੀਜਾ ਸਥਾਨ ਹਾਸਲ ਕੀਤਾ ਹੈ।

ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਗਾਂਹ ਹੋਰ ਵੀ ਮਿਹਨਤ ਕਰਕੇ ਆਪਣਾ ਅਤੇ ਆਪਣੇ ਕਾਲਜ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਗੁਨੀਸ਼ਾ ਸਲੂਜਾ, ਡਾ. ਰਾਸ਼ੀਮਾ ਚੰਗੋਤਰਾ, ਡਾ. ਦਿਵਿਆ ਸ਼ਰਮਾ, ਡਾ. ਪੁਰਨਿਮਾ ਖੰਨਾ, ਪ੍ਰੋ. ਮੁਨੀਸ਼ ਕੁਮਾਰ, ਪ੍ਰੋ. ਜਸਦੀਪ ਸਿੰਘ ਆਦਿ ਸਟਾਫ ਹਾਜ਼ਰ ਸੀ।

# ਲੋਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਪਠਾਨਕੋਟ ਪੁਲਸ ਨੇ ਕੱਢਿਆ ਫਲੈਗ ਮਾਰਚ



**ਪਠਾਨਕੋਟ,(ਦਵਿੰਦਰ ਸਿੰਘ)**-ਪਠਾਨਕੋਟ ਪੁਲਸ ਨੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹੇ ਵਿੱਚ ਫਲੈਗ ਮਾਰਚ ਕੱਢਿਆ। ਫਲੈਗ ਮਾਰਚ ਦੀ ਅਗਵਾਈ ਸੀਨੀਅਰ ਪੁਲਸ ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਕੀਤੀ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀ ਵੀ ਉਨ੍ਹਾਂ ਦੇ ਨਾਲ ਸਨ। ਇਸ ਮੌਕੇ ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਫਲੈਗ ਮਾਰਚ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਡੀ ਵਚਨਬੱਧਤਾ ਦਾ ਪ੍ਰਤੀਕ ਸੰਕੇਤ ਹੈ। ਅਸੀਂ ਚਾਹੁੰਦੇ ਹਾਂ ਕਿ ਪਠਾਨਕੋਟ ਦੇ ਲੋਕ ਸੁਰੱਖਿਅਤ ਮਹਿਸੂਸ ਕਰਨ ਅਤੇ ਪਠਾਨਕੋਟ ਪੁਲਸ ਕਿਸੀ ਵੀ ਮੁਸੀਬਤ ਨੂੰ ਨੱਥ ਪਾਉਣ ਲਈ ਅਤੇ ਕਿਸੇ ਵੀ ਸਥਿਤੀ ਨੂੰ ਸੰਭਾਲਣ ਲਈ ਅਸੀਂ ਪੂਰੀ ਤਰ੍ਹਾਂ ਤਿਆਰ ਹਾਂ। ਫਲੈਗ ਮਾਰਚ ਨੂੰ ਪਠਾਨਕੋਟ ਦੇ ਲੋਕਾਂ ਵੱਲੋਂ ਸਕਾਰਾਤਮਕ ਹੁੰਗਾਰਾ ਮਿਲਿਆ, ਜਿਨ੍ਹਾਂ ਨੇ ਆਪਣੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲਿਸ ਦੇ ਯਤਨਾਂ ਦੀ ਸਲਾਘਾ ਕੀਤੀ ਹੈ। ਮਾਰਚ ਨੇ ਨਾਗਰਿਕਾਂ ਨੂੰ ਸੁਚੇਤ ਰਹਿਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਪੁਲਸ ਨੂੰ ਰਿਪੋਰਟ ਕਰਨ ਲਈ ਵੀ ਯਾਦ ਦਿਵਾਇਆ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਕਿਸੇ ਵੀ ਐਮਰਜੈਂਸੀ ਜਾਂ ਸਹਾਇਤਾ ਲਈ ਨਾਗਰਿਕਾਂ ਨੂੰ ਪੁਲਸ ਹੈਲਪਲਾਈਨ ਨੰਬਰ: 112 ਜਾਂ 181 ਤੇ ਕਾਲ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸਠਿਆਲੀ ਵੱਲੋਂ ਮੀਟਿੰਗ ਆਯੋਜਿਤ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਸਠਿਆਲੀ ਦੇ 30 ਪਿੰਡਾਂ ਨੂੰ ਆਉਣ ਵਾਲੇ ਸੰਘਰਸ਼ਾਂ ਨੂੰ ਹੋਰ ਪ੍ਰਚੰਡ ਕਰਨ ਵਾਸਤੇ ਤਿਆਰੀਆਂ ਸਬੰਧੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਬੋਹੜੀ ਸਾਹਿਬ (ਨੇੜੇ ਅੱਡਾ ਡੇਹਰੀਵਾਲ ਦਰੋਗਾ) ਵਿਖੇ ਹੋਈ। ਇਸ ਸਬੰਧੀ ਜ਼ੋਨ ਪ੍ਰੈਸ਼ ਸਕੱਤਰ ਹਰਚਰਨ ਸਿੰਘ ਧਾਰੀਵਾਲ ਕਲਾਂ ਤੇ ਸਹਾਇਕ ਖਜਾਨਚੀ ਸਤਨਾਮ ਸਿੰਘ ਖਾਨਮਲੱਕ ਨੇ ਪ੍ਰੈੱਸ ਨੂੰ ਦੱਸਿਆ ਕਿ ਜਥੇਬੰਦੀ ਦੇ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਅਤੇ ਜ਼ੋਨ ਸਠਿਆਲੀ ਦੇ ਪ੍ਰਧਾਨ ਗੁਰਮੁੱਖ ਸਿੰਘ ਖਾਨਮਲੱਕ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਜ਼ੋਨ ਸਠਿਆਲੀ ਦੇ 30 ਪਿੰਡਾਂ ਦੀਆਂ ਕੋਰ ਕਮੇਟੀਆਂ ਦੇ ਅਹੁਦੇਦਾਰਾਂ ਤੇ ਆਗੂਆਂ ਸਮੂਲੀਅਤ ਕੀਤੀ। ਮੀਟਿੰਗ ਦੌਰਾਨ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਵਲੋਂ ਹਾਜਰ ਵੱਖ ਵੱਖ ਪਿੰਡਾਂ ਦੀਆਂ ਇਕਾਈਆਂ ਤੋਂ ਫੰਡਾਂ ਦੇ ਹਿਸਾਬ ਕਿਤਾਬ ਲਏ ਗਏ ਤੇ ਹੱਕਾਂ ਲਈ ਸੰਘਰਸ਼ ਨੂੰ ਹੋਰ ਪ੍ਰਚੰਡਤਾ ਦੇਣ ਲਈ ਤਿਆਰੀਆਂ ਤੇ ਜ਼ੋਰ ਦਿੱਤਾ। ਇਸ ਮੌਕੇ ਬੁਲਾਰਿਆਂ ਵਲੋਂ ਵਿਚਾਰ ਸਾਂਝੇ ਕਰਦਿਆਂ ਮੰਗ ਕੀਤੀ ਕਿ ਸਾਇਲੋ ਪਲਾਂਟਾਂ ਨੂੰ ਬੰਦ ਕਰਕੇ ਮੰਡੀਆਂ ਨੂੰ ਬਹਾਲ ਰੱਖਿਆ ਜਾਵੇ, ਚਿੱਪਵਾਲੇ ਮੀਟਰ ਲਾਉਣੇ ਬੰਦ ਕਰਨ, ਨਹਿਰੀ ਪਾਣੀ ਨੂੰ ਪੰਜਾਬ ਦੇ ਹਰੇਕ ਖੇਤ ਤੱਕ ਸੂਏ/ਖਾਲ੍ਹਾਂ ਨੂੰ ਬਹਾਲ ਕਰਕੇ ਨਹਿਰੀ ਪਾਣੀ ਖੇਤਾਂ ਵਿੱਚ ਪਹੁੰਚਾਉਣ, ਡਰੇਨਾ ਦੀ ਸਫਾਈ ਕਰਕੇ ਨੀਵੇਂ ਪਿੰਡ ਦੇ ਪਾਣੀ ਦਾ ਨਿਕਾਸ ਕਰਨ, ਨੈਸ਼ਨਲ ਹਾਈਵੇ ਥੱਲੇ ਆਉਂਦੀਆਂ ਇਕਵਾਇਰ ਕੀਤੀਆਂ ਜ਼ਮੀਨਾਂ ਦਾ ਸਹੀ ਮੁੱਲ ਪੈਸੇ ਬਣਾ ਕੇ ਕਿਸਾਨ ਦੇ ਖਾਤਿਆਂ ਵਿੱਚ ਪਾਏ ਜਾਣ ਬਾਅਦ ਹੀ ਕਬਜਾ ਕੀਤਾ ਜਾਵੇ। ਗੰਨੇ ਦੀ ਬਕਾਇਆ ਪੇਮੈਂਟ ਤੁਰੰਤ ਕੀਤੀ ਜਾਵੇ। ਪੱਕੇ ਰੋਡਾਂ ਦੀ ਮੁਰੰਮਤ ਕੀਤੀ ਜਾਵੇ ਅਤੇ ਪਿੰਡਾਂ ਵਿੱਚ ਡੇਰਿਆਂ ਨੂੰ ਜਾਂਦੇ ਕੱਚੇ ਰਸਤੇ ਪੱਕੇ ਕੀਤੇ ਜਾਣ ਮੁੱਦਿਆ ਤੇ ਵਿਚਾਰ ਚਰਚਾ ਕੀਤੀ ਗਈ। ਜੱਥੇਬੰਦੀ ਦੇ ਆਗੂਆਂ ਨੇ ਚੇਤਾਵਨੀ ਦਿੰਦਿਆਂ ਆਖਿਆ ਕਿ ਜੇਕਰ ਉੱਕਤ ਮਸਲਿਆਂ ਦਾ ਸਰਕਾਰਾਂ ਨੇ ਜਲਦ ਹੱਲ ਨਾ ਕੀਤਾ ਤਾਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਸੰਘਰਸ਼ਾਂ ਨੂੰ ਹੋਰ ਪ੍ਰਚੰਡ ਕਰੇਗੀ। ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ, ਜ਼ੋਨ ਪ੍ਰਧਾਨ ਗੁਰਮੁੱਖ ਸਿੰਘ, ਸਤਨਾਮ ਸਿੰਘ ਖਾਨਮਲੱਕ, ਲੱਖਵਿੰਦਰ ਸਿੰਘ ਕਾਲਾਬਾਲਾ, ਹਰਚਰਨ ਸਿੰਘ, ਸਾਹਿਬ ਸਿੰਘ, ਤਰਸੇਮ ਸਿੰਘ ਧਾਰੀਵਾਲ ਕਲਾਂ, ਭਗਤ ਸਿੰਘ, ਅਜੀਤ ਸਿੰਘ ਭਿੱਟੇਵੱਢ, ਜਸਵੰਤ ਸਿੰਘ ਤੇ ਕਮੇਟੀ ਨੈਨੋਕੋਟ ਗੁਰਪ੍ਰੀਤ ਸਿੰਘ, ਹਰਵੰਤ ਸਿੰਘ ਕੋਟ ਟੋਡਰਮੱਲ, ਅਵਤਾਰ ਸਿੰਘ, ਰਜਿੰਦਰ ਸਿੰਘ ਕੋਟਬੁੱਢਾ, ਤਰਸੇਮ ਸਿੰਘ ਮੱਲ੍ਹੀਆਂ, ਸ਼ਮਸ਼ੇਰ ਸਿੰਘ, ਰਣਜੀਤ ਸਿੰਘ,ਅਮਰੀਕ ਸਿੰਘ, ਦਵਿੰਦਰ ਸਿੰਘ ਲੋਦੀਪੁਰ, ਹੇਮ ਸਿੰਘ, ਇਕਬਾਲ ਸਿੰਘ ਸਰਸਪੁਰ, ਅਜੀਤ ਸਿੰਘ ਗਿੱਲਮੰਜ਼, ਕੁਲਵੰਤ ਸਿੰਘ ਠੰਕਰਸੰਧੂ, ਨਿਰਮਲ ਸਿੰਘ ਰਾਮਪੁਰ, ਗੁਰਮੇਲ ਸਿੰਘ ਤੱਤਲੇ ਆਦਿ ਕਿਸਾਨ ਮਜ਼ਦੂਰ ਆਗੂ ਹਾਜ਼ਰ ਸਨ।

# ਥਾਣਾ ਜੰਡਿਆਲਾ ਗੁਰੂ ਦਾ ਇਕ ਅਧਿਕਾਰੀ ਬਣਿਆ ਚਰਚਾ ਦਾ ਵਿਸ਼ਾ, ਜਾਂਚ ਦੀ ਮੰਗ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਜੰਡਿਆਲਾ ਗੁਰੂ ਥਾਣੇ ਵਿਚ ਸਥਿਤ ਇਕ ਏਐੱਸਆਈ ਇਕ ਪਰਚੇ ਦੇ ਕਾਰਣ ਚਰਚਾਵਾਂ ਵਿਚ ਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਨਾਮਕ ਇਕ ਨੌਜਵਾਨ ਵੱਲੋਂ ਢਾਈ ਲੱਖ ਦੇ ਕਰੀਬ 400 ਕਿਲੋ ਸਕਰੈਪ ਚੋਰੀ ਦੀ ਇਕ ਦਰਖਾਸਤ ਥਾਣਾ ਜੰਡਿਆਲਾ ਗੁਰੂ ਨੂੰ ਦਿੱਤੀ ਸੀ ਜਿਸ ਤੋਂ ਬਾਅਦ 4 ਦੋਸ਼ੀਆਂ ਦੇ ਖਿਲਾਫ ਪਰਚਾ ਨੰਬਰ 0099 ਮਿਤੀ 6 ਮਈ ਨੂੰ ਮਾਮਲਾ ਦਰਜ ਕਰ ਦਿੱਤਾ ਗਿਆ। ਇਸ ਸਬੰਧੀ ਜਦ ਸ਼ਿਕਾਇਤਕਰਤਾ ਗੁਰਪ੍ਰੀਤ ਸਿੰਘ ਤਫਤੀਸ਼ੀ ਅਫਸਰ ਹਰਜਿੰਦਰ ਸਿੰਘ ਕੋਲੋਂ ਪਰਚੇ ਦੀ ਕਾਪੀ ਲੈਣ ਗਿਆ ਤਾਂ ਗੁਰਪ੍ਰੀਤ ਸਿੰਘ ਅਨੁਸਾਰ ਉਸ ਅੱਗੇ ਇਕ ਨਵੀ ਦਰਖਾਸਤ ਪੇਸ਼ ਕਰਦੇ ਹੋਏ ਉਸ ਉਪਰ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਨਵੀਂ ਦਰਖਾਸਤ ਉਪਰ ਦਸਤਖ਼ਤ ਕਰੇ ਜਿਸ ਵਿਚੋਂ ਇਕ ਦੋਸ਼ੀ ਦਾ ਨਾਮ ਗਾਇਬ ਸੀ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੇਰੇ ਪਿਤਾ ਦੀ ਮੌਤ ਹੋ ਚੁੱਕੀ ਹੈ। ਇਸ ਲਈ ਸਾਰਾ ਕੰਮ ਮੈਂ ਆਪਣੇ ਚਾਚਾ ਵਰਿੰਦਰ ਸਿੰਘ ਮਲਹੋਤਰਾ ਨੂੰ ਪੁੱਛ ਕੇ ਕਰਦਾ ਹਾਂ। ਇਸ ਲਈ ਮੈਂ ਘਰੋਂ ਪੁੱਛ ਕੇ ਫਿਰ ਵਾਪਿਸ ਆ ਜਾਂਦਾ ਹਾਂ। ਵਰਿੰਦਰ ਸਿੰਘ ਮਲਹੋਤਰਾ ਨੇ ਇਸ ਸਬੰਧੀ ਐੱਸਐੱਚਓ ਬਲਵਿੰਦਰ ਸਿੰਘ ਅਤੇ ਐੱਸਪੀ ਇਨਵੈਸਟੀਗੇਸ਼ਨ ਯੁਵਰਾਜ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਸੇ ਵੀ ਨਵੀਂ ਦਰਖਾਸਤ ਉਪਰ ਦਸਤਖਤ ਕਰਨ ਤੋਂ ਇਹ ਕਹਿਕੇ ਮਨ੍ਹਾ ਕਰ ਦਿੱਤਾ ਕਿ ਪਰਚਾ ਕੱਟਿਆ ਗਿਆ। ਹੁਣ ਕੋਈ ਦਰਖਾਸਤ ਦੀ ਲੋੜ ਨਹੀਂ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਤਫਤੀਸ਼ੀ ਅਫਸਰ ਹਰਜਿੰਦਰ ਸਿੰਘ ਵਲੋਂ ਉਸਨੂੰ ਫੋਨ 'ਤੇ ਫਿਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਵਰਿੰਦਰ ਸਿੰਘ ਮਲਹੋਤਰਾ ਪ੍ਰਧਾਨ ਜੰਡਿਆਲਾ ਪ੍ਰੈਸ ਕਲੱਬ ਨੇ ਮੁੱਖ ਮੰਤਰੀ ਪੰਜਾਬ, ਡੀਜੀਪੀ ਪੰਜਾਬ ਤੋਂ ਇਲਾਵਾ ਅੰਮ੍ਰਿਤਸਰ ਦਿਹਾਤੀ ਦੇ ਸੀਨੀਅਰ ਅਫਸਰਾਂ ਕੋਲੋਂ ਮੰਗ ਕੀਤੀ ਕਿ ਅਜਿਹੇ ਅਫਸਰਾਂ ਦੀ ਜਾਂਚ ਪੜਤਾਲ ਕਰਨ ਤੋਂ ਬਾਅਦ ਉਸਦੇ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਹਰਜਿੰਦਰ ਸਿੰਘ ਨਾਲ ਪੱਤਰਕਾਰ ਵਲੋਂ ਫੋਨ 'ਤੇ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਗੁਰਪ੍ਰੀਤ ਦੀ ਦਰਖਾਸਤ ਝੂਠੀ ਹੈ। ਉਸਦੀ 400 ਕਿਲੋ ਨਹੀਂ 10 ਕਿਲੋ ਸਕਰੈਪ ਚੋਰੀ ਹੋਈ ਹੈ ਜੋ ਕਿ ਹਾਸੋਹੀਣਾ ਬਿਆਨ ਸਾਬਿਤ ਹੁੰਦਾ ਹੈ।

# ਬਾਬਾ ਬਲਬੀਰ ਸਿੰਘ ਨੇ ਬੁੰਗਾ ਰਾਮਗੜ੍ਹੀਆ ਤੇ ਬੁੱਢਾ ਦਲ ਨਾਲ ਸਬੰਧਤ ਇਤਿਹਾਸਕ ਯਾਦਗਾਰਾਂ ਦਾ ਲਿਆ ਜਾਇਜ਼ਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਇਕ ਲਿਖਤੀ ਪ੍ਰੈਸ ਨੋਟ ਵਿਚ ਦੱਸਿਆ ਕਿ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਨਾਲ ਲੱਗਦੇ ਸਬੰਧਤ ਇਤਿਹਾਸਕ ਬੁੰਗੇ ਅਤੇ ਯਾਦਗਾਰਾਂ ਦਾ ਅਚਨਚੇਤ ਨਿਰੀਖਣ ਕਰਨ ਲਈ ਪਹੁੰਚੇ। ਉਨ੍ਹਾਂ ਯਾਦਗਾਰਾਂ ਅਤੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਬੁੰਗੇ ਦੀ ਪੁਰਾਤਨ ਮਹੱਤਤਾ ਅਤੇ ਮੌਜੂਦਾ ਸਥਿਤੀ ਸਬੰਧੀ ਆਪਣੇ ਸਾਥੀਆਂ ਨਾਲ ਦੀਰਘ ਵਿਚਾਰ ਵਟਾਂਦਰਾ ਕੀਤਾ। ਨਿਹੰਗ ਬਾਬਾ ਬਲਬੀਰ ਸਿੰਘ ਨੇ ਸਿੱਖਾਂ ਦੇ ਮਹਾਨ ਜਰਨੈਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ ਬੁੰਗੇ ਵਿੱਚ ਸੁਸ਼ੋਭਿਤ ਦਿੱਲੀ ਦੇ ਲਾਲ ਕਿਲ੍ਹੇ ਤੋਂ ਲਿਆਂਦੇ ਤਖ਼ਤ-ਏ-ਤਾਉਸ ਦੀ ਮੌਜੂਦਾ ਸਥਿਤੀ ਦਾ ਵੀ ਜਾਇਜ਼ਾ ਲਿਆ। ਸ. ਬੇਦੀ ਨੇ ਦੱਸਿਆ ਕਿ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ ਨੇ ਆਪਣੀ ਇਸ ਫੇਰੀ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਨਾਲ ਲੱਗਦੇ ਗੁ: ਬਾਬਾ ਅਟੱਲ ਰਾਏ ਸਾਹਿਬ ਵਿਖੇ ਸਜਦਾ ਕਰਨ ਉਪਰੰਤ ਬੁੱਢਾ ਦਲ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤੀਸਰੇ ਅਤੇ ਚੌਥੇ ਤਤਕਾਲੀ ਜਥੇਦਾਰ ਰਹੇ ਸਿੰਘ ਸਾਹਿਬ ਜਥੇਦਾਰ ਨਵਾਬ ਕਪੂਰ ਸਿੰਘ ਅਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ ਅੰਗੀਠਿਆਂ ਦੀ ਮੌਜੂਦਾ ਸਥਿਤੀ ਦਾ ਵੀ ਜਾਇਜ਼ਾ ਲੈਂਦਿਆਂ ਕਿਹਾ ਕਿ ਇਸ ਸਮੇਂ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਬੁੰਗੇ ਦਾ ਪ੍ਰਬੰਧ ਤਾਂ ਸ੍ਰੀ ਦਰਬਾਰ ਸਾਹਿਬ (ਸ਼੍ਰੋਮਣੀ ਕਮੇਟੀ) ਪਾਸ ਹੈ। ਸਿੰਘ ਸਾਹਿਬ ਨਵਾਬ ਕਪੂਰ ਸਿੰਘ ਅਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ ਅੰਗੀਠਿਆ ਦਾ ਪ੍ਰਬੰਧ ਸਰਕਾਰ ਪਾਸ ਹੈ ਪਰ ਇਹ ਇਤਿਹਾਸਕ ਯਾਦਗਾਰਾਂ ਦੀ ਮੌਜੂਦਾ ਦਿੱਖ ਅਨੁਸਾਰ ਆਪਣੇ ਇਤਿਹਾਸ ਦਾ ਢੁੱਕਵਾਂ ਪ੍ਰਗਟਾਵਾ ਨਹੀਂ ਕਰ ਰਹੀਆਂ। ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਸਪੱਸ਼ਟ ਕਰਦਿਆਂ ਕਿਹਾ ਜਾਂ ਤਾਂ ਪੰਜਾਬ ਸਰਕਾਰ ਇਨ੍ਹਾਂ ਇਤਿਹਾਸਕ ਅਸਥਾਨਾਂ ਨੂੰ ਵੱਡਅਕਾਰੀ ਅਤੇ ਜਿਸ ਇਤਿਹਾਸ ਦੀਆਂ ਇਹ ਮਾਲਕ ਰਹੀਆਂ, ਨੂੰ ਦਰਸਾਉਂਦੀਆਂ ਬਣਾਇਆ ਜਾਵੇ ਨਹੀਂ ਤਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਇਨ੍ਹਾਂ ਅਸਥਾਨਾਂ ਦੀ ਸੇਵਾ ਸੰਭਾਲ ਕਰਨ ਲਈ ਤੱਤਪਰ ਤਿਆਰ ਹੈ।

# ਚੇਅਰਮੈਨ ਚੀਮਾ ਵੱਲੋਂ ਪਿੰਡ ਸਭਰਾਂ 'ਚ ਨਹਿਰੀ ਖਾਲ ਬਣਾਉਣ ਦਾ ਉਦਘਾਟਨ



**ਤਰਨਤਾਰਨ (ਪ੍ਰਿਤਪਾਲ ਸਿੰਘ)**-ਰਣਜੀਤ ਸਿੰਘ ਚੀਮਾ ਚੇਅਰਮੈਨ ਜਲ ਸਰੋਤ ਵਿਭਾਗ ਵੱਲੋਂ ਪੱਟੀ ਹਲਕੇ ਦੇ ਪਿੰਡ ਸਭਰਾਂ ਵਿਖੇ ਨਹਿਰੀ ਖਾਲ ਬਣਾਉਣ ਦਾ ਉਦਘਾਟਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਰਣਜੀਤ ਸਿੰਘ ਚੀਮਾ ਚੇਅਰਮੈਨ ਜਲ ਸਰੋਤ ਵਿਭਾਗ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਾਸੋਂ ਪੱਟੀ ਹਲਕੇ ਲਈ ਸੌ ਕਰੋੜ ਰੁਪਏ ਦਾ ਪ੍ਰੋਜੈਕਟ ਲਿਆਂਦਾ ਗਿਆ ਹੈ ਜਿਸ ਦੇ ਪੂਰਾ ਹੋਣ ਨਾਲ ਕਿਸਾਨਾਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਨਹਿਰੀ ਖਾਲ ਬਣਾਉਣ ਦੇ ਪ੍ਰੋਜੈਕਟ ਤਹਿਤ 727 ਕਿਲੋਮੀਟਰ ਜ਼ਮੀਨ ਵਿੱਚ ਪਾਈਪ ਪਾਏ ਜਾਣਗੇ ਜਿਸ ਤਹਿਤ 24246 ਹੈਕਟੇਅਰ ਰਕਬਾ ਕਵਰ ਕੀਤਾ ਜਾਵੇਗਾ। ਇਸ ਮੌਕੇ ਚੇਅਰਮੈਨ ਰਣਜੀਤ ਸਿੰਘ ਚੀਮਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਨਹਿਰ ਨਾਲ ਲੱਗਦੀ ਹੈ ਉਹ ਆਪੋ ਆਪਣੀਆਂ ਜ਼ਮੀਨਾਂ ਵਿਚ ਖਤਮ ਹੋ ਚੁੱਕੇ ਖਾਲ ਨੂੰ ਆਪ ਹੀ ਬਣਾ ਲੈਣ ਅਤੇ ਫਸਲਾਂ ਦੀ ਸਿੰਚਾਈ ਕਰਨ। ਇਸ ਨਾਲ ਧਰਤੀ ਵਿਚਲੇ ਪਾਣੀ ਦਾ ਬਚਾਅ ਹੋਵੇਗਾ। ਉਨ੍ਹਾਂ ਕਿਹਾ ਕਿ ਆਪ ਦਾ ਮੰਤਵ ਪੰਜਾਬ ਨੂੰ ਹਰ ਪੱਖੋਂ ਖੁਸ਼ਹਾਲ ਅਤੇ ਤਰੱਕੀਸ਼ੁਦਾ ਬਣਾਉਣਾ ਹੈ ਜਿਸ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਸੁਖਦੀਪ ਸਿੰਘ ਐੱਸਡੀਓ ਨਹਿਰੀ ਵਿਭਾਗ, ਕੁਲਜੀਤ ਸਿੰਘ ਜ਼ਿਲੇਦਾਰ, ਅਲਮਜੀਤ ਸਿੰਘ ਪਟਵਾਰੀ, ਸਤਨਾਮ ਸਿੰਘ, ਸਰਨਜੀਤ ਸਿੰਘ ਭੋਰਾ, ਜਤਿੰਦਰ ਪਹਿਲਵਾਨ, ਗਿਆਨ ਸਿੰਘ ਚੀਮਾ, ਕੁਲਵਿੰਦਰ ਸਿੰਘ ਬੌਬੀ, ਸਰਬਦੀਪ ਸਿੰਘ ਕੈਰੋਂ, ਵਿਰਸਾ ਸਿੰਘ ਰੱਤਾ ਗੁੱਦਾ, ਸ਼ਿੰਗਾਰ ਸਿੰਘ, ਚਮਕੌਰ ਸਿੰਘ, ਕੁਲਦੀਪ ਸਿੰਘ, ਸਤਨਾਮ ਸਿੰਘ, ਗੁਰਦੇਵ ਸਿੰਘ ਫੌਜੀ, ਸੁਖਬੀਰ ਸਿੰਘ ਟਿੱਕਾ ਅਤੇ ਨਛੱਤਰ ਸਿੰਘ ਫੌਜੀ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਬੁੱਧਵਾਰ, 10 ਮਈ 2023

# ਭਾਜਪਾਈ ਵੀ ਭਲਵਾਨਾਂ ਦੇ ਹੱਕ 'ਚ ਬੋਲਣ ਲੱਗੇ

*ਜੰਤਰ-ਮੰਤਰ 'ਤੇ ਮਹਿਲਾ ਭਲਵਾਨਾਂ ਦੀ ਲੜਾਈ ਇਸ ਸਮੇਂ ਆਖਰੀ ਦੌਰ ਵਿੱਚ ਪੁੱਜ ਚੁੱਕੀ ਹੈ। ਦੇਸ਼ ਭਰ ਵਿੱਚੋਂ ਉਨ੍ਹਾਂ ਨੂੰ ਸਮਰਥਨ ਮਿਲ ਰਿਹਾ ਹੈ। ਹਰਿਆਣਾ ਤੇ ਉੱਤਰ ਪ੍ਰਦੇਸ਼ ਦੀਆਂ ਖਾਪ ਪੰਚਾਇਤਾਂ ਪੂਰੀ ਤਰ੍ਹਾਂ ਭਲਵਾਨਾਂ ਨਾਲ ਆਣ ਖੜ੍ਹੀਆਂ ਹਨ। ਕਿਸਾਨ ਜਥੇਬੰਦੀਆਂ ਪੂਰੀ ਸਰਗਰਮੀ ਨਾਲ ਅੰਦੋਲਨ ਵਿੱਚ ਹਿੱਸਾ ਲੈ ਰਹੀਆਂ ਹਨ। ਪਿਛਲੇ ਹਫ਼ਤੇ ਦਿੱਲੀ ਪੁਲਸ ਵੱਲੋਂ ਅੰਦੋਲਨਕਾਰੀ ਭਲਵਾਨਾਂ ਵਿਰੁੱਧ ਕੀਤੀ ਗਈ ਕਾਰਵਾਈ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ ਹੈ। ਇਸ ਸਮੇਂ ਖਾਪ ਪੰਚਾਇਤਾਂ ਤੇ ਕਿਸਾਨਾਂ ਨੇ ਭਲਵਾਨਾਂ ਦੀ ਸੁਰੱਖਿਆ ਦੀ ਜ਼ਿੰਮੇਵਾਰ ਸਾਂਭ ਲਈ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਹੁਣ ਕੋਈ ਪੁਲਸ ਕਾਰਵਾਈ ਕਰਦੀ ਹੈ ਤਾਂ ਉਹ ਕੌਮੀ ਸ਼ਾਹਰਾਹ ਨੂੰ ਜਾਮ ਕਰ ਦੇਣਗੇ। ਪਿਛਲੇ ਐਤਵਾਰ ਨੂੰ ਵੱਡੀ ਗਿਣਤੀ ਵਿੱਚ ਪੰਜਾਬ ਦੇ ਕਿਸਾਨਾਂ ਨੇ ਜੰਤਰ-ਮੰਤਰ ਉੱਤੇ ਪੁੱਜ ਕੇ ਪੁਲਸ ਦੇ ਬੈਰੀਕੇਡਾਂ ਨੂੰ ਤੋੜ ਦਿੱਤਾ ਸੀ। ਕਿਸਾਨ ਔਰਤਾਂ ਦਾ ਵੱਡਾ ਜਥਾ ਵੀ ਧਰਨੇ ਵਿੱਚ ਸ਼ਾਮਲ ਹੋ ਚੁੱਕਾ ਹੈ। ਭਲਵਾਨਾਂ ਨੂੰ ਸਮਰਥਨ ਦੇਣ ਲਈ ਪੁੱਜਣ ਵਾਲਿਆਂ ਦੀ ਗਿਣਤੀ ਹਰ ਦਿਨ ਵਧ ਰਹੀ ਹੈ।*

*ਹਰਿਆਣੇ ਦੀਆਂ ਵਿਰੋਧੀ ਪਾਰਟੀਆਂ ਦੇ ਆਗੂ ਵੀ ਲਗਾਤਾਰ ਧਰਨੇ ਵਿੱਚ ਪੁੱਜ ਰਹੇ ਹਨ। ਸਭ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਧਰਨੇ ਵਿੱਚ ਪੁੱਜ ਕੇ ਆਪਣੀ ਪਾਰਟੀ ਵੱਲੋਂ ਸਮਰਥਨ ਦਾ ਐਲਾਨ ਕੀਤਾ ਸੀ। ਉਨ੍ਹਾ ਤੋਂ ਬਾਅਦ ਇਨੈਲੋ ਆਗੂ ਅਭੈ ਸਿੰਘ ਚੌਟਾਲਾ ਤੇ ਹੋਰ ਕਈ ਵਿਰੋਧੀ ਆਗੂ ਜੰਤਰ-ਮੰਤਰ ਦੇ ਧਰਨੇ ਵਿੱਚ ਪੁੱਜੇ ਸਨ। ਇਸ ਦਾ ਇਹ ਨਤੀਜਾ ਨਿਕਲਿਆ ਕਿ ਸੱਤਾਧਾਰੀ ਭਾਜਪਾ ਅੰਦਰ ਵੀ ਭਲਵਾਨਾਂ ਦੀ ਹਮੈਤ ਵਿੱਚ ਅਵਾਜ਼ਾਂ ਉੱਠਣ ਲੱਗੀਆਂ ਹਨ। ਅਸਲ ਵਿੱਚ ਹਰਿਆਣੇ ਦੇ ਭਾਜਪਾ ਆਗੂਆਂ ਨੂੰ ਇਹ ਡਰ ਸਤਾ ਰਿਹਾ ਹੈ ਕਿ ਜੇਕਰ ਮਸਲੇ ਦਾ ਨਿਬੇੜਾ ਨਹੀਂ ਹੁੰਦਾ ਤੇ ਅੰਦੋਲਨ ਜ਼ੋਰ ਫੜ ਜਾਂਦਾ ਹੈ ਤਾਂ ਉਨ੍ਹਾਂ ਨੂੰ ਕਿਸਾਨ ਅੰਦੋਲਨ ਵਾਲੇ ਦਿਨ ਨਾ ਦੇਖਣੇ ਪੈਣ। ਯਾਦ ਰਹੇ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨ ਜਥਿਆਂ ਨੇ ਭਾਜਪਾ ਦੇ ਮੰਤਰੀਆਂ, ਵਿਧਾਇਕਾਂ ਤੇ ਹੋਰ ਆਗੂਆਂ ਦੇ ਪਿੰਡਾਂ ਵਿੱਚ ਵੜਨ ਉੱਤੇ ਪਾਬੰਦੀ ਲਾ ਦਿੱਤੀ ਸੀ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਰੈਲੀ ਵਾਲੀ ਸਟੇਜ ਨੂੰ ਤੋੜ ਦਿੱਤਾ ਸੀ ਤੇ ਖੱਟਰ ਨੂੰ ਹੈਲੀਕਾਪਟਰ ਵਿੱਚੋਂ ਵੀ ਨਹੀਂ ਸੀ ਉਤਰਨ ਦਿੱਤਾ। ਹਰਿਆਣੇ ਦੇ ਭਾਜਪਾਈ ਉਹ ਦਿਨ ਦੁਬਾਰਾ ਨਹੀਂ ਦੇਖਣਾ ਚਾਹੁੰਦੇ।*

*ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਧਰਨੇ ਵਿੱਚ ਪੁੱਜ ਕੇ ਕਿਹਾ ਕਿ ਉਹ ਭਲਵਾਨਾਂ ਦਾ ਸਮਰਥਨ ਕਰਦਾ ਹੈ ਤੇ ਵਿਚੋਲਗੀ ਦੀ ਕੋਸ਼ਿਸ਼ ਕਰੇਗਾ। ਇਸੇ ਦੌਰਾਨ ਭਾਜਪਾ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਬਿਰੇਂਦਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਭਲਵਾਨਾਂ ਵੱਲੋਂ ਲਾਏ ਦੋਸ਼ ਗੰਭੀਰ ਕਿਸਮ ਦੇ ਹਨ। ਖੱਟਰ ਸਰਕਾਰ ਦੀ ਹਮੈਤ ਕਰਨ ਵਾਲੇ ਅਜ਼ਾਦ ਵਿਧਾਇਕ ਰਣਜੀਤ ਸਿੰਘ ਚੌਟਾਲਾ ਨੇ ਕਿਹਾ ਕਿ ਜਿਸ ਵਿਅਕਤੀ ਉੱਤੇ ਅਜਿਹੇ ਦੋਸ਼ ਲੱਗੇ ਹੋਣ ਉਸ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਹਿਸਾਰ ਤੋਂ ਭਾਜਪਾ ਦੇ ਸਾਂਸਦ ਬਰਜੇਂਦਰ ਸਿੰਘ ਨੇ ਕਿਹਾ, "ਮੈਂ ਇਕੱਲਾ ਭਾਜਪਾ ਸਾਂਸਦ ਹਾਂ, ਜਿਹੜਾ ਭਲਵਾਨਾਂ ਦੇ ਨਾਲ ਖੜ੍ਹਾ ਹਾਂ। ਮੈਂ ਜਾਣਦਾ ਹਾਂ ਕਿ ਇਹ ਪਾਰਟੀ ਨੂੰ ਪਸੰਦ ਨਹੀਂ ਹੋਵੇਗਾ।" ਹਰਿਆਣਾ ਦੇ ਭਾਜਪਾ ਆਗੂਆਂ ਦੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ ਭਲਵਾਨਾਂ ਨਾਲ ਵਧੀਕੀਆਂ ਦਾ ਮਸਲਾ ਹਰਿਆਣੇ ਵਿੱਚ ਭਾਵਨਾਤਮਕ ਮੁੱਦਾ ਬਣ ਚੁੱਕਾ ਹੈ। ਇਸ ਨੂੰ ਜਲਦੀ ਹੱਲ ਨਾ ਕੀਤਾ ਗਿਆ ਤਾਂ ਇਸ ਦੇ ਗੰਭੀਰ ਰਾਜਨੀਤਕ ਨਤੀਜੇ ਨਿਕਲਣਗੇ। ਕਿਸਾਨ ਜਥੇਬੰਦੀਆਂ ਤੇ ਖਾਪ ਪੰਚਾਇਤਾਂ ਨੇ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਤੇ ਭਾਜਪਾ ਸਾਂਸਦ ਬ੍ਰਿਜਭੂਸ਼ਣ ਦੀ ਗ੍ਰਿਫ਼ਤਾਰੀ ਲਈ ਅਲਟੀਮੇਟਮ ਦੇ ਕੇ ਕਿਹਾ ਹੈ ਕਿ ਜੇਕਰ ਉਸ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਉਹ 21 ਮਈ ਨੂੰ ਵੱਡੇ ਫੈਸਲੇ ਲੈਣ ਲਈ ਮਜਬੂਰ ਹੋਣਗੇ।*

## ਸੋਗ-ਵਿਯੋਗ 'ਚੋਂ ਵੀ ਵੋਟਾਂ ?

*ਸਾਡੇ 'ਕਾਰੇ' ਨਹੀਂ ਲੋਕਾਂ ਨੂੰ ਯਾਦ ਹੋਣੇ,*
*ਆਗੂ ਭਰਮ ਇਹ ਦਿਲਾਂ 'ਚ ਪਾਲਦੇ ਨੇ।*
*ਲੋਕ ਪੁੱਛਦੇ ਜਦ ਵੀ ਸਵਾਲ ਤਿੱਖੇ,*
*'ਗੋਲ-ਮੋਲ' ਜਵਾਬ ਦੇ ਟਾਲਦੇ ਨੇ।*
*ਵਾਂਗੂੰ ਜੋਕ ਦੇ ਚਿੰਬੜੇ ਅਹੁਦਿਆਂ ਨੂੰ,*
*ਨਿੱਜਪ੍ਰਸਤੀ ਲਈ ਘਾਲਣਾ ਘਾਲਦੇ ਨੇ।*
*'ਕੱਠ ਕਿਸੇ ਵੀ ਤਰ੍ਹਾਂ ਦੇ ਹੋਣ ਭਾਵੇਂ,*
*ਭੁੱਖ ਸੱਤਾ ਦੀ ਸਦਾ ਦਿਖਾਲਦੇ ਨੇ।*
*ਹੱਸਣ-ਰੋਣ ਦੇ ਨਾਟਕ ਕਰ ਲੈਣ ਸਾਰੇ,*
*'ਕਲਾਕਾਰਾਂ' ਦੇ ਜਮਾਂ ਹੀ ਨਾਲ ਦੇ ਨੇ।*
*ਬਾਬਾ ਆਦਮ ਨਿਰਾਲਾ ਹੈ ਲੀਡਰਾਂ ਦਾ,*
*ਸੋਗ-ਵਿਯੋਗ 'ਚੋਂ ਵੋਟਾਂ ਹੀ ਭਾਲਦੇ ਨੇ।*

***-ਤਰਲੋਚਨ ਸਿੰਘ ਦੁਪਾਲਪੁਰ, 78146-92724***

# ਭਾਰਤ 'ਚ ਦਮ ਤੋੜ ਰਿਹਾ ਲੋਕਤੰਤਰ



ਨਈਮ ਖਾਨ ਵਕੀਲ

ਭਾਰਤ ਵਿੱਚ ਹੁਣ ਫ਼ਰਜ਼ੀ ਲੋਕਤੰਤਰ? ਜਿਸ ਤਰ੍ਹਾਂ ਭਾਰਤ ਵਿੱਚ ਲੋਕਤੰਤਰ ਦੇ ਉਪਰ ਪੂੰਜੀਵਾਦ ਵਧ ਰਿਹਾ ਹੈ। ਇਸ ਤੋਂ ਇਹ ਸਾਬਤ ਹੋ ਰਿਹਾ ਹੈ ਕਿ ਭਾਰਤ ਦਾ ਲੋਕਤੰਤਰ ਦੇਸ਼ ਵਿੱਚ ਦਮ ਤੋੜ ਰਿਹਾ ਹੈ ਅਤੇ ਭਾਰਤ ਦੇਸ਼ ਪੂੰਜੀਵਾਦ ਵੱਲ ਵਧ ਰਿਹਾ ਹੈ, ਜਿਸ ਨੇ ਸੰਵਿਧਾਨ ਵਿੱਚ ਦਿੱਤੀ ਭਾਰਤੀਯ ਲੋਕਤੰਤਰ ਦੀ ਪਰਿਭਾਸ਼ਾ ਨੂੰ ਬਦਲ ਕੇ ਰੱਖ ਦਿੱਤਾ ਹੈ ਅਤੇ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਦੇ ਲੋਕਤੰਤਰ ਦੀ ਪਰਿਭਾਸ਼ਾ ਹੁਣ ਹੇਠ ਲਿਖੇ ਅਨੁਸਾਰ ਹੈ:-

ਅਮੀਰ ਲੋਕਾਂ ਵੱਲੋਂ ਪੈਸੇ ਦਾ ਇਸਤੇਮਾਲ ਕਰ ਭਾਰਤ ਨੂੰ ਲੁੱਟਣ ਲਈ ਬਣਾਈ ਗਈ ਸਰਕਾਰ...ਭਾਰਤ ਇੱਕ ਲੋਕਤੰਤਰ ਦੇਸ਼ ਮੰਨਿਆ ਜਾਂਦਾ ਹੈ, ਜਿਸ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਵੀ ਕਿਹਾ ਜਾਂਦਾ ਹੈ ਕਿ ਅਜਿਹਾ ਸੱਚ ਹੈ? ਭਾਰਤ ਆਂਕੜਿਆਂ ਅਨੁਸਾਰ 2019 ਦੀ ਲੋਕਤੰਤਰੀ ਦੇਸ਼ਾਂ ਦੀ ਸੂਚੀ ਵਿੱਚ 10 ਸਥਾਨ ਤਿਲਕ ਕੇ 51ਵੇਂ ਨੰਬਰ 'ਤੇ ਆ ਗਿਆ ਹੈ। ਇਸ ਤੋਂ ਪਹਿਲਾਂ ਭਾਰਤ ਇਸ ਸੂਚੀ ਵਿੱਚ 41ਵੇਂ ਨੰਬਰ 'ਤੇ ਸੀ, ਦੀ ਇਕੌਨਮਿਸਟ, ਇੰਟੈਲੀਜੈਂਸੀ ਯੂਨਿਟ ਮੁਤਾਬਕ ਇਸ ਦਾ ਕਾਰਨ ਦੇਸ਼ ਵਿੱਚ ਨਾਗਰਿਕਾਂ ਦੇ ਹੱਕਾਂ ਨੂੰ ਲੱਗਿਆ ਖੋਰਾ ਹੈ। ਇਹ ਸੂਚਕ ਅੰਕ ਸਾਲ 2006 ਤੋਂ ਛਾਪਿਆ ਜਾ ਰਿਹਾ ਹੈ ਅਤੇ ਉਸ ਸਮੇਂ ਤੋਂ ਭਾਰਤ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਹੈ ਤੇ ਇਸ ਸੂਚੀ ਵਿੱਚ 167 ਦੇਸ਼ ਤੇ ਇਲਾਕਿਆਂ ਦੀ ਲੋਕਤੰਤਰੀ ਪੱਖ ਤੋਂ ਦਰਜੇਬੰਦੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ।

ਭਾਰਤ ਦਾ ਸਕੋਰ 10 ਵਿੱਚੋਂ 6.9 ਹੈ। ਇਸ ਤੋਂ ਪਿਛਲੇ ਸਾਲਾਂ ਦੌਰਾਨ ਭਾਰਤ ਦਾ ਸਕੋਰ ਸਾਲ 2016 ਵਿੱਚ 7.81, 2017 ਤੇ 2018 ਵਿੱਚ 7.23 ਰਿਹਾ ਹੈ, ਜਦ ਕਿ ਭਾਰਤ ਨੂੰ ਮਜ਼ਬੂਤ ਲੋਕਤੰਤਰੀ ਦੇਸ਼ ਬਣਾਉਣ ਲਈ ਸਾਡੇ ਸੰਵਿਧਾਨ ਵਿੱਚ ਤਿੰਨ ਸੰਵਿਧਾਨਿਕ ਅਦਾਰਿਆਂ ਦਾ ਗਠਨ ਕੀਤਾ ਗਿਆ ਹੈ। ਜਿਸ ਵਿੱਚ ਕਾਰਜ ਪਾਲਿਕਾ, ਨਿਆਂ ਪਾਲਿਕਾ ਅਤੇ ਵਿਧਾਨ ਪਾਲਿਕਾ ਸ਼ਾਮਲ ਹਨ ਅਤੇ ਲੋਕਾਂ ਦੀ ਅਵਾਜ਼ ਨੂੰ ਬੁਲੰਦ ਕਰਨ ਦੇ ਲਈ ਸੰਵਿਧਾਨ ਵਿੱਚ ਆਰਟੀਕਲ 19 ਰਾਹੀਂ ਲੋਕਾਂ ਨੂੰ ਅਤੇ ਮੀਡੀਆ ਨੂੰ ਆਪਣੇ ਵਿਚਾਰ ਰੱਖਣ ਦੀ ਪੂਰੀ ਅਜ਼ਾਦੀ ਦਿੱਤੀ ਗਈ ਹੈ ਅਤੇ ਭਾਰਤ ਵਿੱਚ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਸਤੰਭ ਕਿਹਾ ਗਿਆ ਹੈ ਤਾਂ ਜੋ ਲੋਕਾਂ ਦੀ ਅਵਾਜ਼ ਬੁਲੰਦ ਕੀਤੀ ਜਾ ਸਕੇ, ਪਰ ਅਸੀਂ ਸਾਰੇ ਜਾਣਦੇ ਹਾਂ ਕਿ ਕਿਸ ਤਰ੍ਹਾਂ ਸੱਤਾਧਾਰੀ ਦਲਾਂ ਵੱਲੋਂ ਪੈਸਾ ਅਤੇ ਆਪਣੀ ਤਾਕਤ ਦੀ ਦੁਰਵਰਤੋਂ ਕਰਕੇ ਸੰਵਿਧਾਨਿਕ ਅਦਾਰਿਆਂ ਅਤੇ ਮੀਡੀਆ ਦਾ ਘਾਣ ਕੀਤਾ ਜਾ ਰਿਹਾ ਹੈ। ਸਰਕਾਰਾਂ ਵੱਲੋਂ ਪੈਸੇ ਅਤੇ ਤਾਕਤ ਦੀ ਦੁਰਵਰਤੋਂ ਕਰ ਕਾਰਜ ਪਾਲਿਕਾ, ਨਿਆਂਪਾਲਿਕਾ, ਵਿਧਾਨ ਪਾਲਿਕਾ ਅਤੇ ਮੀਡੀਆ ਉਪਰ ਨਿਯੰਤਰਣ ਕੀਤਾ ਜਾਣਾ ਚਿੰਤਾ ਦਾ ਵਿਸ਼ਾ ਹੈ, ਜਿਸ ਕਾਰਨ ਆਮ ਲੋਕਾਂ ਦਾ ਵਿਸ਼ਵਾਸ ਮੀਡੀਆ ਅਤੇ ਕਾਰਜਪਾਲਿਕ, ਨਿਆਂਪਾਲਿਕਾ ਅਤੇ ਵਿਧਾਨ ਪਾਲਿਕਾ ਤੋਂ ਖ਼ਤਮ ਹੁੰਦਾ ਜਾ ਰਿਹਾ ਹੈ, ਜੋ ਕਿ ਲੋਕਤੰਤਰ ਦੇ ਖਾਤਮੇ ਦਾ ਮੂਲ ਕਾਰਨ



ਬਣਦਾ ਜਾ ਰਿਹਾ ਹੈ। ਜਿਸ ਦੀ ਇਕੋ ਵਜ੍ਹਾ ਹੈ ਕਿ ਪੂੰਜੀਵਾਦ ਲੋਕਤੰਤਰ ਉੱਪਰ ਲਗਾਤਾਰ ਆਪਣਾ ਨਿਯੰਤਰਣ ਕਰ ਰਿਹਾ ਹੈ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਅਤੇ ਉਨ੍ਹਾ ਦੇ ਸਾਥੀਆਂ ਵੱਲੋਂ ਇੱਕ ਮਹਾਨ ਦੇਸ਼ ਨੂੰ ਮਹਾਨ ਰਾਜ ਬਣਾਉਣ ਦਾ ਸੁਪਨਾ ਦੇਖਿਆ ਗਿਆ ਸੀ। ਜਿਸ ਲਈ ਉਨ੍ਹਾਂ ਨੇ ਸਾਰੇ ਵਿਸ਼ਵ ਦੇ ਕਾਨੂੰਨਾਂ ਦੀ ਡੂੰਘਾਈ ਨਾਲ ਪੜ੍ਹਾਈ ਕਰ ਆਪਣੇ ਸੁਪਨੇ ਨੂੰ ਸੱਚ ਕਰਨ ਲਈ ਅਤੇ ਭਾਰਤ ਦੇਸ਼ ਨੂੰ ਮਹਾਨ ਦੇਸ਼ ਬਣਾਉਣ ਲਈ ਭਾਰਤ ਦੇ ਸੰਵਿਧਾਨ ਨੂੰ ਲਿਖਿਆ ਅਤੇ ਜਿਸ ਵਿੱਚ ਉਨ੍ਹਾ ਨੇ ਭਾਰਤ ਨੂੰ ਚਲਾਉਣ ਲਈ ਭਾਰਤ ਦੇ ਲੋਕਾਂ ਨੂੰ ਆਪਣੇ ਲਈ ਸਰਕਾਰ ਚੁਣਨ ਦਾ ਹੱਕ ਦਿੱਤਾ ਤਾਂ ਜੋ ਭਾਰਤ ਇੱਕ ਲੋਕਤੰਤਰ ਰਾਜ ਕਹਾਵੇ ਅਤੇ ਵਿਸ਼ਵ ਪੱਧਰ 'ਤੇ ਭਾਰਤ ਇੱਕ ਮਹਾਨ ਦੇਸ਼ ਦੇ ਰੂਪ ਵਿੱਚ ਪਹਿਚਾਣਿਆ ਜਾਵੇ। ਉਨ੍ਹਾਂ ਭਾਰਤ ਸਰਕਾਰ ਨੂੰ ਸੰਵਿਧਾਨ ਵਿੱਚ ਇਸ ਤਰ੍ਹਾਂ ਪ੍ਰਭਾਸ਼ਿਤ ਕੀਤਾ...ਲੋਕਾਂ ਦੁਆਰਾ, ਲੋਕਾਂ ਵੱਲੋਂ, ਲੋਕਾਂ ਲਈ ਚੁਣੀ ਗਈ ਸਰਕਾਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਅਤੇ ਉਨ੍ਹਾ ਦੇ ਸਾਥੀਆਂ ਵੱਲੋਂ ਜੋ ਸੁਪਨਾ ਦੇਖਿਆ ਗਿਆ ਸੀ, ਉਹ ਸੱਚ ਹੁੰਦਾ ਨਜ਼ਰ ਨਹੀਂ ਆ ਰਿਹਾ, ਸਾਥੀਓ ਅਸੀਂ ਸਾਰੇ ਜਾਣਦੇ ਹਾਂ ਕਿ ਅਸੀਂ ਇੱਕ ਫ਼ਰਜ਼ੀ ਲੋਕਤੰਤਰ ਵਿੱਚ ਜੀ ਰਹੇ ਹਾਂ, ਪਰ ਜਾਣ-ਬੁੱਝ ਕੇ ਅਸੀਂ ਸੱਚਾਈ ਨੂੰ ਪਿੱਠ ਦਿਖਾ ਰਹੇ ਹਾਂ, ਜਿਸ ਕਾਰਨ ਭਾਰਤ ਦਾ ਲੋਕਤੰਤਰ ਲਗਾਤਾਰ ਕਮਜ਼ੋਰ ਹੋ ਰਿਹਾ ਹੈ ਅਤੇ ਦੇਸ਼ ਪੂੰਜੀਵਾਦਤਾ ਵੱਲ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਕਿਸ ਤਰ੍ਹਾਂ ਪੂੰਜੀਵਾਦੀ ਲੋਕ ਸੱਤਾ ਵਿੱਚ ਆ ਰਹੇ ਹਨ ਤੇ ਪੈਸੇ ਦੇ ਦਮ 'ਤੇ ਜਿੱਤ ਪ੍ਰਾਪਤ ਕਰ ਭਾਰਤ ਨੂੰ ਲੁੱਟਣ ਲਈ ਸੱਤਾ ਦਾ ਹਿੱਸਾ ਬਣ ਰਹੇ ਹਨ ਅਤੇ ਲਗਾਤਾਰ ਲੋਕਤੰਤਰ ਦਾ ਘਾਣ ਕਰਦੇ ਹਨ। ਜੇਕਰ ਅਸੀਂ ਹੁਣ ਨਹੀਂ ਸੰਭਲੇ ਤਾਂ ਬਹੁਤ ਦੇਰ ਹੋ ਜਾਵੇਗੀ ਅਤੇ ਸਾਡੇ ਬਜ਼ੁਰਗਾਂ ਨੇ ਜੋ ਸੁਨਹਿਰੀ ਭਾਰਤ ਦਾ ਸੁਪਨਾ ਦੇਖ ਆਪਣੀਆਂ ਜ਼ਿੰਦਗੀਆਂ ਕੁਰਬਾਨ ਕੀਤੀਆਂ ਸਨ, ਉਹ ਕੁਰਬਾਨੀਆਂ ਬੇਕਾਰ ਹੋ ਜਾਣਗੀਆਂ।

ਭਾਰਤ ਨੂੰ ਅਜ਼ਾਦ ਕਰਵਾਉਣ ਲਈ ਇਨਕਲਾਬ ਦੀ ਲਹਿਰ ਪੰਜਾਬ ਤੋਂ ਸ਼ੁਰੂ ਹੋਈ ਸੀ, ਕਿਉਂਕਿ ਪੰਜਾਬ ਦੀ ਧਰਤੀ ਇੱਕ ਇਨਕਲਾਬੀ ਧਰਤੀ ਹੈ ਅਤੇ ਪੰਜਾਬ ਦੇ ਲੋਕ ਦੇਸ਼ ਲਈ ਕੁਰਬਾਨੀਆਂ ਦੇਣ ਤੋਂ ਪਿੱਛੇ ਨਹੀਂ ਹਟਦੇ, ਜੋ ਇੱਕ ਜ਼ਿੰਦਾ ਲੋਕਾਂ ਦੀ ਨਿਸ਼ਾਨੀ ਹੈ। ਇਸ ਲਈ ਜਿਸ ਤਰ੍ਹਾਂ ਦੇ ਹਾਲਾਤ ਭਾਰਤ ਵਿੱਚ ਬਣਦੇ ਜਾ ਰਹੇ ਹਨ, ਮੁੜ ਤੋਂ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਲਈ ਇੱਕ ਇਨਕਲਾਬ ਦੀ ਲੋੜ ਹੈ, ਜਿਸ ਦੀ ਪਹਿਲ ਪੰਜਾਬ ਦੇ ਲੋਕਾਂ ਨੂੰ ਹੀ ਕਰਨੀ ਪਵੇਗੀ, ਨਹੀਂ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਮਾਫ਼ ਨਹੀਂ ਕਰਨਗੀਆ ਭਾਰਤ ਦੇ ਲੋਕਤੰਤਰ ਦੀ ਘਟਦੀ ਦਰਜਾਬੰਦੀ ਨੂੰ ਘਟਾਉਣ ਵਿੱਚ ਪੂੰਜੀਵਾਦ ਦਾ ਇੱਕ ਵੱਡਾ ਕਾਰਨ ਹੈ। ਇਸ ਤੋਂ ਇਲਾਵਾ ਭਾਰਤੀ ਸੰਸਦ ਵੱਲੋਂ ਪਾਸ ਕੀਤੇ ਗਏ ਤਿੰਨ ਕਾਲੇ ਖੇਤੀ ਕਾਨੂੰਨ, ਵਿਤਕਰਾਕਾਰੀ ਨਾਗਰਿਕਤਾ ਕਾਨੂੰਨ, ਨਾਗਿਰਰਿਕਤਾ ਰਜਿਸਟਰ ਨੂੰ ਲੈ ਕੇ ਭਾਰਤ ਸਰਕਾਰ ਦਾ ਅੜੀਅਲ ਰਵੱਈਆ ਅਤੇ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਹਟਾਏ ਜਾਣ ਤੋਂ ਬਾਅਦ ਬਣੀ ਸਥਿਤੀ ਦਾ ਯੋਗਦਾਨ ਰਿਹਾ ਹੈ। ਆਪਣੇ ਅਗਲੇ ਲੇਖ ਵਿੱਚ ਇਨ੍ਹਾਂ ਕਾਰਨਾਂ ਉਪਰ ਲਿਖਣ ਦੀ ਕੋਸ਼ਿਸ਼ ਕਰਾਂਗਾ।

***# ਸੰਪਰਕ : 98886-36913***

# ਭਾਰਤ ਦੀ ਅਜ਼ਾਦੀ ਦਾ ਪਹਿਲਾ ਸੰਘਰਸ਼



ਅਵਨੀਸ਼ ਲੌਂਗੋਵਾਲ

ਭਾਰਤ ਸੰਘਰਸ਼ਾਂ ਦੀ ਧਰਤੀ ਹੈ। ਅਨੇਕਾਂ ਬਲਿਦਾਨ ਦੇ ਕੇ ਲੰਬੇ ਸੰਘਰਸ਼ ਤੋਂ ਬਾਅਦ ਅਸੀਂ ਅਜ਼ਾਦੀ ਪ੍ਰਾਪਤ ਕੀਤੀ। 10 ਮਈ 1857 ਦੇ ਵਿਦਰੋਹ ਨੂੰ ਦੇਸ਼ ਦੀ "ਅਜ਼ਾਦੀ ਦੇ ਪਹਿਲੇ ਸੰਘਰਸ਼" ਅਤੇ "ਸੁਤੰਤਰਤਾ ਦਾ ਸੰਗਰਾਮ" ਵਜੋਂ ਜਾਣਿਆ ਜਾਂਦਾ ਹੈ। ਇਹ ਬਰਤਾਨਵੀ ਸ਼ਾਸਨ ਵਿਰੁੱਧ ਹਥਿਆਰਬੰਦ ਵਿਦਰੋਹ ਸੀ। ਇਸ ਦੀਆਂ ਕਿਸ਼ਤਾਂ ਅਸੀਂ 15 ਅਗਸਤ 1947 ਤੱਕ ਦੇਸ਼ ਅਜ਼ਾਦ ਹੋਣ ਤੱਕ ਬ੍ਰਿਟਿਸ਼ ਸਰਕਾਰ ਵੱਲ ਕਰਦੇ ਰਹੇ। ਸ਼ਾਇਰ ਵਲੀ ਆਸੀ ਨੇ ਖ਼ੂਬ ਕਿਹਾ ਹੈ।

*ਹਮ ਖ਼ੂਨ ਕੀ ਕਿਸ਼ਤੇ ਤੋਂ ਕਈ ਦੇ ਚੁਕੇ ਲੇਕਿਨ*
*ਏ-ਖਾਕ-ਏ ਵਤਨ ਕਰਜ਼ ਅਦਾ ਕਿਉਂ ਨਹੀਂ ਹੋਤਾ*

ਇਸ ਮਿੱਟੀ ਦਾ ਕਰਜ਼ ਅਸੀਂ ਸਾਰੀ ਉਮਰ ਨਹੀਂ ਉਤਾਰ ਸਕਦੇ, 1857 ਦਾ ਪਹਿਲਾ ਵਿਦਰੋਹ ਲੰਬੇ ਸਮੇਂ ਤੱਕ ਦੇਸ਼ ਦੇ ਅਲੱਗ ਖੇਤਰਾਂ ਵਿੱਚ ਚੱਲਿਆ। ਇਸ ਗਦਰ ਦੇ ਪਿੱਛੇ ਅੰਗਰੇਜ਼ੀ ਸ਼ਾਸਨ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ, ਭਾਰਤੀ ਵਪਾਰ ਤੇ ਏਕਾਧਿਕਾਰ ਕਰਦੇ ਭਾਰਤੀ ਲੋਕਾਂ ਦੇ ਕਾਰੋਬਾਰ ਖਤਮ ਕਰਨ, ਘਰੇਲੂ ਦਸਤਕਾਰੀ, ਕਿਸਾਨ, ਮਜ਼ਦੂਰ ਦੇ ਕਾਰੋਬਾਰ ਖਤਮ ਕਰਨ ਆਦਿ ਮੁੱਖ ਕਾਰਨ ਸਨ। ਭਾਰਤੀ ਲੋਕ ਅੰਗਰੇਜ਼ੀ ਸਰਕਾਰ ਦੇ ਖਿਲਾਫ ਅੰਦਰੋ-ਅੰਦਰੀ ਸੁਲਘ ਰਹੇ ਸਨ। ਇਸ ਤੋਂ ਇਲਾਵਾ ਨਾਨਾ ਸਾਹਿਬ ਦੇ ਪੈਨਸ਼ਨ ਬੰਦ ਕਰਨੀ, ਲੈਪਸ ਦੀ ਨੀਤੀ, ਭਾਰਤੀ ਲੋਕਾਂ ਦੇ ਸਮਾਜਿਕ, ਧਾਰਮਿਕ ਕਾਰਜਾਂ ਵਿੱਚ ਦਖਲ-ਅੰਦਾਜ਼ੀ, ਨੌਕਰੀਆਂ, ਅਸਮਾਨਤਾ, ਚਰਬੀ ਵਾਲੇ ਕਾਰਤੂਸ, ਘੱਟ ਤਨਖਾਹ, ਸੈਨਿਕਾਂ ਨਾਲ ਬੁਰਾ ਵਿਵਹਾਰ ਆਦਿ ਅਨੇਕਾਂ ਕਾਰਨ 1857 ਈ. ਦਾ ਵਿਦਰੋਹ ਦਾ ਕਾਰਨ ਬਣੇ। ਮੰਗਲ ਪਾਂਡੇ ਨੇ ਬੈਰਕਪੁਰ ਵਿਦਰੋਹ ਸ਼ੁਰੂ ਕੀਤਾ ਅਤੇ ਪਹਿਲੇ ਸ਼ਹੀਦ ਬਣੇ।

ਭਾਰਤੀ ਫੌਜਾਂ ਵਿੱਚ ਚਰਬੀ ਵਾਲੇ ਕਾਰਤੂਸ ਦੀ ਵਰਤੋਂ ਕਾਰਨ ਵਿਦਰੋਹ ਫੈਲ ਗਿਆ, ਕਿਉਂਕਿ ਕਾਰਤੂਸਾਂ 'ਤੇ ਗਾਂ ਅਤੇ ਸੂਰ ਦੀ ਚਰਬੀ ਲੱਗੀ ਹੋਈ ਸੀ। ਭਾਰਤੀ ਫੌਜੀਆਂ ਨੇ ਇਹ ਕਾਰਤੂਸ ਆਪਣੇ ਮੂੰਹ ਨਾਲ ਖੋਲ੍ਹਣੇ ਸਨ, ਜਿਸ ਕਾਰਨ ਉਹਨਾਂ ਦੀ ਧਾਰਮਿਕ ਆਸਥਾ ਤੇ ਵੱਡਾ ਹਮਲਾ ਸੀ। ਮੇਰਠ ਵਿੱਚ ਭਾਰਤੀ ਸੈਨਿਕਾਂ ਨੇ ਚਰਬੀ ਵਾਲੇ ਕਾਰਤੂਸਾਂ ਨੂੰ ਚਲਾਉਣ ਤੋਂ ਇਨਕਾਰ ਕਰ ਦਿੱਤਾ। ਭਾਰਤੀ ਸੈਨਿਕਾਂ ਨੂੰ ਕੈਦ ਕਰ ਲਿਆ। ਇਸ ਘਟਨਾ ਕਾਰਨ ਭਾਰਤੀ ਸੈਨਿਕ ਭੜਕ ਉੱਠੇ। 10 ਮਈ 1857 ਈ. ਜੇਲ੍ਹ ਤੋੜ ਕੇ ਆਪਣੇ ਸਾਥੀਆਂ ਨੂੰ ਰਿਹਾਅ ਕਰਵਾ ਲਿਆ। ਉਹਨਾਂ ਨੇ ਅੰਗਰੇਜ਼ ਅਫਸਰਾਂ ਦਾ ਕਤਲ ਕਰਕੇ ਸਾਥੀਆਂ ਨੂੰ ਛੁੜਾਅ ਕੇ ਦਿੱਲੀ ਵੱਲ ਚੱਲ ਪਏ। ਭਾਰਤੀ ਸੈਨਿਕਾਂ ਨੇ ਲਾਲ ਕਿਲ੍ਹੇ 'ਤੇ ਕਬਜ਼ਾ ਕਰਕੇ ਬਹਾਦਰ ਸ਼ਾਹ ਜ਼ਫਰ ਨੂੰ ਬਾਦਸ਼ਾਹ ਘੋਸ਼ਿਤ ਕਰ ਦਿੱਤਾ। ਇਹ ਵਿਦਰੋਹ ਅਲੀਗੜ੍ਹ, ਇਟਾਵਾ, ਮੈਨਪੁਰੀ, ਬੁੰਦੇਲਖੰਡ, ਕਾਨਪੁਰ, ਲਖਨਊ, ਝਾਂਸੀ ਅਤੇ ਪੰਜਾਬ, ਰਾਜਸਥਾਨ, ਮੱਧ ਪ੍ਰਦੇਸ਼ ਤੱਕ ਫੈਲ ਗਿਆ।

ਪੂਰੇ ਭਾਰਤ ਵਿੱਚ ਕ੍ਰਾਂਤੀ ਦੀ ਲਹਿਰ ਚੱਲ ਪਈ, ਭਾਵੇਂ ਇਹ ਵਿਦਰੋਹ ਸਫਲ ਨਹੀਂ ਹੋ ਸਕਿਆ, ਪਰ ਦੇਸ਼ ਦੀ ਅਜ਼ਾਦੀ ਲਈ ਰੌਸ਼ਨੀ ਦਾ ਕੰਮ ਕਰ ਗਿਆ। ਬਰਤਾਨਵੀ ਹਕੂਮਤ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਇਸ ਵਿਦਰੋਹ ਤੋਂ ਬਾਅਦ ਬ੍ਰਿਟਿਸ਼ ਹਕੂਮਤ ਨੇ ਅਨੇਕਾਂ ਬਦਲਾਅ ਕੀਤੇ। ਜਿਸ ਅਜ਼ਾਦੀ ਨੂੰ ਅਸੀਂ ਮਾਣ ਰਹੇ ਹਾਂ, ਇਸ ਦਾ ਮੁੱਢ 1857 ਈ. ਦੇ ਵਿਦਰੋਹ ਤੋਂ ਹੀ ਬਣਿਆ। ਜੇ 1857 ਈ. ਦਾ ਵਿਦਰੋਹ ਪੂਰੀ ਤਰ੍ਹਾਂ ਯੋਜਨਾਬੰਦ ਅਤੇ ਕਿਸੇ ਯੋਗ ਅਗਵਾਈ ਅਤੇ ਮਾਰਗ ਦਰਸ਼ਨ ਵਿੱਚ ਹੁੰਦਾ ਤਾਂ ਬਹੁਤ ਸਮਾਂ ਪਹਿਲਾਂ ਹੀ ਅਜਾਦੀ ਦਾ ਇਤਿਹਾਸ ਲਿਖ ਦਿੱਤਾ ਜਾਂਦਾ। ਸਾਰੇ ਦੇਸ਼ ਦੇ ਮੌਕਾਪ੍ਰਸਤ ਗਦਾਰ ਲੋਕਾਂ ਦੀ ਬਰਤਾਨਵੀ ਸਰਕਾਰ ਪ੍ਰਤੀ ਵਫਾਦਾਰੀ ਕਾਰਨ ਇਤਿਹਾਸ ਲਿਖਣ ਵਿੱਚ ਦੇਰੀ ਹੋ ਗਈ।

ਆਓ ਅੱਜ 10 ਮਈ ਦੇ ਦਿਨ ਉਹਨਾਂ ਸ਼ਹੀਦਾਂ ਨੂੰ ਨਮਨ ਕਰੀਏ, ਜਿਨ੍ਹਾਂ ਨੇ ਸੰਘਰਸ਼ ਦਾ ਝੰਡਾ ਚੁੱਕਿਆ ਅਤੇ ਆਉਣ ਵਾਲੀ ਪੀੜ੍ਹੀ ਲਈ ਮਾਰਗ ਦਰਸ਼ਨ ਬਣੇ।

*ਮਾਮਲਾ ਜਬ ਭੀ ਚਿਰਾਗਾਂ ਦਾ ਹੋਵੇ,*
*ਫੈਸਲਾ ਸਿਰਫ ਹਵਾ ਕਰਦੀ ਹੈ*

***# ਸੰਪਰਕ : 78883-46465***

# ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਯੋਗਦਾਨ ਤੇ ਨੁਕਸਾਨ



ਮੁਕੇਸ਼ ਕੁਮਾਰ

ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਗੱਲ ਕਰਨ ਤੋਂ ਪਹਿਲਾਂ ਇੰਟੈਲੀਜੈਂਸ ਦੀ ਗੱਲ ਕੀਤੀ ਜਾਣੀ ਬਹੁਤ ਜ਼ਰੂਰੀ ਹੈ। ਸਭ ਤੋਂ ਸਧਾਰਨ ਮਨੁੱਖੀ ਵਿਵਹਾਰ ਨੂੰ ਬੁੱਧੀ ਨਾਲ ਜੋੜਿਆ ਜਾਂਦਾ ਹੈ, ਜਦੋਂ ਕਿ ਸਭ ਤੋਂ ਗੁੰਝਲਦਾਰ ਵਿਵਹਾਰ ਨੂੰ ਕਦੇ ਵੀ ਬੁੱਧੀ ਦੇ ਸੰਕੇਤ ਵਜੋਂ ਨਹੀਂ ਲਿਆ ਜਾਂਦਾ ਹੈ। ਕੀ ਫਰਕ ਹੈ? ਇਕ ਭੂੰਡ ਦੇ ਵਿਵਹਾਰ 'ਤੇ ਗੌਰ ਕਰੀਏ। ਜਦੋਂ 'ਮਾਦਾ ਭੂੰਡ ਭੋਜਨ ਲੈ ਕੇ ਆਪਣੇ ਖੱਡ ਵਿੱਚ ਵਾਪਸ ਆਉਂਦੀ ਹੈ ਤਾਂ ਉਹ ਪਹਿਲਾਂ ਇਸ ਨੂੰ ਦਹਿਲੀਜ਼ 'ਤੇ ਜਮ੍ਹਾਂ ਕਰਦੀ ਹੈ, ਆਪਣੇ ਬਿਲ ਦੇ ਅੰਦਰ ਘੁਸਪੈਠੀਆਂ ਦੀ ਜਾਂਚ ਕਰਦੀ ਹੈ ਅਤੇ ਕੇਵਲ ਤਦ ਹੀ, ਜੇਕਰ ਤੱਟ ਸਾਫ ਹੁੰਦਾ ਹੈ, ਤਾਂ ਉਹ ਆਪਣਾ ਭੋਜਨ ਅੰਦਰ ਲੈ ਜਾਂਦੀ ਹੈ। ਭੂੰਡ ਦੇ ਸੁਭਾਵਕ ਵਿਵਹਾਰ ਦੀ ਅਸਲ ਪ੍ਰਕਿਰਤੀ ਪ੍ਰਗਟ ਹੁੰਦੀ ਹੈ, ਜੇਕਰ ਭੋਜਨ ਨੂੰ ਉਸ ਦੇ ਅੰਦਰ ਹੋਣ ਦੇ ਦੌਰਾਨ ਉਸ ਦੇ ਪ੍ਰਵੇਸ਼ ਦੁਆਰ ਤੋਂ ਕੁਝ ਇੰਚ ਦੂਰ ਲਿਜਾਇਆ ਜਾਂਦਾ ਹੈ ਤੇ ਉਹ ਸਾਰੀ ਪ੍ਰਕਿਰਿਆ ਨੂੰ ਉਵੇਂ ਹੀ ਦੁਹਰਾਏਗੀ, ਜਿੰਨੀ ਵਾਰ ਭੋਜਨ ਵਿਸਥਾਪਤ ਹੁੰਦਾ ਹੈ।

### ਆਰਟੀਫਿਸ਼ੀਅਲ ਇੰਟੈਲੀਜੈਂਸ ਕੀ ਹੈ

ਤਕਨਾਲੋਜੀ ਦੇ ਇਸ ਯੁੱਗ ਵਿੱਚ ਮਨੁੱਖ, ਮਨੁੱਖੀ ਦਿਮਾਗ ਵਾਂਗੂੰ ਦਿਮਾਗ ਦਾ ਇਸਤੇਮਾਲ ਕਰਨ ਵਾਲੀ ਮਸ਼ੀਨ ਤਿਆਰ ਕਰਨ ਦੀ ਸੋਚ ਤਿਆਰ ਕਰਨ ਦੀ ਸੋਚ ਰਿਹਾ ਹੈ। ਜਿਸ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਕਿਹਾ ਜਾਂਦਾ ਹੈ। ਇਹ ਕੰਪਿਊਟਰ ਵਿਗਿਆਨ ਦੀ ਇਕ ਸ਼ਾਖਾ ਹੈ। ਮਸ਼ੀਨ ਮਨੁੱਖ ਵਾਂਗ ਕੰਮ ਕਰ ਸਕੇ, ਸੋਚ ਸਕੇ, ਉਸ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਕਹਿੰਦੇ ਹਨ। ਇਸ ਲਈ ਆਰਟੀਫੀਸਲ ਇੰਟੈਲੀਜੈਂਸ ਨੂੰ ਮਸ਼ੀਨ ਲਰਨਿੰਗ ਨਾਲ ਜਾਣਿਆ ਜਾਂਦਾ ਹੈ। ਅੱਜ ਦੇ ਯੁੱਗ ਵਿੱਚ ਮਨੁੱਖ ਸੋਚਣ, ਯਾਦ ਰੱਖਣ ਅਤੇ ਵਿਸ਼ਲੇਸ਼ਣ ਕਰਨ ਦਾ ਕੰਮ ਵੀ ਆਪਣੀ ਬੁੱਧੀ ਦੀ ਥਾਂ ਕੰਪਿਊਟਰ ਤੋਂ ਹੀ ਕਰਵਾਉਣ ਵੱਲ ਵਧ ਰਿਹਾ ਹੈ, ਜਿਸ ਨਾਲ ਜਿੱਥੇ ਬਹੁਤ ਜ਼ਿਆਦਾ ਸਮਾਂ ਅਤੇ ਮਿਹਨਤ ਬਚਦੀ ਹੈ, ਉਥੇ ਹੀ ਇਨਸਾਨ ਦੀ ਯਾਦ ਰੱਖਣ ਅਤੇ ਦਿਮਾਗ ਨੂੰ ਵਰਤਣ ਦੀ ਸ਼ਕਤੀ ਘਟਦੀ ਜਾ ਰਹੀ ਹੈ। ਇੱਕ ਡਿਜ਼ੀਟਲ ਕੰਪਿਊਟਰ ਜਾਂ ਕੰਪਿਊਟਰ-ਨਿਯੰਤਰਿਤ ਰੋਬੋਟ ਦੀ ਯੋਗਤਾ ਆਮ ਤੌਰ 'ਤੇ ਬੁੱਧੀਮਾਨ ਜੀਵਾਂ ਨਾਲ ਜੁੜੇ ਕਾਰਜਾਂ ਨੂੰ ਕਰਨ ਲਈ ਕੀਤੀ ਜਾ ਸਕਦੀ ਹੈ। ਇਹ ਸ਼ਬਦ ਅਕਸਰ ਮਨੁੱਖਾਂ ਦੀਆਂ ਬੌਧਿਕ ਪ੍ਰਕਿਰਿਆਵਾਂ, ਜਿਵੇਂ ਕਿ ਤਰਕ ਕਰਨ, ਅਰਥ ਖੋਜਣ, ਸਾਧਾਰਨੀਕਰਨ ਜਾਂ ਪਿਛਲੇ ਤਜਰਬੇ ਤੋਂ ਸਿੱਖਣ ਦੀ ਯੋਗਤਾ ਨਾਲ ਸੰਪੰਨ ਪ੍ਰਣਾਲੀਆਂ ਦੇ ਵਿਕਾਸ ਦੇ ਪ੍ਰੋਜੈਕਟ ਲਈ ਲਾਗੂ ਕੀਤਾ ਜਾਂਦਾ ਹੈ। 1940 ਦੇ ਦਹਾਕੇ ਵਿੱਚ ਡਿਜੀਟਲ ਕੰਪਿਊਟਰ ਦੇ ਵਿਕਾਸ ਤੋਂ ਬਾਅਦ ਇਹ ਦਿਖਾਇਆ ਗਿਆ ਹੈ ਕਿ ਕੰਪਿਊਟਰਾਂ ਨੂੰ ਬਹੁਤ ਹੀ ਗੁੰਝਲਦਾਰ ਕੰਮ ਕਰਨ ਲਈ ਪ੍ਰੋਗਰਾਮ ਕੀਤਾ ਜਾ ਸਕਦਾ ਹੈ - ਜਿਵੇਂ ਕਿ ਗਣਿਤ ਦੇ ਸਿਧਾਂਤਾਂ ਲਈ ਸਬੂਤ ਖੋਜਣਾ ਜਾਂ ਸ਼ਤਰੰਜ ਖੇਡਣਾ - ਫਿਰ ਵੀ ਕੰਪਿਊਟਰ ਪ੍ਰੋਸੈਸਿੰਗ ਸਪੀਡ ਅਤੇ ਮੈਮੋਰੀ ਸਮਰੱਥਾ ਵਿੱਚ ਨਿਰੰਤਰ ਤਰੱਕੀ ਦੇ ਬਾਵਜੂਦ ਅਜੇ ਤੱਕ ਕੋਈ ਵੀ ਪ੍ਰੋਗਰਾਮ ਨਹੀਂ ਹਨ, ਜੋ ਵਿਆਪਕ ਡੋਮੇਨਾਂ ਜਾਂ ਰੋਜ਼ਾਨਾ ਗਿਆਨ ਦੀ ਲੋੜ ਵਾਲੇ ਕੰਮਾਂ ਵਿੱਚ ਮਨੁੱਖੀ ਲੱਚਕਤਾ ਨਾਲ ਮੇਲ ਕਰ ਸਕਦੇ ਹਨ। ਦੂਜੇ ਪਾਸੇ ਕੁਝ ਪ੍ਰੋਗਰਾਮਾਂ ਨੇ ਕੁਝ ਖਾਸ ਕਾਰਜਾਂ ਨੂੰ ਕਰਨ ਵਿੱਚ ਮਨੁੱਖੀ ਮਾਹਿਰਾਂ ਅਤੇ ਪੇਸ਼ੇਵਰਾਂ ਦੇ ਪ੍ਰਦਰਸ਼ਨ ਦੇ ਪੱਧਰਾਂ ਨੂੰ ਪ੍ਰਾਪਤ ਕੀਤਾ ਹੈ, ਤਾਂ ਜੋ ਇਸ ਸੀਮਤ ਅਰਥ ਵਿੱਚ ਨਕਲੀ ਬੁੱਧੀ, ਮੈਡੀਕਲ ਨਿਦਾਨ, ਕੰਪਿਊਟਰ ਖੋਜ ਇੰਜਣਾਂ ਅਤੇ ਆਵਾਜ਼ ਜਾਂ ਹੱਥ ਲਿਖਤ ਪਛਾਣ ਦੇ ਰੂਪ ਵਿੱਚ ਲਿਆ ਜਾ ਸਕੇ।

1955 'ਚ ਯੂ ਐੱਸ ਏ ਦੇ ਕੰਪਿਊਟਰ ਵਿਗਿਆਨਕ ਜਾਨ ਮੈਕਾਰਥੀ ਨੇ ਸਭ ਤੋਂ ਪਹਿਲਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਸ਼ਬਦ ਦੀ ਵਰਤੋਂ ਕੀਤੀ ਸੀ। 1956 ਵਿੱਚ ਆਰਟੀਫੀਸ਼ਲ ਇੰਟੈਲੀਜੈਂਸ ਬਾਰੇ ਇੱਕ ਕਾਨਫਰੰਸ ਵਿਚ ਦੱਸਿਆ ਗਿਆ ਸੀ, ਜਿਸ ਲਈ ਜਾਨ ਮੈਕਾਰਥੀ ਨੂੰ ਫਾਦਰ ਆਫ ਆਰਟੀਫੀਸ਼ਲ ਇੰਟੈਲੀਜੈਂਸ ਕਿਹਾ ਜਾਂਦਾ ਹੈ। ਇਹ ਕੋਈ ਨਵਾਂ ਵਿਸ਼ਾ ਨਹੀਂ ਸਗੋਂ ਦਹਾਕਿਆਂ ਤੋਂ ਇਸ ਦੀ ਚਰਚਾ ਹੁੰਦੀ ਆ ਰਹੀ ਹੈ।

### ਆਰਟਫਿਸ਼ੀਅਲ ਇੰਟੈਲੀਜੈਂਸ ਦੇ ਫਾਇਦੇ

ਅੱਜ ਦੇ ਸਮੇਂ ਵਿੱਚ ਵੇਖਣ ਨੂੰ ਆਇਆ ਹੈ ਕਿ ਰੋਬੋਟ ਵੀ ਇਨਸਾਨਾਂ ਵਾਂਗੂ ਹੀ ਕੰਮ ਕਰਦੇ ਹਨ। ਰੋਬੋਟ ਦੇ ਆਉਣ ਨਾਲ ਜੀਵਨ ਕਾਫੀ ਹੱਦ ਤੱਕ ਸੌਖਾ ਹੋ ਸਕਦਾ ਹੈ। ਪਾਣੀ ਲਿਆਉਣ, ਖਾਣਾ ਬਣਾਉਣ, ਥੋੜ੍ਹੇ ਸਮੇਂ ਅੰਦਰ ਜ਼ਿਆਦਾ ਕੰਮ ਕਰਨਾ ਅਤੇ ਉਹ ਵੀ ਬਿਨਾਂ ਥੱਕੇ। ਮਨੁੱਖਾਂ ਦੇ ਹਰ ਕੰਮ ਵਿੱਚ ਸਹਾਈ ਸਿੱਧ ਹੋਣ ਵਾਲੇ ਰੋਬੋਟ ਆਰਟੀਫਿਸ਼ਿਅਲ ਇੰਟੈਲੀਜੈਂਸ ਦਾ ਸਬੂਤ ਹਨ। ਸਭ ਤੋਂ ਜ਼ਰੂਰੀ ਗੱਲ ਕਿ ਜੇਕਰ ਰੋਬੋਟ ਇਨਸਾਨਾਂ ਦੀ ਗੱਲ ਮੰਨਣਗੇ ਤਾਂ ਹੀ ਇਹ ਆਉਣ ਵਾਲੇ ਸਮੇਂ ਅੰਦਰ ਲਾਹੇਵੰਦ ਹੋਣਗੇ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਵਿਗਿਆਨਕਾਂ ਵੱਲੋਂ ਤਿਆਰ ਕੀਤੇ ਗਏ ਰੋਬੋਟ ਦਾ ਦਿਮਾਗ ਬਹੁਤ ਤੇਜ਼ੀ ਨਾਲ ਕੰਮ ਕਰਦਾ ਹੈ। ਆਰਟੀਫਿਸ਼ਲ ਇੰਟੈਲੀਜੈਂਸੀ ਮਸ਼ਹੂਰ ਫਿਲਮਾਂ ਰੋਬੋਟ ਟਰਮੀਨੇਟਰ ਅਤੇ ਮੈਟਰਿਕਸ ਦਾ ਆਧਾਰ ਹੈ। ਇਸ ਦੀ ਲੋਕਪ੍ਰਿਅਤਾ ਦਿਨ-ਬ-ਦਿਨ ਵਧਦੀ ਜਾ ਰਹੀ ਹੈ, ਜਿਸ ਕਾਰਨ ਤਕਨਾਲੋਜੀ ਅਤੇ ਵਪਾਰ ਦੇ ਖੇਤਰਾਂ ਵਿੱਚ ਇਸ ਦੀ ਕਾਫੀ ਚਰਚਾ ਹੋ ਰਹੀ ਹੈ। ਕੁਝ ਵਿਗਿਆਨਕ ਇਸ ਨੂੰ ਭਵਿੱਖ ਮੰਨਦੇ ਹਨ, ਜਦ ਕਿ ਇਹ ਸਾਡਾ ਵਰਤਮਾਨ ਹੈ, ਕਿਉਂਕਿ ਇਸ ਨਾਲ ਜਿੱਥੇ ਸਾਨੂੰ ਜਲਦੀ ਕੰਮ ਕਰਨ ਵਿੱਚ ਸਹਾਇਤਾ ਮਿਲਦੀ ਹੈ, ਉਥੇ ਹੀ ਗਲਤੀਆਂ ਘੱਟ ਹੁੰਦੀਆਂ ਹਨ। ਮਸ਼ੀਨਾਂ ਨਾ ਥੱਕਦੀਆਂ ਹਨ ਅਤੇ ਨਾ ਹੀ ਇਨ੍ਹਾਂ ਨੂੰ ਖਾਣ ਦੀ ਜ਼ਰੂਰਤ ਹੁੰਦੀ ਹੈ। ਇਸੇ ਤਰ੍ਹਾਂ ਆਰਟੀਫਿਸ਼ਲ ਇੰਟੈਲੀਜੈਂਸੀ ਰਾਹੀਂ ਰੱਖਿਆ, ਸੁਰੱਖਿਆ, ਸੰਚਾਰ, ਆਪਦਾ ਪ੍ਰਬੰਧਨ 'ਚ ਵੀ ਮਦਦ ਮਿਲਦੀ ਹੈ। ਹੈਲਥ ਕੇਅਰ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ, ਜੋ ਬਿਲਿੰਗ ਨੂੰ ਅਨੁਕੂਲ ਬਣਾਉਣ, ਸਰਜਰੀਆਂ ਦਾ ਸਮਾਂ ਨਿਰਧਾਰਤ ਕਰਨ ਲਈ ਵਰਤਿਆ ਜਾਂਦਾ ਹੈ। ਹਸਪਤਾਲਾਂ ਵਿੱਚ ਜਦੋਂ ਮਰੀਜ਼ ਦੀ ਬਿਹਤਰ ਦੇਖਭਾਲ ਲਈ ਏ ਆਈ ਦੀ ਗੱਲ ਆਉਂਦੀ ਹੈ, ਜਿਸ ਬਾਰੇ ਅਸੀਂ ਆਮ ਤੌਰ 'ਤੇ ਸੋਚਦੇ ਹਾਂ, ਅਜਿਹਾ ਕਰਨ ਲਈ ਕੁਝ ਕਾਨੂੰਨੀ, ਰੈਗੂਲੇਟਰੀ ਅਤੇ ਵਿੱਤੀ ਪ੍ਰੋਤਸਾਹਨ ਵੀ ਮਿਲਦਾ ਹੈ।

### ਜੈਫਰੀ ਹਿੰਟਨ

ਜੈਫਰੀ ਹਿੰਟਨ ਇੱਕ "ਆਰਟੀਫਿਸ਼ੀਅਲ ਇੰਟੈਲੀਜੈਂਸ "ਪਾਇਨੀਅਰ" ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ 'ਗੌਡਫਾਦਰਜ਼" ਵਿੱਚੋਂ ਇੱਕ, ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਸੰਭਾਵੀ ਖ਼ਤਰਿਆਂ ਬਾਰੇ ਚਿੰਤਾ ਜ਼ਾਹਰ ਕਰਨ ਵਾਲੇ ਤਕਨੀਕੀ ਨੇਤਾਵਾਂ ਦੇ ਸਮੂਹ ਵਿੱਚ ਸ਼ਾਮਲ ਹਨ।

ਏ ਆਈ ਦੇ ਪਾਇਨੀਅਰ ਜੇਫਰੀ ਹਿੰਟਨ ਨੇ ਕਿਹਾ ਕਿ ਮੈਂ ਜਲਵਾਯੂ ਤਬਦੀਲੀ ਨੂੰ ਘੱਟ ਨਹੀਂ ਕਰਨਾ ਚਾਹਾਂਗਾ। ਮੈਂ ਇਹ ਨਹੀਂ ਕਹਿਣਾ ਚਾਹਾਂਗਾ, 'ਤੁਹਾਨੂੰ ਜਲਵਾਯੂ ਤਬਦੀਲੀ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ।' ਇਹ ਇੱਕ ਬਹੁਤ ਵੱਡਾ ਖਤਰਾ ਵੀ ਹੈ।" ਹਿੰਟਨ ਨੇ ਕਿਹਾ। "ਪਰ ਮੈਨੂੰ ਲੱਗਦਾ ਹੈ ਕਿ ਇਹ ਹੋਰ ਵੀ ਜ਼ਰੂਰੀ ਹੋ ਸਕਦਾ ਹੈ।" "ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਗੌਡਫਾਦਰਜ਼" ਵਜੋਂ ਜਾਣੇ ਜਾਣ ਵਾਲੇ ਜੈਫਰੀ ਹਿੰਟਨ ਨੂੰ 2018 ਵਿੱਚ, ਉਸ ਨੂੰ ਉਸ ਦੀ ਖੋਜ ਸਫਲਤਾਵਾਂ ਦੇ ਸਨਮਾਨ ਵਿੱਚ 'ਟਿਊਰਿੰਗ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।

### ਆਰਟੀਫੀਸ਼ਲ ਇੰਟੈਲੀਜੈਂਸ ਨਾਲ ਹੋਣ ਵਾਲੇ ਖਤਰੇ

* ਇਸ ਨਾਲ ਮਨੁੱਖ ਦਾ ਨੁਕਸਾਨ ਹੋਵੇਗਾ, ਮਸ਼ੀਨਾਂ ਉਨ੍ਹਾਂ ਦੀ ਜਗ੍ਹਾ 'ਤੇ ਕੰਮ ਕਰਨਗੀਆਂ।

*ਜੇਕਰ ਮਸ਼ੀਨਾਂ ਮਨੁੱਖਾਂ ਵਾਂਗ ਖੁਦ ਫੈਸਲੇ ਲੈਣ ਲੱਗ ਪਈਆਂ ਤਾਂ ਇਨ੍ਹਾਂ ਦੇ ਬੇਕਾਬੂ ਹੋਣ ਦਾ ਖਦਸ਼ਾ ਬਣਿਆ ਰਹੇਗਾ।

*ਜੇਕਰ ਰੋਬੋਟ ਇਨਸਾਨਾਂ ਨੂੰ ਖਤਰਾ ਮੰਨਣ ਲੱਗ ਪਏ ਤਾਂ ਇੱਕ ਵੱਡੇ ਖਤਰੇ ਦੀ ਨਿਸ਼ਾਨੀ ਸਾਬਤ ਹੋਵੇਗਾ।

* ਰੋਬੋਟ ਬਣਾਉਣ ਲਈ ਭਾਰੀ ਖਰਚ ਦੀ ਜ਼ਰੂਰਤ ਹੁੰਦੀ ਹੈ।

*ਮਸੀਨਾਂ ਵੱਲੋਂ ਸਸਤਾ ਅਤੇ ਵਧੀਆ ਕੰਮ ਕਰਨ ਦੀ ਸੂਰਤ ਵਿੱਚ ਲੱਖਾਂ ਲੋਕ ਬੇਰੁਜ਼ਗਾਰ ਹੋ ਜਾਣਗੇ।

* ਮੈਂ ਕਹਾਂਗਾ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਡੇਟਾ ਸਾਇੰਸ ਦੀਆਂ ਬੁਨਿਆਦੀ ਗੱਲਾਂ ਨੂੰ ਸਮਝਣ ਦੀ ਜ਼ਰੂਰਤ ਉੱਚ ਸਿੱਖਿਆ ਤੋਂ ਬਹੁਤ ਪਹਿਲਾਂ ਸ਼ੁਰੂ ਹੁੰਦੀ ਹੈ! ਬੱਚੇ ਜਿਵੇਂ ਹੀ ਯੂਟਿਊਬ 'ਤੇ ਵੀਡੀਓਜ਼ 'ਤੇ ਕਲਿੱਕ ਕਰਦੇ ਹਨ ਜਾਂ ਫੋਟੋ ਐਲਬਮਾਂ ਨੂੰ ਬ੍ਰਾਊਜ਼ ਕਰਦੇ ਹਨ, ਉਨ੍ਹਾਂ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਟ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਨੂੰ ਇਸਦੇ ਪਹਿਲੂਆਂ ਨੂੰ ਸਮਝਣ ਦੀ ਲੋੜ ਹੈ, ਜਿਵੇਂ ਕਿ ਉਹਨਾਂ ਦੀਆਂ ਕਾਰਵਾਈਆਂ ਭਵਿੱਖ ਦੀਆਂ ਸਿਫ਼ਾਰਸ਼ਾਂ ਨੂੰ ਕਿਵੇਂ ਪ੍ਰਭਾਵਤ ਕਰਦੀਆਂ ਹਨ। ਪਰ ਕਾਲਜ ਵਿੱਚ ਕੰਪਿਊਟਰ ਵਿਗਿਆਨ ਦੇ ਵਿਦਆਰਥੀਆਂ ਲਈ ਮੈਂ ਸੋਚਦਾ ਹਾਂ ਕਿ ਭਵਿੱਖ ਦੇ ਇੰਜੀਨੀਅਰਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਕਦੋਂ ਇਨਪੁੱਟ ਦੀ ਮੰਗ ਕਰਨੀ ਹੈ ਅਤੇ ਸੁਰੱਖਿਆ, ਬਰਾਬਰੀ, ਨਿਰਪੱਖਤਾ ਆਦਿ ਦੇ ਅਕਸਰ ਔਖੇ-ਤੋਂ-ਮਾਣਨ ਵਾਲੇ ਵਿਚਾਰਾਂ ਨੂੰ ਪ੍ਰਾਪਤ ਕਰਨ ਲਈ ਅਨੁਸ਼ਾਸਨੀ ਸੀਮਾਵਾਂ ਦੇ ਪਾਰ ਕਿਵੇਂ ਗੱਲ ਕਰਨੀ ਹੈ। ਰੋਬੋਟ ਦੀ ਸਕਾਰਾਤਮਕ ਵਰਤੋਂ ਅਤੇ ਰੋਬੋਟ ਵਿਚ ਭਾਵਨਾਵਾਂ ਸੁਰਜੀਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੇ ਨਾਲ-ਨਾਲ ਇਸ ਦੇ ਉੱਤੇ ਮਨੁੱਖ ਦੇ ਨਿਯੰਤਰਣ ਲਈ ਵਿਗਿਆਨਿਕਾਂ ਨੂੰ ਤਰੀਕੇ ਲੱਭਣੇ ਚਾਹੀਦੇ ਹਨ।

**# ਸੰਪਰਕ : 80547-47374**

# ਸੀ ਪੀ ਆਈ ਵੱਲੋਂ ਜਨ-ਸੰਪਰਕ ਮੁਹਿੰਮ ਤਹਿਤ ਪਿੰਡਾਂ 'ਚ ਮਾਰਚ ਤੇ ਰੈਲੀਆਂ

## 14 ਮਈ ਦੇ ਸ਼ਹੀਦੀ ਦਿਵਸ ਲਈ ਤਿਆਰੀਆਂ ਜ਼ੋਰਾਂ 'ਤੇ



**ਮਲੌਂਦ/ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਵੱਲੋਂ ਦੇਸ਼ ਭਰ ਵਿੱਚ 14 ਅਪ੍ਰੈਲ ਤੋਂ 15 ਮਈ ਤੱਕ ਚੱਲ ਰਹੀ ਜਨ ਸੰਪਰਕ ਮੁਹਿੰਮ ਤਹਿਤ ਮਲੌਂਦ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਦੌਰਾ ਕਰਕੇ ਰੈਲੀਆਂ ਕੀਤੀਆਂ ਗਈਆਂ, ਜਿਸ ਵਿੱਚ ਇਲਾਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਕਾਮਰੇਡ ਡੀ. ਪੀ. ਮੌੜ ਨੇ ਕਿਹਾ ਕਿ ਜਦੋਂ ਦੀ ਮੋਦੀ ਸਰਕਾਰ ਸੱਤਾ ਵਿੱਚ ਆਈ ਹੈ, ਉਸ ਨੇ ਸ਼ਹਿਰਾਂ ਦੇ ਨਾਂਅ ਬਦਲਣ, ਮਹਿੰਗਾਈ ਵਧਾਉਣ, ਬੇਰੁਜ਼ਗਾਰੀ ਵਧਾਉਣ ਤੇ ਦੇਸ਼ ਵਿੱਚ ਫਿਰਕਾਪ੍ਰਸਤੀ ਫੈਲਾਉਣ ਤੋਂ ਇਲਾਵਾ ਕੁਝ ਨਹੀਂ ਕੀਤਾ। ਦੇਸ਼ ਦੀ ਡਿੱਗ ਰਹੀ ਆਰਥਿਕਤਾ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਿਆ ਜਾ ਰਿਹਾ ਹੈ। ਦਿੱਲੀ ਜੰਤਰ ਮੰਤਰ 'ਤੇ ਬੈਠੇ ਸਾਡੇ ਦੇਸ਼ ਦੇ ਸਨਮਾਨਯੋਗ ਪਹਿਲਵਾਨਾਂ, ਜੋ ਆਪਣੇ ਹੱਕਾਂ ਲਈ ਲੜ ਰਹੇ ਹਨ, ਉੱਪਰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੁਲਸ ਵੱਲੋਂ ਕੀਤੇ ਅੱਤਿਆਚਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਐੱਫ ਆਈ ਆਰ ਦੇ ਆਧਾਰ 'ਤੇ ਬ੍ਰਿਜ ਭੂਸ਼ਨ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ। ਪਿਛਲੇ 9 ਸਾਲ, ਜਦੋਂ ਤੋਂ ਆਰ.ਐੱਸ.ਐੱਸ. ਦੀ ਥਾਪੜੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਕੇਂਦਰ ਵਿੱਚ ਸੱਤਾ 'ਚ ਆਈ ਹੈ, ਉਦੋਂ ਤੋਂ ਆਮ ਲੋਕਾਂ ਦਾ ਜੀਵਨ ਦੁੱਭਰ ਹੋ ਗਿਆ ਹੈ। ਲਗਾਤਾਰ ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਨੋਟਬੰਦੀ, ਜੀ ਐੱਸ ਟੀ ਤੇ ਕਰੋਨਾ ਦੌਰਾਨ ਕੁਪ੍ਰਬੰਧ ਨੇ ਆਮ ਲੋਕਾਂ ਤੇ ਛੋਟੇ ਕਾਰੋਬਾਰੀਆਂ ਨੂੰ ਹੋਰ ਹਾਸ਼ੀਏ ਵੱਲ ਧੱਕ ਦਿੱਤਾ ਹੈ। ਮਹਿੰਗਾਈ ਦਾ ਹਾਲ ਇਹ ਹੈ ਕਿ ਗੈਸ ਸਿਲੰਡਰ ਜੋ 2014 ਵਿੱਚ 400 ਰੁਪਏ ਦਾ ਸੀ, ਉਹ 1150 ਰੁਪਏ ਦਾ ਹੋ ਗਿਆ ਹੈ, ਪੈਟਰੋਲ ਜੋ 60 ਰੁਪਏ ਦਾ ਸੀ, 100 ਰੁਪਏ ਨੂੰ ਵੀ ਟੱਪ ਗਿਆ ਹੈ। ਜੇ ਮੋਦੀ ਸਰਕਾਰ 2024 ਵਿੱਚ ਦੁਬਾਰਾ ਆਈ ਤਾਂ ਗੈਸ ਸਿਲੰਡਰ 4000 ਰੁਪਏ ਤੇ ਪੈਟਰੋਲ 300 ਰੁਪਏ ਤੋਂ ਘੱਟ ਨਹੀਂ ਮਿਲੇਗਾ। ਦਾਲਾਂ ਤੇ ਹੋਰ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਅਥਾਹ ਵਾਧਾ ਹੋਇਆ ਤੇ ਹੋਰ ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ ਦਾ ਵੀ ਇਹੋ ਹਾਲ ਹੈ। ਮੋਦੀ ਸਰਕਾਰ ਦੇਸ਼ ਦੀਆਂ ਸਾਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਤਹਿਸ-ਨਹਿਸ ਕਰਕੇ ਦੇਸ਼ ਨੂੰ ਤਾਨਾਸ਼ਾਹੀ ਵੱਲ ਲਿਜਾ ਰਹੀ ਹੈ। ਇਸ ਵੱਲੋਂ ਆਮ ਜਨਤਾ, ਮਜ਼ਦੂਰ, ਮੁਲਾਜ਼ਮ, ਕਿਸਾਨ, ਔਰਤਾਂ, ਨੌਜਵਾਨ ਤੇ ਛੋਟੇ ਕਾਰੋਬਾਰੀ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਛੱਡ ਕੇ ਸਿਰਫ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਏ ਜਾ ਰਹੇ ਹਨ। ਦੇਸ਼ ਦਾ ਸਰਮਾਇਆ ਅਡਾਨੀਆਂ ਅੰਬਾਨੀਆਂ ਨੂੰ ਲੁਟਾਇਆ ਜਾ ਰਿਹਾ ਹੈ। ਸਾਰੀਆਂ ਨੌਕਰੀਆਂ ਠੇਕੇ 'ਤੇ ਦਿੱਤੀਆਂ ਜਾ ਰਹੀਆਂ ਹਨ, ਜਿਸ ਦੀ ਸ਼ੁਰੂਆਤ ਫੌਜ ਵਿੱਚ ਚਾਰ ਸਾਲਾਂ ਲਈ ਅਗਨੀਵੀਰ ਦੀ ਭਰਤੀ ਕਰਕੇ ਕੀਤਾ ਜਾ ਰਿਹਾ ਹੈ। ਮਲੌਦ ਬਲਾਕ ਦੇ 12 ਪਿੰਡਾਂ ਦੇ ਇਸ ਦੌਰੇ ਦੌਰਾਨ 14 ਮਈ ਨੂੰ ਪੰਧੇਰ ਖੇੜੀ ਵਿਖੇ ਕਾਮਰੇਡ ਗੁਰਮੇਲ ਹੂੰਝਣ ਤੇ ਜੋਗਿੰਦਰ ਸਿੰਘ ਦੀ ਸਾਲਾਨਾ ਬਰਸੀ ਲਈ ਲੋਕਾਂ ਨੂੰ ਪਹੁੰਚਣ ਦੀ ਅਪੀਲ ਕੀਤੀ ਗਈ। ਇਸ ਦੌਰਾਨ ਰੈਲੀਆਂ ਨੂੰ ਬਲਾਕ ਸਕੱਤਰ ਕਾਮਰੇਡ ਭਗਵਾਨ ਸਿੰਘ, ਸੋਮਲ ਖੇੜੀ, ਕਾਰਜਕਾਰਨੀ ਮੈਂਬਰ ਕਾਮਰੇਡ ਕੁਲਵੰਤ ਸਿੰਘ ਪੰਧੇਰ ਖੇੜੀ, ਕਾਮਰੇਡ ਗੁਰਮੇਲ ਸਿੰਘ ਮੇਹਲੀ ਨੇ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਜੰਗ ਸਿੰਘ ਸਿਰਥਲਾ, ਬਲਜੀਤ ਸਿੰਘ ਸੀਹਾਂਦੌਦ, ਨਛੱਤਰ ਸਿੰਘ ਪੰਧੇਰ ਖੇੜੀ, ਸਾਧੂ ਸਿੰਘ ਸਿਆੜ, ਸੌਦਾਗਰ ਸਿੰਘ ਸਹਾਰਨ ਮਾਜਰਾ, ਮਲਕੀਤ ਸਿੰਘ ਰਾਮਗੜ੍ਹ ਸਰਦਾਰਾਂ, ਦਰਬਾਰਾ ਸਿੰਘ ਰਾਮਗੜ੍ਹ ਸਰਦਾਰਾਂ, ਚੰਦ ਸਿੰਘ ਰਾਮਗੜ੍ਹ ਸਰਦਾਰਾਂ, ਕੁਲਦੀਪ ਸਿੰਘ ਚੁੰਮੋ, ਜਸਬੀਰ ਸਿੰਘ ਮਲੌਦ, ਰਾਮ ਸਿੰਘ ਸੋਮਲ ਖੇੜੀ, ਜਸਬੀਰ ਸਿੰਘ ਰੋੜੀਆਂ, ਕੁਲਦੀਪ ਸਿੰਘ ਕਿਲ੍ਹਾ ਰਾਏਪੁਰ, ਬੰਤ ਸਿੰਘ ਕੂਹਲੀ ਕਲਾਂ, ਗੁਰਦੀਪ ਸਿੰਘ, ਮਨਦੀਪ ਸਿੰਘ, ਸੰਦੀਪ ਸਿੰਘ ਤੇ ਗੁਰਵਿੰਦਰ ਸਿੰਘ ਪੰਧੇਰ ਖੇੜੀ ਸ਼ਾਮਲ ਸਨ।

# ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਨੂੰ ਲੈ ਕੇ ਅਰਥੀ ਫੂਕ ਮੁਜ਼ਾਹਰਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਆਰ ਐੱਮ ਪੀ ਆਈ ਦੇ ਆਗੂਆਂ, ਵਰਕਰਾਂ ਤੇ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਮਹਿਲ ਕਲਾਂ ਵੱਲੋਂ ਸਾਂਝੇ ਤੌਰ 'ਤੇ ਭਾਜਪਾ ਐੱਮ ਪੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਗ੍ਰਿਫਤਾਰੀ ਨੂੰ ਲੈ ਕੇ ਮਹਿਲ ਕਲਾਂ ਦੇ ਮੁੱਖ ਚੌਕ ਵਿੱਚ ਕੇਂਦਰ ਸਰਕਾਰ ਦੀ ਅਰਥੀ ਫੂਕ ਕੇ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਬੋਲਦਿਆਂ ਆਰ ਐੱਮ ਪੀ ਆਈ ਦੇ ਸੂਬਾਈ ਆਗੂ ਪ੍ਰੋਫੈਸਰ ਜੈਪਾਲ ਸਿੰਘ ਨੇ ਕੇਂਦਰ ਸਰਕਾਰ ਦੇ ਪੱਖਪਾਤੀ ਵਤੀਰੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਜਿਨਸੀ ਸ਼ੋਸ਼ਣ ਮਾਮਲੇ 'ਚ ਐੱਫ ਆਈ ਆਰ ਦਰਜ ਹੋਣ ਦੇ ਬਾਵਜੂਦ ਐੱਮ ਪੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਪੁਸ਼ਤ ਪਨਾਹੀ ਕਰਕੇ ਬਚਾਉਣ ਲੱਗੀ ਹੋਈ ਹੈ। ਇਸ ਸਰਕਾਰ ਦੇ ਰਾਜ ਭਾਗ ਸਮੇਂ ਦੇਸ਼ ਦੀਆਂ ਧੀਆਂ ਭੈਣਾਂ ਸੁਰੱਖਿਅਤ ਨਹੀਂ ਹਨ, ਹਰ ਰੋਜ਼ ਔਰਤਾਂ, ਨਾਬਾਲਗ ਬੱਚੀਆਂ ਨਾਲ ਜਬਰੀ ਸਰੀਰਕ ਸ਼ੋਸ਼ਣ ਦੀਆਂ ਘਟਨਾਵਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਇਸ ਘਟੀਆ ਵਰਤਾਰੇ ਖਿਲਾਫ ਆਵਾਜ਼ ਬੁਲੰਦ ਕਰਕੇ ਲਾਮਬੰਦੀ ਨੂੰ ਤੇਜ਼ ਕਰਨਾ ਸਮੇਂ ਦੀ ਮੁੱਖ ਲੋੜ ਹੈ। ਆਗੂਆਂ ਨੇ ਜੰਤਰ ਮੰਤਰ ਦਿੱਲੀ ਵਿਖੇ ਸੰਘਰਸ਼ ਕਰ ਰਹੇ ਓਲੰਪੀਅਨ ਪਹਿਲਵਾਨਾਂ ਨੂੰ ਇਨਸਾਫ ਦੇਣ ਦੀ ਮੰਗ ਕਰਦਿਆਂ ਮੈਂਬਰ ਪਾਰਲੀਮੈਂਟ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਇਸ ਮੌਕੇ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਅਮਰਜੀਤ ਸਿੰਘ ਕੁੱਕੂ, ਬਲਦੇਵ ਸਿੰਘ ਧਨੇਰ, ਮਲਕੀਤ ਸਿੰਘ ਵਜੀਦਕੇ, ਗੁਰਜੰਟ ਸਿੰਘ ਕੁਰੜ, ਸਰਿੰਦਰ ਕੁਰੜ, ਕਾਕਾ ਸਿੰਘ, ਭੋਲਾ ਸਿੰਘ ਕਲਾਲ ਮਾਜਰਾ, ਹੈਪੀ ਸਿੰਘ ਛੀਨੀਵਾਲ, ਗੁਰਦੇਵ ਸਿੰਘ ਮਹਿਲ ਖੁਰਦ, ਪ੍ਰਕਾਸ ਸਿੰਘ ਸੱਦੋਵਾਲ, ਮਹਿੰਦਰ ਸਿੰਘ ਧਨੇਰ, ਦਰਸ਼ਨ ਸਿੰਘ ਬਾਹਮਣੀਆਂ, ਗੁਰਮੇਲ ਸਿੰਘ ਬਰਨਾਲਾ ਆਦਿ ਆਗੂ ਹਾਜ਼ਰ ਸਨ।

# ਬੈਂਕਾਂ ਪਾਸ ਪਾਰਕਿੰਗ ਦੀ ਸਹੂਲਤ ਨਾ ਹੋਣ ਕਾਰਨ ਸ਼ਹਿਰ 'ਚ ਹਰ ਰੋਜ਼ ਲੱਗਦੇ ਜਾਮ

**ਤਪਾ ਮੰਡੀ (ਅਰੁਣ ਗੋਇਲ)**

ਸਥਾਨਕ ਮੰਡੀ 'ਚ ਵੱਖ-ਵੱਖ ਬਰਾਂਚਾਂ ਦੇ ਦਰਜਨ ਦੇ ਕਰੀਬ ਸਰਕਾਰੀ ਤੇ ਗੈਰ-ਸਰਕਾਰੀ ਬੈਂਕ ਹਨ, ਪਰ ਕਿਸੇ ਕੋਲ ਵੀ ਅਪਣੀ ਪਾਰਕਿੰਗ ਨਾ ਹੋਣ ਕਾਰਨ ਅਪਣਾ ਵਹੀਕਲ ਬੈਂਕ ਮੂਹਰੇ ਸੜਕ ਕਿਨਾਰੇ ਖੜ੍ਹਾ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਅੱਧੇ ਤੋਂ ਜ਼ਿਆਦਾ ਬੈਂਕ ਕੈਂਚੀਆਂ ਤੋਂ ਲੈ ਕੇ ਬਾਲਮੀਕ ਚੌਕ ਤੱਕ ਸਥਿਤ ਹੋਣ ਕਾਰਨ ਹੈਵੀ ਵਹੀਕਲਾਂ ਨੂੰ ਵੀ ਇਸੇ ਰਾਸਤੇ ਲੰਘਣ ਕਾਰਨ ਹਾਦਸੇ ਵਾਪਰਨ ਦਾ ਡਰ ਬਣਿਆਂ ਰਹਿੰਦਾ ਹੈ, ਪਰ ਪ੍ਰਸ਼ਾਸਨ ਵੱਲੋਂ ਕੋਈ ਵੀ ਪੁਖਤਾ ਪ੍ਰਬੰਧ ਨਾ ਹੋਣ ਕਾਰਨ ਲੋਕਾਂ 'ਚ ਭਾਰੀ ਰੋਸ ਹੈ।



ਤਪਾ 'ਚ ਇੱਕ ਬੈਂਕ ਅੱਗੇ ਖੜੇ ਵਾਹਨਾਂ ਦੀ ਮੂੰਹ ਬੋਲਦੀ ਤਸਵੀਰ।

ਮੰਡੀ 'ਚ ਕੈਨਰਾ ਬੈਂਕ, ਪੰਜਾਬ ਐਂਡ ਸਿੰਧ ਬੈਂਕ, ਐਕਸਿਸ ਬੈਂਕ, ਆਈ.ਸੀ.ਆਈ.ਸੀ.ਆਈ. ਬੈਂਕ, ਮਥੂਟ ਬੈਂਕ, ਐੱਚ.ਡੀ.ਐੱਫ.ਸੀ., ਪੰਜਾਬ ਨੈਸ਼ਨਲ ਬੈਂਕ, ਸਟੇਟ ਬੈਂਕ ਆਫ ਇੰਡੀਆ ਆਦਿ ਹੋਰ ਬੈਂਕਾਂ ਦੀਆਂ ਬਰਾਂਚਾਂ ਤੋਂ ਇਲਾਵਾ ਸਾਰੇ ਬੈਂਕਾਂ ਦੇ ਏ.ਟੀ.ਐੱਮ. ਹੋਣ ਕਾਰਨ ਬੈਂਕ 'ਚ ਲੈਣ-ਦੇਣ ਕਰਨ ਆਉਂਦੇ ਗਾਹਕਾਂ ਦੀ ਭੀੜ ਲੱਗਣ ਕਾਰਨ ਅਪਣੇ ਵਹੀਕਲ ਸੜਕ ਕਿਨਾਰੇ ਟੇਢੇ-ਮੇਢੇ ਖੜੇ ਕਰਕੇ ਚਲੇ ਜਾਂਦੇ ਹਨ। ਇਸ ਤੋਂ ਇਲਾਵਾ ਬੈਂਕ ਮੁਲਾਜ਼ਮ ਅਪਣੇ ਵਹੀਕਲ ਵੀ ਖੜੇ ਕਰਦੇ ਹਨ। ਸਾਰਾ ਦਿਨ ਦੋ ਪਹੀਆ ਵਾਹਨ ਖੜੇ ਰਹਿੰਦੇ ਹਨ, ਅਜਿਹੀ ਸਥਿਤੀ ਵਿੱਚ ਜਿੱਥੇ ਟ੍ਰੈਫਿਕ ਸਮੱਸਿਆ ਦੇ ਨਾਲ ਹਾਦਸਾ ਵਾਪਰਨ ਦਾ ਸੰਭਾਵਨਾ ਬਣੀ ਰਹਿੰਦੀ ਹੈ। ਬੈਂਕ ਪ੍ਰਬੰਧਕ ਪਾਰਕਿੰਗ ਬਣਾਉਣ ਦੀ ਸਮੱਸਿਆ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੰਦੇ। ਇਹ ਸਮੱਸਿਆ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਬਣੀ ਰਹਿੰਦੀ ਹੈ, ਜਿਸ ਕਾਰਨ ਬੈਂਕ 'ਚ ਲੈਣ-ਦੇਣ ਵਾਲੇ ਗਾਹਕਾਂ ਤੋਂ ਇਲਾਵਾ ਸਕੂਲ ਜਾਣ ਵਾਲੇ ਵਿਦਿਆਰਥੀਆਂ, ਦੁਕਾਨਦਾਰਾਂ ਤੇ ਐਂਬੂਲੈਂਸ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਬੈਂਕਾਂ ਪਾਸ ਸਥਿਤ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਇਕੱਲੇ ਬੈਂਕਾਂ ਦਾ ਹੀ ਨਹੀਂ, ਇਸ ਸੜਕ 'ਤੇ ਦਰਜਨਾਂ ਦੇ ਕਰੀਬ ਆਈਲਟਸ ਸੈਂਟਰ ਹੋਣ ਕਾਰਨ ਸੜਕ ਦੇ ਦੋਹਾਂ ਪਾਸਿਓਂ ਅਜਿਹੀ ਸਥਿਤੀ ਬਣੀ ਰਹਿਣ ਕਾਰਨ ਹੈਵੀ ਵਹੀਕਲ ਵਾਲਾ ਜਾਮ 'ਚ ਫਸਣ ਕਾਰਨ ਲੰਘਣਾ ਮੁਸ਼ਕਲ ਹੋ ਜਾਂਦਾ ਹੈ।

ਲੋਕਾਂ ਦੀ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਹੈ ਕਿ ਬੈਂਕ ਪ੍ਰਬੰਧਕਾਂ ਨੂੰ ਅਜਿਹੀ ਸਥਿਤੀ 'ਚ ਪਾਰਕਿੰਗ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਜਾਂ ਫਿਰ ਬੈਂਕ ਲੈਣ ਸਮੇਂ ਪਾਰਕਿੰਗ ਦੀ ਸਹੂਲਤ ਵੀ ਲਈ ਜਾਵੇ, ਤਾਂ ਕਿ ਕਿਰਾਏ ਪਿੱਛੇ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।

# ਸਾਹਿਤਕ ਸੱਥ ਵੱਲੋਂ ਕਾਵਿ-ਪੁਸਤਕ 'ਮੈਂ ਤੋਂ ਅਸੀਂ' ਲੋਕ ਅਰਪਣ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਾਹਿਤਕ ਸੱਥ ਵੱਲੋਂ ਨੌਜਵਾਨ ਸ਼ਾਇਰ ਲਵਜਾਦ ਗਿੱਲ ਦੀ ਕਾਵਿ-ਪੁਸਤਕ 'ਮੈਂ ਤੋਂ ਅਸੀਂ' ਲੋਕ ਅਰਪਣ ਕੀਤੀ ਗਈ। ਇਸ ਮੌਕੇ ਸਾਹਿਤਕ ਸੱਥ ਦੇ ਪ੍ਰਧਾਨ ਡਾ. ਪਰਮਜੀਤ ਸਿੰਘ ਢੀਂਗਰਾ, ਡਾ. ਹਰਜਿੰਦਰ ਸਿੰਘ ਸੂਰੇਵਾਲੀਆ, ਗੁਰਸੇਵਕ ਸਿੰਘ ਪ੍ਰੀਤ, ਗੁਰਜੀਤ ਐਮੀ, ਹਰਿੰਦਰ ਕੌਰ ਵੀ ਮੌਜੂਦ ਸਨ। ਲਵਜਾਦ ਗਿੱਲ ਨੇ ਦੱਸਿਆ ਕਿ ਉਹ ਦਸਵੀਂ ਕਲਾਸ ਤੋਂ ਹੀ ਕਵਿਤਾ ਲਿਖਣ ਲੱਗ ਪਏ ਸਨ, ਪਰ ਹੁਣ ਐੱਮ. ਐੱਸ. ਸੀ. ਕਰਦਿਆਂ ਇਸ ਨੂੰ ਕਿਤਾਬੀ ਰੂਪ ਦਿੱਤਾ ਹੈ। ਉਨ੍ਹਾ ਦੱਸਿਆ ਕਿ ਸਮਾਜ ਦੀਆਂ ਸਮੱਸਿਆਵਾਂ, ਖਾਸ ਤੌਰ 'ਤੇ ਨਿਮਨ ਵਰਗ ਨੂੰ ਉਨ੍ਹਾਂ ਕਵਿਤਾ ਦੇ ਰੂਪ ਵਿੱਚ ਚਿਤਰਿਆ ਹੈ। ਡਾ. ਢੀਂਗਰਾ ਨੇ ਸ਼ਾਇਰੀ ਦੇ ਨੁਕਤੇ ਸਾਂਝੇ ਕਰਦਿਆਂ ਲਵਜਾਦ ਗਿੱਲ ਨੂੰ ਬਿਹਤਰੀਨ ਪੜ੍ਹਨ ਤੇ ਲਿਖਣ ਲਈ ਪ੍ਰੇਰਦਿਆਂ ਉਨ੍ਹਾਂ ਦੀ ਪਹਿਲੀ ਪੁਸਤਕ ਦਾ ਸਵਾਗਤ ਕੀਤਾ। ਇਸ ਮੌਕੇ ਦੀਪਕ, ਵੀਰਪਾਲ ਕੌਰ, ਦਲਜੀਤ ਕੌਰ, ਸੁਖਪਾਲ ਕੌਰ ਮੌਜੂਦ ਸਨ।



ਲਵਜਾਦ ਗਿੱਲ ਦੀ ਕਵਿ-ਪੁਸਤਕ 'ਮੈਂ ਤੋਂ ਅਸੀਂ' ਲੋਕ ਅਰਪਣ ਕਰਦੇ ਡਾ. ਢੀਂਗਰਾ ਤੇ ਹੋਰ।

# ਸ਼ਹਿਰ 'ਚ ਸਰੇਆਮ ਹੋ ਰਹੇ ਨੇ ਨਜਾਇਜ਼ ਕਬਜ਼ੇ, ਨਗਰ ਕੌਂਸਲ ਖਾਮੋਸ਼

## ਆਰ ਟੀ ਆਈ ਰਾਹੀਂ ਪੁੱਛਣ 'ਤੇ ਵੀ ਨਹੀਂ ਮਿਲਦਾ ਕੋਈ ਜਵਾਬ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਨਗਰ ਕੌਂਸਲ ਰਾਮਪੁਰਾ ਫੂਲ ਵਿੱਚ ਭ੍ਰਿਸ਼ਟਾਚਾਰ ਇਸ ਕਦਰ ਫੈਲਿਆ ਹੋਇਆ ਹੈ ਕਿ ਜ਼ੁਬਾਨੀ ਪੁੱਛਣ 'ਤੇ ਤਾਂ ਕੀ ਕਨੂੰਨੀ ਪ੍ਰਕਿਰਿਆ ਆਰ. ਟੀ. ਆਈ. ਰਾਹੀਂ ਪੁੱਛਣ 'ਤੇ ਵੀ ਨਹੀਂ ਦੱਸਦੇ। ਨਗਰ ਕੌਂਸਲ ਨੂੰ ਪਤਾ ਹੈ ਕਿ ਇਸ ਦਾ ਜਵਾਬ ਦੇਣ 'ਤੇ ਭ੍ਰਿਸ਼ਟਾਚਾਰ ਦਾ ਘੜਾ ਚੌਰਾਹੇ 'ਤੇ ਫੁੱਟਦਾ ਹੈ। ਨਗਰ ਕੌਂਸਲ ਵੱਲੋਂ ਨਜਾਇਜ਼ ਕਬਜ਼ੇ ਵੱਡੀ ਕਥਿਤ ਮਿਲੀਭੁਗਤ ਰਾਹੀਂ ਕਰਵਾਏ ਜਾ ਰਹੇ ਹਨ। ਨਗਰ ਕੌਂਸਲ ਅਧਿਕਾਰੀਆਂ ਦੀ ਦੱਸੀ ਸਕੀਮ ਅਨੁਸਾਰ ਕਬਜ਼ਾਕਾਰੀ ਸ਼ੁੱਕਰਵਾਰ ਦੁਪਹਿਰ ਤੋਂ ਬਾਅਦ ਆਪਣੀ ਉਸਾਰੀ ਸ਼ੁਰੂ ਕਰ ਦਿੰਦਾ ਹੈ, ਕਿਉਂਕਿ ਅਗਲੇ ਸ਼ਨੀਵਾਰ, ਐਤਵਾਰ ਦੀ ਨਗਰ ਕੌਂਸਲ ਵਿੱਚ ਛੁੱਟੀ ਹੁੰਦੀ ਹੈ। ਜੇਕਰ ਕੋਈ ਸਮਾਜ ਸੇਵੀ ਇਨ੍ਹਾਂ ਨਜਾਇਜ਼ ਕਬਜ਼ਿਆਂ ਬਾਰੇ ਨਗਰ ਕੌਂਸਲ ਅਧਿਕਾਰੀਆਂ ਨੂੰ ਦੱਸਣਾ ਚਾਹੁੰਦਾ ਹੈ ਤਾਂ ਨਗਰ ਕੌਂਸਲ ਵਾਲੇ ਅਪਣਾ ਮੋਬਾਈਲ ਚੁੱਕਣਾ ਮੁਨਾਸਬ ਨਹੀਂ ਸਮਝਦੇ। ਬਿਲਕੁਲ ਇਸ ਤਰ੍ਹਾਂ ਦੀ ਉਦਾਹਰਣ ਪਿੰਡ ਰਾਮਪੁਰਾ ਰੋਡ, ਥਾਣੇ ਵਾਲੀ ਗਲੀ 'ਤੇ ਸਥਿਤ ਦੁਕਾਨ, ਜਿਸ ਨੇ ਨਗਰ ਕੌਂਸਲ ਦਾ ਲੱਖਾਂ ਰੁਪਏ ਪ੍ਰਾਪਰਟੀ ਟੈਕਸ ਦੇਣਾ ਹੈ। ਇਸ ਦੇ ਦੁਕਾਨਦਾਰ ਵੱਲੋਂ ਨਾ ਨਕਸ਼ਾ ਪਾਸ ਕਰਵਾਇਆ ਹੈ ਨਾ ਹੀ ਕੋਈ ਮਨਜ਼ੂਰੀ ਲਈ ਹੈ। ਆਪਣੀ ਦੁਕਾਨ ਦੇ ਨਾਲ ਨਾਲ ਸਰਕਾਰੀ ਜਗ੍ਹਾ 'ਤੇ ਭਰਤਾ ਪਾ ਕੇ ਤੇ ਸਰਕਾਰੀ ਜਗ੍ਹਾ 'ਤੇ ਵਾਸ਼ਰੂਮ ਉਸਾਰ ਕੇ ਨਜਾਇਜ਼ ਕਬਜ਼ਾ ਕਰ ਲਿਆ।

ਪਹਿਲਾਂ ਵੀ ਦੁਕਾਨਦਾਰ ਵੱਲੋਂ ਸਰਕਾਰੀ ਜਗ੍ਹਾ 'ਤੇ ਸ਼ੈੱਡ ਪਾ ਕੇ ਕਬਜ਼ਾ ਕਰ ਰੱਖਿਆ ਹੈ। ਸਮਾਜ ਸੇਵਕ ਵੱਲੋਂ ਨਗਰ ਕੌਂਸਲ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਕੋਈ ਵੀ ਕਾਰਵਾਈ ਨਹੀਂ ਹੋਈ। ਇਸ ਇਲਾਕੇ ਦੇ ਅਫਸਰ ਐੱਸ. ਡੀ. ਐੱਮ. ਰਾਮਪੁਰਾ ਫੂਲ, ਜੋ ਅਪਣਾ ਮੋਬਾਈਲ 24 ਘੰਟੇ ਖੁੱਲ੍ਹਾ ਰੱਖਦੇ ਹਨ, ਨੇ ਵੀ ਤੁਰੰਤ ਨਗਰ ਕੌਂਸਲ ਅਧਿਕਾਰੀਆਂ ਨੂੰ ਕਿਹਾ, ਪਰ ਨਗਰ ਕੌਂਸਲ ਆਧਿਕਾਰੀ ਇਨ੍ਹਾਂ ਦੇ ਹੁਕਮਾਂ ਦੀ ਵੀ ਪ੍ਰਵਾਹ ਨਹੀਂ ਕਰਦੇ। ਜੇਕਰ ਕੌਂਸਲ ਇਸ ਦੁਕਾਨਦਾਰ ਨੂੰ ਕੋਈ ਨੋਟਿਸ ਕੱਢਦੀ ਤਾਂ ਅੱਜ ਲੱਖ ਦੇ ਕਰੀਬ ਰੁਪਏ ਕੌਂਸਲ ਦੇ ਸਰਕਾਰੀ ਖਾਤੇ ਵਿੱਚ ਆ ਜਾਣਾ ਸੀ, ਪਰ ਇਹ ਸਭ ਭ੍ਰਿਸ਼ਟਾਚਾਰ ਕਾਰਨ ਹੋ ਰਿਹਾ ਹੈ। ਇਹ ਅਧਿਕਾਰੀ ਆਪ ਸਰਕਾਰ ਦੀਆਂ ਚੰਗੀਆਂ ਨੀਤੀਆਂ ਨੂੰ ਫੇਲ੍ਹ ਕਰਨ 'ਤੇ ਲੱਗੇ ਹੋਏ ਹਨ। ਇਸ ਤਰ੍ਹਾਂ ਦਾ ਹੋਰ ਨਜਾਇਜ਼ ਕਬਜ਼ਾ ਬੱਸ ਸਟੈਂਡ ਰੋਡ, ਨੇੜੇ ਭਗਵਾਨ ਵਾਲਮੀਕ ਚੌਕ ਸਥਿਤ ਇਕ ਦੁਕਾਨਦਾਰ ਵੱਲੋਂ ਬਣੇ ਨਕਸ਼ੇ ਤੋਂ ਬਾਹਰ ਜਾ ਕੇ ਨਜਾਇਜ਼ ਉਸਾਰੀ ਕਰਕੇ ਕਬਜ਼ਾ ਕਰ ਰੱਖਿਆ ਹੈ। ਇਕ ਸਾਲ ਤੋਂ ਇਸ ਦੁਕਾਨਦਾਰ ਵਿਰੁੱਧ ਕੋਈ ਕਾਰਵਾਈ ਨਾ ਕਰਨਾ ਇਹ ਸਭ ਨਗਰ ਕੌਂਸਲ ਦੀ ਮਿਲੀਭੁਗਤ ਨੂੰ ਦਰਸਾ ਰਿਹਾ ਹੈ। ਇਸ ਦੀ ਵਿਜੀਲੈਂਸ ਜਾਂਚ ਹੋਣੀ ਚਾਹੀਦਾ ਹੈ।

# ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ 17 ਨੂੰ ਹੈੱਡ ਆਫਿਸ ਦੇ ਗੇਟ ਅੱਗੇ ਗੱਜਣਗੇ : ਭੁਮੱਦੀ, ਮਾਨ



**ਮੁੱਲਾਂਪੁਰ ਦਾਖਾਂ (ਪੱਤਰ ਪ੍ਰੇਰਕ)**-ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਕਾਰਕੁਨ ਆਦਮਪੁਰ, ਨਕੋਦਰ ਤੇ ਜਲੰਧਰ ਅੰਦਰ ਪੰਜਾਬ, ਯੂ ਟੀ ਮੁਲਾਜ਼ਮ ਐਂਡ ਪੈਨਸ਼ਨਰਜ਼ ਸਾਂਝਾ ਫਰੰਟ ਦੀ ਕਾਲ 'ਤੇ ਕੀਤੇ ਝੰਡੇ ਮਾਰਚਾਂ ਅੰਦਰ ਕਾਮਰੇਡ ਰਾਧੇ ਸਿਆਮ ਪ੍ਰਧਾਨ ਪੰਜਾਬ, ਅਮਰੀਕ ਸਿੰਘ ਮਸੀਤਾਂ ਜਨਰਲ ਸਕੱਤਰ, ਸੁਖਜੰਟ ਸਿੰਘ ਵਿੱਤ ਸਕੱਤਰ, ਚਮਕੌਰ ਸਿੰਘ ਬਰਮੀ ਸੀਨੀ. ਮੀਤ ਪ੍ਰਧਾਨ, ਨਰਿੰਦਰ ਬੱਲ ਡਿਪਟੀ ਜਨਰਲ ਸਕੱਤਰ, ਕੇਵਲ ਸਿੰਘ ਬਨਵੈਤ ਮੀਤ ਪ੍ਰਧਾਨ ਤੇ ਹੋਰ ਵੱਖ ਵੱਖ ਸਟੇਟ ਅਤੇ ਸਰਕਲ ਲੀਡਰਸ਼ਿਪ ਦੀ ਸੁਚੱਜੀ ਅਗਵਾਈ 'ਚ ਵੱਡੀ ਗਿਣਤੀ 'ਚ ਝੰਡੇ ਤੇ ਮਾਟੋਆਂ ਸਮੇਤ ਵੱਡੀ ਗਿਣਤੀ 'ਚ ਸ਼ਾਮਲ ਹੋ ਕੇ ਮਿਸਾਲ ਕਾਇਮ ਕੀਤੀ। ਉਨ੍ਹਾਂ ਕਿਹਾ ਕਿ ਹੁਣ ਐਜੀਟੇਸ਼ਨ ਦਾ ਰੁੱਖ ਪਾਵਰਕਾਮ ਦੀ ਮੈਨੇਜਮੈਂਟ ਵੱਲ ਕਰਦੇ ਹੋਏ 17 ਮਈ ਨੂੰ ਪਟਿਆਲਾ ਹੈੱਡ ਆਫਿਸ ਅੱਗੇ ਕੀਤੇ ਜਾ ਰੋਸ ਪ੍ਰਦਰਸ਼ਨ ਅੰਦਰ ਪੂਰੀ ਤਾਕਤ ਝੋਕਣਗੇ ਤਾਂ ਜੋ ਪਾਵਰਕਾਮ ਦੀ ਮੈਨੇਜਮੈਂਟ ਨੂੰ ਮੀਟਿੰਗ ਦੇ ਕੇ ਟੇਬਲਟਾਕ ਰਾਹੀਂ ਮਸਲੇ ਹੱਲ ਕਰਨ ਲਈ ਮਜਬੂਰ ਕੀਤਾ ਜਾ ਸਕੇ। ਮੰਗਾਂ ਸਬੰਧੀ ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਦਾ ਨਜਾਇਜ਼ ਕੱਟਿਆ 12 ਕਰੋੜ ਰੁਪਇਆ ਜੋ ਡਿਵੈੱਲਪਮੈਂਟ ਟੈਕਸ ਦੇ ਨਾਂਅ 'ਤੇ ਕੱਟਿਆ ਸੀ, ਐਕਟ 'ਚ ਦਰਜ ਧਾਰਾ ਅਨੁਸਾਰ ਸਮੇਤ ਵਿਆਜ ਵਾਪਸ ਕਰਵਾਉਣਾ, 23 ਸਾਲਾ ਸਕੇਲ ਸਮੁੱਚੇ ਪੈਨਸ਼ਨਰਾਂ ਨੂੰ ਦੇਣਾ, ਐਕਸਗਰੇਸ਼ੀਆ ਦਸ ਲੱਖ ਕਰਨਾ, ਏਰੀਅਰ ਜਾਰੀ ਕਰਨਾ ਆਦਿ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਸਮੁੱਚੇ ਪੰਜਾਬ ਦੀ ਮੈਂਬਰਸ਼ਿਪ ਨੂੰ ਵੀ ਅਪੀਲ ਕੀਤੀ ਕਿ 17 ਮਈ ਨੂੰ ਸਮੇਂ ਅਤੇ ਡਸਿਪਲਿਨ ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਇਸ ਪ੍ਰਦਰਸ਼ਨ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਇੱਕ ਕਰ ਦਿਓ।

# ਸਰਕਾਰੀ ਸੰਸਥਾਵਾਂ ਨੂੰ ਬਚਾਉਣ ਲਈ ਅੱਗੇ ਆਉਣ ਲੋਕ : ਡਾ: ਮੁਲਤਾਨੀ

## 'ਆਪ' ਦੇ ਰਾਜ 'ਚ ਬਾਕੀਆਂ ਨਾਲੋਂ ਜ਼ਿਆਦਾ ਵਧਿਆ ਪੰਜਾਬ ਦਾ ਆਰਥਿਕ ਉਜਾੜਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਦੀ ਨਵੀਂ ਸਿਹਤ ਨੀਤੀ ਨੇ ਪਹਿਲਾਂ ਤੋਂ ਮੌਜੂਦ ਸਿਹਤ ਪ੍ਰਣਾਲੀ ਨੂੰ ਵੱਡਾ ਨੁਕਸਾਨ ਪਹੁੰਚਾਇਆ। ਸਰਕਾਰ ਨੂੰ ਇਹ ਚਾਹੀਦਾ ਸੀ ਕਿ ਜੇਕਰ ਪੰਜਾਬ ਦੇ ਲੋਕਾਂ ਲਈ ਸਿਹਤ ਪ੍ਰਣਾਲੀ 'ਚ ਕੁੱਝ ਚੰਗਾ ਨਹੀਂ ਕਰ ਸਕਦੇ ਤਾਂ ਪਹਿਲੋਂ ਮੌਜੂਦ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਂਦੀ, ਪਰ ਅਜਿਹਾ ਨਹੀਂ ਹੋਇਆ। ਇਸ ਦਾ ਪ੍ਰਗਟਾਵਾ ਪੰਜਾਬੀ ਮੰਚ ਦੇ ਆਗੂ ਡਾ: ਦਲੇਰ ਸਿੰਘ ਮੁਲਤਾਨੀ ਸੇਵਾ ਮੁਕਤ ਸਿਵਲ ਸਰਜਨ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਪਾਰਕ ਮਹਿਲ ਕਲਾਂ ਵਿਖੇ ਕਮਿਊਨਿਟੀ ਹੈੱਲਥ ਸੈਂਟਰ ਮਹਿਲ ਕਲਾਂ ਦੀ ਬਿਹਤਰੀ ਲਈ ਰੱਖੀ ਜਨਤਕ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪਹਿਲੀਆਂ ਸਰਕਾਰਾਂ ਨੇ ਪੰਜਾਬ ਦਾ ਆਰਥਿਕ ਉਜਾੜਾ ਕੀਤਾ, ਪਰ 'ਆਪ' ਸਰਕਾਰ ਨੇ ਇਸ ਨੂੰ ਰੋਕਣ ਦੀ ਬਜਾਏ ਇਸ ਨੂੰ ਹੋਰ ਵਧਾ ਦਿੱਤਾ ਹੈ। ਇਸ ਲਈ ਪਿੰਡਾਂ ਅੰਦਰ ਚਲਦੇ ਪ੍ਰਾਇਮਰੀ ਹੈੱਲਥ ਸੈਂਟਰ, ਕਮਿਊਨਿਟੀ ਹੈੱਲਥ ਸੈਂਟਰ, ਡਿਸਪੈਂਸਰੀਆਂ, ਸਕੂਲਾਂ ਸਮੇਤ ਹੋਰ ਸਰਕਾਰੀ ਸੰਸਥਾਵਾਂ ਨੂੰ ਬਚਾਉਣ ਵਾਸਤੇ ਸਥਾਨਕ ਲੋਕਾਂ ਨੂੰ ਆਪਣੇ ਪੱਧਰ 'ਤੇ ਹਿੰਮਤ ਕਰਨੀ ਪਵੇਗੀ। ਜੇਕਰ ਅਸੀਂ ਸਭ ਕੁਝ ਸਰਕਾਰ 'ਤੇ ਛੱਡ ਦਿੱਤਾ ਤਾਂ ਲੋਕਾਂ ਦੀ ਸਹੂਲਤ ਲਈ ਬਣੀਆਂ ਇਹ ਸੰਸਥਾਵਾਂ ਹੌਲੀ-ਹੌਲੀ ਖਤਮ ਹੋ ਜਾਣਗੀਆਂ। ਡਾ: ਮੁਲਤਾਨੀ ਨੂੰ ਲੋਕਾਂ ਅਗਾਂਹਵਧੂ ਸੋਚ ਦੇ ਧਾਰਨੀ ਬਣ ਕੇ ਲੋਕ ਮਸਲਿਆਂ ਨੂੰ ਸਮਝਦਾਰੀ ਨਾਲ ਉਭਾਰਨ ਦੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਮੀਟਿੰਗ 'ਚ ਸ਼ਾਮਲ ਲੋਕਾਂ ਦੇ ਸੁਆਲਾਂ ਦੇ ਜਵਾਬ ਵੀ ਦਿੱਤੇ। ਨੌਜਵਾਨ ਆਗੂ ਹਰਜੀਤ ਸਿੰਘ ਖਿਆਲੀ ਨੇ ਸਮੂਹ ਲੋਕਾਂ ਨੂੰ ਹੱਕਾਂ ਦੀ ਪ੍ਰਾਪਤੀ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ। ਇਸ ਮੌਕੇ ਕੈਪਟਨ ਗੁਰਦੀਪ ਸਿੰਘ, ਬੇਅੰਤ ਸਿੰਘ ਮਿੱਠੂ, ਅਵਤਾਰ ਸਿੰਘ ਚੀਮਾ, ਕੁਲਵੰਤ ਸਿੰਘ ਮੂੰਮ, ਮੰਗਤ ਸਿੰਘ ਸਿੱਧੂ, ਜਗਸੀਰ ਸਿੰਘ ਖਾਲਸਾ, ਮਾ: ਜਗਰਾਜ ਸਿੰਘ ਭੱਠਲ, ਦਰਸ਼ਨ ਸਿੰਘ ਫੌਜੀ, ਸ਼ਿੰਗਾਰਾ ਸਿੰਘ ਛੀਨੀਵਾਲ, ਜਗਦੇਵ ਸਿੰਘ ਮਾਨ, ਬੇਅੰਤ ਸਿੰਘ ਜੌਹਲਾਂ ਵਾਲੇ, ਅਮਰਜੀਤ ਸਿੰਘ ਛੀਨੀਵਾਲ, ਕੁਲਦੀਪ ਸਿੰਘ ਨਿਹਾਲੂਵਾਲ, ਦਰਸ਼ਨ ਸ਼ਰਮਾ, ਨੰਬਰਦਾਰ ਜਗਦੇਵ ਸਿੰਘ, ਹਾਕਮ ਸਿੰਘ ਚੁਹਾਣਕੇ, ਰਾਜੂ ਸਿੰਘ, ਸਿਮਰਜੀਤ ਸਿੰਘ ਕਲਾਲ ਮਾਜਰਾ ਆਦਿ ਹਾਜ਼ਰ ਸਨ।

# ਪਾਣੀ ਦੀ ਸੰਭਾਲ ਨੂੰ ਲੈ ਕੇ ਨੌਜਵਾਨ ਲੜਕੇ, ਲੜਕੀਆਂ ਦੇ ਲੇਖ ਤੇ ਪੋਸਟਰ ਮੁਕਾਬਲੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੰਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ (ਰਜਿ:) ਦੇ ਸਹਿਯੋਗ ਨਾਲ ਨਹਿਰੂ ਯੁਵਾ ਕੇਂਦਰ ਸ੍ਰੀ ਮੁਕਤਸਰ ਸਾਹਿਬ ਦੁਆਰਾ "ਮਨਿਸਟਰੀ ਆਫ ਜਲ ਸ਼ਕਤੀ" ਅਧੀਨ (ਕੈਚ ਦਾ ਰੇਨ) ਪਾਣੀ ਦੀ ਸੰਭਾਲ ਨੂੰ ਲੈ ਕੇ ਨੌਜਵਾਨ ਲੜਕੇ ਲੜਕੀਆਂ ਦੇ ਲੇਖ ਤੇ ਪੋਸਟਰ ਮੁਕਾਬਲੇ ਕਰਵਾਏ ਗਏ। ਜਾਣਕਾਰੀ ਦਿੰਦਿਆਂ ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਜ਼ਿਲ੍ਹਾ ਯੂਥ ਅਫਸਰ ਮੈਡਮ ਕੋਮਲ ਨਿਗਮ ਦੀ ਅਗਵਾਈ ਵਿੱਚ ਹੋਏ ਇਸ ਪ੍ਰੋਗਰਾਮ ਮੌਕੇ ਰਵਿੰਦਰ ਕੌਰ ਬਰਾੜ ਇੰਚਾਰਜ ਸਾਈਬਰ ਸੈੱਲ ਸ੍ਰੀ ਮੁਕਤਸਰ ਸਾਹਿਬ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਬੋਲਦਿਆਂ ਮੁੱਖ ਮਹਿਮਾਨ ਬਰਾੜ ਨੇ ਸੰਸਥਾ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਨੂੰ ਮੀਂਹ ਦੇ ਪਾਣੀ ਦੀ ਸਹੀ ਢੰਗ ਨਾਲ ਬੱਚਤ ਕਰਕੇ ਵਰਤੋਂ ਕਰਨ ਲਈ ਸੁਚੇਤ ਕੀਤਾ। ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਚਿੰਤਾ ਜਤਾਈ ਕਿ ਜੇਕਰ ਪਾਣੀ ਦੀ ਸੰਭਾਲ ਲਈ ਜਲਦੀ ਸਖਤੀ ਨਾਲ ਕਦਮ ਨਾ ਚੁੱਕੇ ਗਏ ਤਾਂ ਹੋ ਸਕਦਾ ਆਉਣ ਵਾਲੇ ਸਮੇਂ ਵਿੱਚ ਸੰਸਾਰ ਜੰਗਾਂ ਪਾਣੀ ਪਿੱਛੇ ਲੱਗਣ, ਇਸ ਲਈ ਸਾਨੂੰ ਸਭਨਾਂ ਨੂੰ ਮਿਲ ਕੇ ਇਸ ਮੁਹਿੰਮ ਦਾ ਪੱਲਾ ਫੜ ਕੇ ਆਪਣੇ ਬਣਦੇ ਫਰਜ਼ ਅਦਾ ਕਰਨੇ ਚਾਹੀਦੇ ਹਨ। ਚੇਅਰਪਰਸਨ ਕੁਲਵਿੰਦਰ ਕੌਰ ਬਰਾੜ ਨੇ ਆਖਿਆ ਸਾਨੂੰ ਪਾਣੀ ਦੀ ਵਰਤੋਂ ਪੂਰੇ ਸੰਜਮ ਨਾਲ ਕਰਨੀ ਚਾਹੀਦੀ ਹੈ ਤੇ ਬਾਰਸ਼ ਦੇ ਪਾਣੀ ਨੂੰ ਅੰਮ੍ਰਿਤ ਸਮਝ ਕੇ ਸੰਭਾਲ ਲੈਣਾ ਚਾਹੀਦਾ ਹੈ। ਮਨਪ੍ਰੀਤ ਸਿੰਘ ਭਾਰੀ ਨੇ ਦੱਸਿਆ ਕਿ ਇਸ ਮੌਕੇ ਪਾਣੀ ਦੀ ਸੰਭਾਲ ਨੂੰ ਲੈ ਕੇ ਸੰਕਲਪ ਕੰਪਿਊਟਰ ਸੈਂਟਰ ਵਿਖੇ ਕਰਵਾਏ ਪੋਸਟਰ ਤੇ ਲੇਖ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਅੰਮ੍ਰਿਤਪਾਲ ਕੌਰ, ਦੂਜਾ ਸਥਾਨ ਰਾਜਵੀਰ ਕੌਰ ਤੇ ਤੀਜਾ ਸਥਾਨ ਹਰਮਨ ਸਰੋਏ ਨੇ ਹਾਸਲ ਕੀਤਾ। ਮੁਕਾਬਲਿਆਂ ਵਿੱਚ ਅੱਵਲ ਆਏ ਨੌਜਵਾਨਾਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਚੇਅਰਪਰਸਨ ਕੁਲਵਿੰਦਰ ਕੌਰ ਬਰਾੜ, ਹਰਮਨ ਕੌਰ, ਮਨਪ੍ਰੀਤ ਸਿੰਘ ਸੱਗੂਧੌਣ, ਅਨੀਸ਼ ਕੁਮਾਰ, ਰਾਜਵਿੰਦਰ ਸਿੰਘ , ਭਵਕੀਰਤ ਸਿੰਘ ਸੰਧੂ ਤੇ ਪੰਜਾਬ ਪੁਲਸ ਦੇ ਅਫਸਰ ਮੌਜੂਦ ਸਨ।

# ਫਰੀਦਕੋਟ 'ਚ ਵਿਆਹੁਤਾ ਨੇ ਕੀਤੀ ਖੁਦਕੁਸ਼ੀ

## ਧੀ ਦੇ ਜਨਮ ਦਾ ਖਰਚਾ ਆਪਣੇ ਨਾਨਕੇ ਘਰੋਂ ਲਿਆਉਣ ਦਾ ਸੀ ਦਬਾਅ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਸਥਾਨਕ ਇੱਕ ਵਿਆਹੁਤਾ ਨੇ ਹੁੱਕ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਕਾਹਲੀ ਵਿੱਚ ਉਸ ਦੇ ਸਹੁਰਿਆਂ ਨੇ ਉਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ 'ਚ ਦਾਖਲ ਕਰਵਾ ਦਿੱਤਾ, ਜਿੱਥੇ ਇਲਾਜ ਦੌਰਾਨ 11ਵੇਂ ਦਿਨ ਉਸ ਦੀ ਮੌਤ ਹੋ ਗਈ। ਮ੍ਰਿਤਕਾ ਦੇ ਪਿਤਾ ਨੇ ਦੋਸ਼ ਲਗਾਇਆ ਹੈ ਕਿ ਸਹੁਰਾ ਪਰਿਵਾਰ ਉਸ 'ਤੇ ਪੇਕੇ ਪਰਵਾਰ ਤੋਂ ਪੈਸੇ ਲਿਆਉਣ ਲਈ ਦਬਾਅ ਪਾ ਰਿਹਾ ਸੀ। ਸਾਦਿਕ ਪੁਲਸ ਨੇ ਪਿਤਾ ਦੀ ਸ਼ਿਕਾਇਤ 'ਤੇ ਮ੍ਰਿਤਕਾ ਦੇ ਪਤੀ ਤੇ ਸਹੁਰੇ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਰਵਿੰਦਰਪਾਲ ਸਿੰਘ ਵਾਸੀ ਮਚਾਕੀ ਕਲਾਂ ਨੇ ਦੱਸਿਆ ਕਿ ਉਸ ਨੇ ਆਪਣੀ ਲੜਕੀ ਜਸਵੀਰ ਕੌਰ ਦਾ ਵਿਆਹ ਗੁਰਵੀਰ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਸ਼ੇਰ ਸਿੰਘ ਵਾਲਾ ਨਾਲ ਕੀਤਾ ਸੀ। ਵਿਆਹ ਤੋਂ ਬਾਅਦ ਜਸਵੀਰ ਕੌਰ ਨੇ ਅਮਰੀਨ ਕੌਰ ਨਾਂ ਦੀ ਲੜਕੀ ਨੂੰ ਜਨਮ ਦਿੱਤਾ, ਜਿਸ ਦੇ ਜਨਮ 'ਤੇ ਜਸਵੀਰ ਕੌਰ ਦੇ ਸਹੁਰੇ ਪਰਿਵਾਰ ਨੇ ਢਾਈ ਤੋਂ ਤਿੰਨ ਲੱਖ ਰੁਪਏ ਖਰਚ ਕੀਤੇ। ਇਸ ਉਪਰੰਤ ਜਸਵੀਰ ਦਾ ਪਤੀ ਗੁਰਵੀਰ ਸਿੰਘ, ਸਹੁਰਾ ਹਰਪਾਲ ਸਿੰਘ ਤੇ ਸੱਸ ਸਿਮਰਨਜੀਤ ਕੌਰ ਉਸ ਨੂੰ ਇਹ ਕਹਿ ਕੇ ਤੰਗ-ਪ੍ਰੇਸ਼ਾਨ ਕਰਦੇ ਸਨ ਕਿ ਤੇਰੇ ਜਣੇਪੇ 'ਤੇ ਢਾਈ ਤੋਂ ਤਿੰਨ ਲੱਖ ਰੁਪਏ ਖਰਚ ਹੋ ਚੁੱਕੇ ਹਨ, ਜੋ ਆਪਣੇ ਮਾਤਾ-ਪਿਤਾ ਤੋਂ ਲਿਆਵੇ। ਇਸ 'ਤੇ ਉਸ ਦੀ ਲੜਕੀ ਨੇ ਕਿਹਾ ਕਿ ਅਮਰੀਨ ਕੌਰ ਤੁਹਾਡੀ ਬੇਟੀ ਅਤੇ ਪੋਤੀ ਹੈ, ਇਸ ਲਈ ਉਹ ਆਪਣੇ ਨਾਨਕੇ ਘਰੋਂ ਪੈਸੇ ਕਿਉਂ ਲੈ ਕੇ ਆਵੇ। ਇਸ ਦੇ ਬਾਵਜੂਦ ਉਸ ਦੇ ਸਹੁਰੇ ਉਸ ਨੂੰ ਤੰਗ-ਪ੍ਰੇਸ਼ਾਨ ਕਰਦੇ ਰਹੇ, ਜਿਸ ਕਾਰਨ ਜਸਵੀਰ ਕੌਰ ਨੇ 27 ਅਪ੍ਰੈਲ ਨੂੰ ਕਮਰੇ ਵਿੱਚ ਪੱਖੇ ਦੀ ਹੁੱਕ ਨਾਲ ਫਾਹਾ ਲੈ ਲਿਆ, ਜਿਸ ਨੂੰ ਗੰਭੀਰ ਹਾਲਤ 'ਚ ਮੈਡੀਕਲ ਕਾਲਜ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦੀ 11ਵੇਂ ਦਿਨ ਇਲਾਜ ਦੌਰਾਨ ਮੌਤ ਹੋ ਗਈ। ਥਾਣਾ ਸਾਦਿਕ ਦੇ ਏਐੱਸਆਈ ਨਛੱਤਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦੇ ਪਿਤਾ ਦੀ ਸ਼ਿਕਾਇਤ 'ਤੇ ਪਤੀ, ਸੱਸ ਤੇ ਸਹੁਰੇ ਖਿਲਾਫ ਕੇਸ ਦਰਜ ਕਰ ਲਿਆ ਹੈ, ਪਰ ਅਜੇ ਤੱਕ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ ਹੈ।

# ਭਾਰਤ ਵਿਕਾਸ ਪ੍ਰੀਸ਼ਦ ਦੀ ਜ਼ਿਲ੍ਹਾ ਪੱਧਰੀ ਮੀਟਿੰਗ



**ਜ਼ੀਰਾ (ਨਰਿੰਦਰ ਅਨੇਜਾ)**-ਭਾਰਤ ਵਿਕਾਸ ਪ੍ਰੀਸ਼ਦ ਜ਼ਿਲ੍ਹਾ ਫਿਰੋਜ਼ਪੁਰ ਦੀ ਮੀਟਿੰਗ ਸਟੇਟ ਪ੍ਰਧਾਨ ਵਿਕਟਰ ਛਾਬੜਾ ਦੀ ਪ੍ਰਧਾਨਗੀ ਹੇਠ ਜ਼ੀਰਾ ਵਿਖੇ ਹੋਈ, ਜਿਸ ਵਿੱਚ ਫਿਰੋਜ਼ਪੁਰ ਸ਼ਹਿਰ, ਫਿਰੋਜ਼ਪੁਰ ਛਾਉਣੀ, ਮੱਲਾਂਵਾਲਾ, ਮੱਖੂ, ਤਲਵੰਡੀ ਭਾਈ ਤੇ ਜ਼ੀਰਾ ਦੇ ਅਹੁਦੇਦਾਰਾਂ ਨੇ ਭਾਗ ਲਿਆ। ਮੀਟਿੰਗ ਵਿੱਚ ਸਤਿੰਦਰ ਸਚਦੇਵਾ ਸਟੇਟ ਵਾਈਸ ਪ੍ਰਧਾਨ, ਸੁਨੀਲ ਜੈਨ ਰਿਜਨਲ ਸੈਕਟਰੀ, ਮਨੋਜ ਮੋਂਗਾ ਸਟੇਟ ਜਨਰਲ ਸੈਕਟਰੀ, ਡਾਕਟਰ ਬੀ ਐੱਲ ਪਸਰੀਚਾ ਸਟੇਟ ਅਡਵਾਈਜ਼ਰ ਤੇ ਡਾਕਟਰ ਰਾਜੇਸ਼ ਪੁਰੀ ਜੁਆਇੰਟ ਰਿਜਨਲ ਸੈਕਟਰੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਸੰਪਰਕ, ਸਹਿਯੋਗ, ਸੰਸਕਾਰ, ਸੇਵਾ ਤੇ ਸਮਰਪਣ 'ਤੇ ਅਧਾਰਤ ਸਮਾਜ ਵਿੱਚ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਜੋ ਵੀ ਨੈਸ਼ਨਲ ਕਮੇਟੀ ਵੱਲੋਂ ਸਾਲ ਵਿੱਚ ਪ੍ਰੋਗਰਾਮ ਕਰਨ ਨੂੰ ਦਿੱਤੇ ਜਾਂਦੇ ਹਨ, ਉਨ੍ਹਾਂ ਪ੍ਰੋਗਰਾਮਾਂ ਨੂੰ ਹਰੇਕ ਜ਼ਿਲ੍ਹਾ, ਤਹਿਸੀਲ, ਬਲਾਕ ਦੇ ਮੈਂਬਰ ਤਨਦੇਹੀ ਨਾਲ ਨਿਭਾਉਣ ਲਈ ਤਤਪਰ ਰਹਿਣ। ਸੁਰੇਸ਼ ਸ਼ਰਮਾ ਵਾਈਸ ਪ੍ਰਧਾਨ, ਮਹਿੰਦਰ ਪਾਲ ਬਜਾਜ ਜ਼ਿਲ੍ਹਾ ਪ੍ਰਧਾਨ, ਮਹਿੰਦਰ ਪਾਲ ਪ੍ਰਧਾਨ ਜ਼ੀਰਾ, ਨਵੀਨ ਕੁਮਾਰ ਸਚਦੇਵਾ, ਜਗਦੇਵ ਸ਼ਰਮਾ ਨੇ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਮੇਂ ਸਮੇਂ 'ਤੇ ਲੋੜਵੰਦ ਵਿਅਕਤੀਆਂ ਦੀ ਸਹਾਇਤਾ ਤੇ ਹੋਰ ਸਮਾਜ ਸੇਵਾ ਦੇ ਕੰਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਜਾਂਦਾ ਹੈ, ਜਿਸ ਨੂੰ ਕਿ ਨਿਰੰਤਰ ਜਾਰੀ ਰੱਖਿਆ ਜਾਵੇਗਾ। ਸੂਬਾ ਪ੍ਰਧਾਨ ਵਿਕਟਰ ਛਾਬੜਾ ਨੇ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਹਰਿਦੁਆਰ ਵਿਖੇ 9-10 ਜੂਨ ਨੂੰ ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰਾਂ ਦੀ ਵਰਕਸ਼ਾਪ ਲਗਾਈ ਜਾ ਰਹੀ ਹ, ਜਿਸ ਵਿੱਚ ਮੈਂਬਰਾਂ ਨੂੰ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਜਾਰੀ ਕੀਤੇ ਗਏ ਪ੍ਰੋਜੈਕਟਾਂ ਨੂੰ ਚੰਗੇ ਤਰੀਕੇ ਨਾਲ ਨਿਭਾਉਣ ਲਈ ਟ੍ਰੇਨਿੰਗ ਦਿੱਤੀ ਜਾਵੇਗੀ। ਮੀਟਿੰਗ ਵਿੱਚ ਚਰਨਪ੍ਰੀਤ ਸਿੰਘ ਸੋਨੂੰ, ਜੁਗਲ ਕਿਸ਼ੋਰ, ਸੰਜੀਵ ਕੁਮਾਰ ਅਹੂਜਾ ਤੇ ਰਾਜੀਵ ਕੁਮਾਰ ਆਦਿ ਮੈਂਬਰ ਹਾਜ਼ਰ ਸਨ।

# ਜ਼ਿਲ੍ਹਾ ਸੈਸ਼ਨ ਜੱਜ ਅਗਰਵਾਲ ਤੇ ਏਕਤਾ ਉੱਪਲ ਵੱਲੋਂ ਜੇਲ੍ਹ ਦਾ ਦੌਰਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਦੇ ਨਿਰਦੇਸ਼ਾਂ ਤਹਿਤ ਜੇਲ੍ਹ ਅੰਦਰ ਬੰਦ ਵਿਅਕਤੀਆਂ ਦੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਦੇ ਚੱਲਦੇ ਵੀਰਇੰਦਰ ਅਗਰਵਾਲ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਫ਼ਿਰੋਜ਼ਪੁਰ ਵੱਲੋਂ ਫ਼ਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਦਾ ਦੌਰਾ ਕੀਤਾ ਗਿਆ। ਇਸ ਮੌਕੇ ਮਿਸ ਏਕਤਾ ਉੱਪਲ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਫ਼ਿਰੋਜ਼ਪੁਰ ਤੇ ਜੇਲ੍ਹ ਅਧਿਕਾਰੀ ਹਾਜ਼ਰ ਸਨ। ਜੇਲ੍ਹ ਦੌਰੇ ਦੌਰਾਨ ਸੈਸ਼ਨ ਜੱਜ ਸਾਹਿਬ ਨੇ ਕੇਂਦਰੀ ਜੇਲ੍ਹ ਵਿਖੇ ਹਵਾਲਾਤੀਆਂ ਤੇ ਕੈਦੀਆਂ ਦੀਆਂ ਮੁਸ਼ਕਲਾਂ ਸੁਣ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਜ਼ਿਲ੍ਹਾ ਤੇ ਸੈਸ਼ਨ ਜੱਜ ਵੀਰਇੰਦਰ ਅਗਰਵਾਲ ਨੇ ਕਿਹਾ ਕਿ ਆਮ ਨਾਗਰਿਕਾਂ ਦੀ ਤਰ੍ਹਾਂ ਜੇਲ੍ਹ ਅੰਦਰ ਬੰਦ ਕੈਦੀਆਂ ਤੇ ਬੰਦੀਆਂ ਦੇ ਸੰਵਿਧਾਨਕ ਅਧਿਕਾਰ ਹਨ ਤੇ ਇਨ੍ਹਾਂ ਸੰਵਿਧਾਨਕ ਅਧਿਕਾਰਾਂ ਦੀ ਪਹਿਰੇਦਾਰੀ ਨਿਆਂਪਾਲਿਕਾ ਕਰਦੀ ਹੈ, ਜਿਸ ਕਰਕੇ ਇਨ੍ਹਾਂ ਨੂੰ ਸੰਵਿਧਾਨਕ ਅਧਿਕਾਰ ਮਿਲਣੇ ਚਾਹੀਦੇ ਹਨ। ਸੈਸ਼ਨ ਜੱਜ ਸਾਹਿਬ ਨੇ ਜੇਲ੍ਹ ਵਿਭਾਗ ਦੇ ਡਾਕਟਰਾਂ ਨੂੰ ਖ਼ਾਸ ਹਦਾਇਤਾਂ ਦਿੱਤੀਆਂ ਕਿ ਜੇਲ੍ਹ ਵਿੱਚ ਮੌਜੂਦ ਬੰਦੀਆਂ ਨੂੰ ਸਿਹਤ ਪੱਖੋਂ ਕਿਸੇ ਕਿਸਮ ਦੀ ਕੋਈ ਕਮੀ ਪੇਸ਼ੀ ਨਾ ਆਉਣ ਦਿੱਤੀ ਜਾਵੇ। ਇਸ ਦੇ ਨਾਲ ਹੀ ਜੱਜ ਸਾਹਿਬ ਨੇ ਜੇਲ੍ਹ ਵਿੱਚ ਕਿੱਤਾ-ਮੁਖੀ ਕੋਰਸ ਸ਼ੁਰੂ ਕਰਨ ਬਾਰੇ ਤੇ ਖੇਡਾਂ ਕਰਵਾਉਣ ਬਾਰੇ ਵੀ ਖ਼ਾਸ ਤਵੱਜੋਂ ਦੇ ਕੇ ਆਖਿਆ ਕਿ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਲਿਆ ਜਾਵੇ। ਇਸ ਤੋਂ ਬਾਅਦ ਜੱਜ ਸਾਹਿਬ ਨੇ ਜੇਲ੍ਹ ਵਿਖੇ ਬਣੀ ਰਸੋਈ ਦਾ ਅਤੇ ਇੱਥੇ ਬਣੇ ਖਾਣੇ ਦਾ ਨਿਰੀਖਣ ਕੀਤਾ। ਅੰਤ 'ਚ ਜੱਜ ਸਾਹਿਬ ਨੇ ਜੇਲ੍ਹ ਵਿੱਚ ਬੰਦ ਹਵਾਲਾਤੀਆਂ ਤੇ ਕੈਦੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਤੁਸੀਂ ਇੱਥੋਂ ਦੇਸ਼ ਦੇ ਇੱਕ ਚੰਗੇ ਨਾਗਰਿਕ ਬਣ ਕੇ ਬਾਹਰ ਜਾਓ ਤੇ ਜ਼ਿੰਦਗੀ ਵਿੱਚ ਕੋਈ ਵੀ ਗਲਤ ਕੰਮ ਨਾ ਕਰਨ ਦਾ ਪ੍ਰਣ ਲਓ। ਇਸ ਤੋਂ ਇਲਾਵਾ ਮਿਸ ਏਕਤਾ ਉੱਪਲ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਫ਼ਿਰੋਜ਼ਪੁਰ ਵੱਲੋਂ ਮਾਨਯੋਗ ਸੈਸ਼ਨਜ਼ ਜੱਜ ਸਾਹਿਬ ਦੀ ਹਾਜ਼ਰੀ ਵਿੱਚ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਤੇ 13 ਮਈ ਨੂੰ ਲੱਗਣ ਵਾਲੀ ਕੌਮੀ ਅਦਾਲਤ ਦੇ ਲਾਭ ਬਾਰੇ ਦੱਸਿਆ।

# ਮੈਰਿਟ ਸੂਚੀ 'ਚ ਨਾਂਅ ਦਰਜ ਕਰਵਾਉਣ ਵਾਲੇ ਬੱਚਿਆਂ ਦਾ ਸਨਮਾਨ

## ਮੈਰਿਟ ਵਾਲੇ ਬੱਚਿਆਂ ਸਮੇਤ ਫੁੱਟਬਾਲ ਖਿਡਾਰੀ ਨੂੰ ਵੀ ਦੇਵਾਂਗੇ 31 ਹਜ਼ਾਰ : ਸੰਧਵਾਂ



**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜ਼ਾ/ਰਛਪਾਲ ਭੁੱਲਰ)**-ਸਥਾਨਕ ਡਾ. ਹਰੀ ਸਿੰਘ ਸੇਵਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਅੱਠਵੀਂ ਜਮਾਤ ਦੇ ਮੈਰਿਟ ਸੂਚੀ 'ਚ ਨਾਮ ਦਰਜ ਕਰਵਾਉਣ ਵਾਲੇ ਬੱਚਿਆਂ ਦੇ ਸਨਮਾਨ ਸਮਾਰੋਹ 'ਚ ਬਤੌਰ ਮੁੱਖ ਮਹਿਮਾਨ ਪੁੱਜੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਆਪਣੇ ਸੰਬੋਧਨ 'ਚ ਆਖਿਆ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ 'ਆਪ' ਸਰਕਾਰ ਦਾ ਮੁੱਖ ਏਜੰਡਾ ਪੰਜਾਬ ਭਰ ਦੇ ਵਸਨੀਕਾਂ ਨੂੰ ਸਿੱਖਿਆ ਤੇ ਸਿਹਤ ਸਹੂਲਤਾਂ ਮੁਫਤ ਦੇਣ ਦੇ ਨਾਲ ਨਾਲ ਵਧੀਆ ਮੁਹੱਈਆ ਕਰਵਾਉਣਾ ਹੈ। ਉਨ੍ਹਾ ਮੈਰਿਟ ਸੂਚੀ ਵਾਲੇ ਪੰਜ ਬੱਚਿਆਂ ਕ੍ਰਮਵਾਰ ਰਕਸ਼ਮ, ਨਵਨੀਤ ਕੌਰ, ਪੁਨੀਤ ਕੌਰ, ਪ੍ਰਭਜੀਤ ਕੌਰ, ਖੁਸ਼ਵਿੰਦਰ ਕੌਰ ਨੂੰ ਆਪਣੇ ਅਖਤਿਆਰੀ ਕੋਟੇ 'ਚੋਂ 31-31 ਹਜ਼ਾਰ ਰੁਪਏ ਨਗਦ ਦੇਣ ਦਾ ਐਲਾਨ ਕਰਦਿਆਂ ਆਖਿਆ ਕਿ ਬਰਲਿਨ (ਜਰਮਨੀ) ਦੀਆਂ ਉਲੰਪਿਕ ਖੇਡਾਂ 'ਚ ਪੰਜਾਬ ਦੇ ਇਕਲੌਤੇ ਫੁੱਟਬਾਲ ਖਿਡਾਰੀ ਵਜੋਂ ਖੇਡਣ ਜਾ ਰਹੇ ਹਰਜੀਤ ਸਿੰਘ ਨੂੰ ਵੀ 31 ਹਜ਼ਾਰ ਰੁਪਏ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਤੇ ਕਾਲਜਾਂ ਨੂੰ ਮਹਿਜ ਇੱਕ ਸਾਲ ਵਿੱਚ ਮੁਹੱਈਆ ਕਰਵਾਈਆਂ ਗਈਆਂ ਗਰਾਂਟਾਂ ਦੇ ਮੁਕਾਬਲੇ ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਵਿੱਦਿਅਕ ਅਦਾਰਿਆਂ ਨੂੰ ਦਿੱਤੇ ਗਰਾਂਟਾਂ ਦੇ ਗੱਫਿਆਂ ਦਾ ਅੰਕੜਿਆਂ ਸਹਿਤ ਵਰਨਣ ਕੀਤਾ। ਉਨ੍ਹਾਂ ਆਖਿਆ ਕਿ ਜੋ ਬੱਚਾ ਜਪੁਜੀ ਸਾਹਿਬ ਤੇ ਗਾਇਤਰੀ ਮੰਤਰ ਦੇ ਸਬੰਧ ਵਿੱਚ ਵਧੀਆ ਲਿਖਤਾਂ ਲਿਖ ਕੇ ਪੇਸ਼ ਕਰੇਗਾ, ਪਹਿਲਾ, ਦੂਜਾ, ਤੀਜਾ ਸਥਾਨ ਲੈਣ ਵਾਲੇ ਅਜਿਹੇ ਦਸਵੀਂ, 11ਵੀਂ ਤੇ 12ਵੀਂ ਦੇ ਤਿੰਨ-ਤਿੰਨ ਬੱਚਿਆਂ ਨੂੰ ਕ੍ਰਮਵਾਰ 5100, 3100, 2100 ਰੁਪਏ ਨਗਦ ਦੇ ਕੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਜੂਨ ਮਹੀਨੇ ਦੀਆਂ ਛੁੱਟੀਆਂ 'ਚ ਉਕਤ ਤਿਆਰੀ ਲਈ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਆਖਿਆ ਕਿ ਜੁਲਾਈ ਦੇ ਪਹਿਲੇ ਹਫਤੇ ਉਕਤ ਲਿਖਤਾਂ ਆਪੋ ਆਪਣੇ ਅਧਿਆਪਕਾਂ ਜਾਂ ਸਕੂਲ ਮੁਖੀਆਂ ਨੂੰ ਸੌਂਪ ਦਿੱਤੀਆਂ ਜਾਣ। ਮੰਚ ਸੰਚਾਲਨ ਕਰਦਿਆਂ ਜਸਬੀਰ ਸਿੰਘ ਜੱਸੀ ਨੇ ਜਿੱਥੇ ਸਾਰੇ ਬੱਚਿਆਂ ਤੇ ਮਹਿਮਾਨਾ ਦੀ ਜਾਣ ਪਛਾਣ ਕਰਾਈ, ਉੱਥੇ ਸਪੀਕਰ ਸੰਧਵਾਂ ਨੂੰ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਇਰੋ ਸ਼ਾਇਰੀ ਨਾਲ ਜੀ ਆਇਆਂ ਆਖਿਆ। ਮੈਡਮ ਨੀਲਮ ਕੁਮਾਰੀ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਫਰੀਦਕੋਟ, ਸਕੂਲ ਮੁਖੀ ਪ੍ਰਿੰਸੀਪਲ ਮੈਡਮ ਮਨਿੰਦਰ ਕੌਰ ਤੇ ਹੋਰ ਬੁਲਾਰਿਆਂ ਨੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ 'ਆਪ' ਸਰਕਾਰ ਦੀ ਕਾਰਗੁਜ਼ਾਰੀ ਤੇ ਸਪੀਕਰ ਸੰਧਵਾਂ ਦੇ ਸਿੱਖਿਆ ਪ੍ਰਬੰਧ ਸੁਧਾਰਨ ਦੇ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਪ੍ਰਸੰਸਾ ਕੀਤੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਡਿਪਟੀ ਡੀਈਓ ਪ੍ਰਦੀਪ ਦਿਉੜਾ, ਸੁਪਰਡੈਂਟ ਨਛੱਤਰ ਸਿੰਘ ਢੈਪਈ, ਪ੍ਰਿੰਸੀਪਲ ਪ੍ਰਭਜੋਤ ਸਿੰਘ, ਜਗਜੀਤ ਸਿੰਘ ਸੁਪਰਡੈਂਟ, ਗੁਰਮੇਲ ਸਿੰਘ ਸੰਧੂ, ਕਿਰਨਜੀਤ ਸਿੰਘ ਗਹਿਰੀ ਆਦਿ ਹਾਜ਼ਰ ਸਨ।

# ਪੰਚਾਇਤੀ ਜ਼ਮੀਨ ਨੂੰ ਠੇਕੇ 'ਤੇ ਦੇਣ ਦੇ ਕੰਮ 'ਚ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਦਹੀਆ

- ਬੋਲੀ ਪਿੰਡ ਦੀਆਂ ਜਨਤਕ ਥਾਵਾਂ 'ਤੇ ਹੋਵੇਗੀ
- ਜ਼ਮੀਨ ਦੀ ਬੋਲੀ ਪ੍ਰਕਿਰਿਆ ਦੀ ਹੋਵੇਗੀ ਵੀਡੀਓਗ੍ਰਾਫੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਾਲ 2023-24 ਦੌਰਾਨ ਜ਼ਿਲ੍ਹੇ ਦੀਆਂ ਪੰਚਾਇਤੀ ਜ਼ਮੀਨਾਂ ਨੂੰ ਠੇਕੇ 'ਤੇ ਦੇਣ ਦੀ ਬੋਲੀ ਦੀ ਪ੍ਰਕਿਰਿਆ ਸਮੂਹ ਪਿੰਡ ਵਾਸੀਆਂ ਦੀ ਹਾਜ਼ਰੀ ਵਿੱਚ ਹੋਵੇਗੀ ਤੇ ਸਮੁੱਚੀ ਪ੍ਰਕਿਰਿਆ ਦੀ ਵੀਡੀਓਗ੍ਰਾਫ਼ੀ ਵੀ ਲਾਜ਼ਮੀ ਹੋਵੇਗੀ।ਪੰਚਾਇਤਾਂ ਦੀਆਂ ਜ਼ਮੀਨਾਂ ਨੂੰ ਠੇਕੇ 'ਤੇ ਦੇਣ ਦੀ ਪ੍ਰਕਿਰਿਆ ਵਿੱਚ ਕਿਸੇ ਵੀ ਪੱਧਰ 'ਤੇ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਦੋਸ਼ੀ ਪਾਏ ਜਾਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ।ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਦਿਹਾਤੀ ਤੋਂ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨੇ ਕੀਤਾ।ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਪੰਚਾਇਤੀ ਜ਼ਮੀਨਾਂ ਨੂੰ ਠੇਕੇ 'ਤੇ ਦੇਣ ਦੀ ਪ੍ਰਕਿਰਿਆ ਵਿੱਚ ਵੱਡੀ ਪੱਧਰ 'ਤੇ ਧਾਂਦਲੀ ਹੁੰਦੀ ਸੀ ਤੇ ਜ਼ਿਆਦਾਤਰ ਥਾਵਾਂ 'ਤੇ ਬੋਲੀ ਸਬੰਧੀ ਨਾ ਤਾਂ ਪਿੰਡ ਵਾਸੀਆਂ ਨੂੰ ਸੂਚਿਤ ਕੀਤਾ ਜਾਂਦਾ ਸੀ ਤੇ ਇਹ ਬੋਲੀ ਸਰਪੰਚਾ ਦੇ ਘਰਾਂ ਵਿੱਚ ਜਾਂ ਬੰਦ ਕਮਰਿਆਂ ਵਿੱਚ ਹੀ ਮੁਕੰਮਲ ਹੋ ਜਾਂਦੀ ਸੀ।ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਭ੍ਰਿਸ਼ਟਾਚਾਰ ਵੀ ਵੱਡੀ ਪੱਧਰ 'ਤੇ ਹੁੰਦਾ ਸੀ।ਦਹੀਆ ਨੇ ਅੱਗੇ ਕਿਹਾ ਕਿ ਰਾਜ ਵਿੱਚ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਤੇ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਪੱਧਰ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਹਨ ਕਿ ਇਸ ਸਾਲ ਪੰਚਾਇਤੀ ਜ਼ਮੀਨ ਦੀ ਹੋਣ ਵਾਲੀ ਬੋਲੀ ਵਾਸਤੇ ਸਬੰਧਤ ਪਿੰਡ ਵਿੱਚ ਸ਼ਡਿਊਲ ਅਨੁਸਾਰ ਅਨਾਊਂਸਮੈਂਟ/ਮੁਨਾਦੀ ਕਰਵਾਈ ਜਾਵੇ ਤਾਂ ਜੋ ਸਬੰਧਤ ਪਿੰਡਾਂ ਦੇ ਚਾਹਵਾਨ ਲੋਕ ਬੋਲੀ ਵਿੱਚ ਭਾਗ ਲੈ ਸਕਣ।

ਇਸ ਤੋਂ ਇਲਾਵਾ ਬੋਲੀ ਦੀ ਮੁਕੰਮਲ ਵਿਡੀਓਗ੍ਰਾਫੀ ਹੋਵੇਗੀ ਤੇ ਸਫ਼ਲ ਬੋਲੀਕਾਰ ਵੱਲੋਂ ਬੋਲੀ ਦੀ ਬਣਦੀ ਰਕਮ ਮੌਕੇ 'ਤੇ ਜਮ੍ਹਾਂ ਕਰਾ ਕੇ ਰਸੀਦ ਪ੍ਰਾਪਤ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜਿਹੜੇ ਅਧਿਕਾਰੀ ਸਫ਼ਲ ਬੋਲੀਕਾਰ ਦੀ ਮੌਕੇ ਰਸੀਦ ਨਹੀਂ ਕੱਟਣਗੇ ਤਾਂ ਬਣਦੀ ਰਕਮ ਸਬੰਧਤ ਅਧਿਕਾਰੀ/ ਕਰਮਚਾਰੀ ਦੀ ਤਨਖਾਹ ਵਿੱਚੋਂ ਕੱਟੀ ਜਾਵੇਗੀ।ਉਨ੍ਹਾ ਕਿਹਾ ਕਿ ਇਸ ਸਬੰਧ 'ਚ ਭ੍ਰਿਸ਼ਟਾਚਾਰ ਕਿਸੇ ਵੀ ਪੱਧਰ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਜੇਕਰ ਕੋਈ ਅਜਿਹਾ ਕੇਸ ਆਉਂਦਾ ਹੈ ਤਾਂ ਦੋਸ਼ੀ ਅਧਿਕਾਰੀ/ ਕਰਮਚਾਰੀ ਵਿਰੁੱਧ ਸਖ਼ਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

# ਈ ਟੀ ਟੀ ਟੀਚਰ ਯੂਨੀਅਨ ਵੱਲੋਂ ਬੀ ਪੀ ਈ ਓ ਨਾਲ ਮੀਟਿੰਗ

## ਅਧਿਆਪਕਾਂ ਨੂੰ ਪੇ ਅਨਾਮਲੀ ਦਾ ਲਾਭ ਜਲਦੀ ਦਿਵਾਉਣ ਦੀ ਉਠਾਈ ਮੰਗ

**ਜਲਾਲਾਬਾਦ (ਜੀਤ ਕੁਮਾਰ)**

ਈਟੀਟੀ ਟੀਚਰ ਯੂਨੀਅਨ ਵੱਲੋਂ ਬਲਾਕ ਜਲਾਲਾਬਾਦ-1 ਪ੍ਰਾਇਮਰੀ ਸਿੱਖਿਆ ਅਫਸਰ ਜਸਪਾਲ ਸਿੰਘ, ਜਲਾਲਾਬਾਦ-2 ਦੇ ਬੀਪੀਈਓ ਨਰਿੰਦਰ ਸਿੰਘ ਤੇ ਬਲਾਕ ਗੁਰੂ ਹਰਸਹਾਏ-3 ਦੇ ਕਲਰਕ ਅਮਨ ਕੁਮਾਰ ਨਾਲ ਸਾਂਝੇ ਤੌਰ 'ਤੇ ਮੀਟਿੰਗ ਕੀਤੀ ਗਈ, ਜਿਸ ਵਿੱਚ ਪੇ ਅਨਾਮਲੀ ਜਲਦੀ ਲਗਾਉਣ ਸਬੰਧੀ ਚੱਲ ਰਹੇ ਕੰਮ ਨੂੰ ਦੇਖਿਆ ਗਿਆ। ਇਸ ਮੌਕੇ ਬੀਪੀਈਓਜ਼ ਨੇ ਕਿਹਾ ਕਿ ਇਹ ਕੰਮ ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਯੂਨੀਅਨ ਨਾਲ ਮਿੱਥੇ ਸਮੇਂ 'ਤੇ ਕੰਮ ਹੋ ਜਾਵੇਗਾ।



ਈਟੀਟੀ ਟੀਚਰ ਯੂਨੀਅਨ ਦੇ ਨੁਮਾਇੰਦੇ ਬੀਪੀਈਓ ਨਾਲ ਮੀਟਿੰਗ ਕਰਦੇ।

ਉਨ੍ਹਾਂ ਕਿਹਾ ਕਿ ਬਲਾਕ ਜਲਾਲਾਬਾਦ-1 ਦੇ 25, ਜਲਾਲਾਬਾਦ-2 ਦੇ 4 ਤੇ ਗੁਰੂ ਹਰਸਹਾਏ-3 ਦੇ 1 ਅਧਿਆਪਕਾਂ ਦੇ ਸਵੈ-ਘੋਸ਼ਣਾ ਤੇ ਫਾਰਮ ਸਾਡੇ ਕੋਲ ਅਜੇ ਨਹੀਂ ਆਏ, ਜਿਵੇਂ ਹੀ ਇਹ ਕੰਮ ਪੂਰਾ ਹੋ ਗਿਆ ਤਾਂ ਬਿੱਲ ਮੁਕੰਮਲ ਕਰਵਾ ਕੇ ਖਜ਼ਾਨਾ ਦਫਤਰ ਭੇਜ ਦਿੱਤੇ ਜਾਣਗੇ। ਈਟੀਟੀ ਟੀਚਰ ਯੂਨੀਅਨ ਦੇ ਆਗੂਆਂ ਨੇ ਅਧਿਆਪਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਲਦੀ ਹੀ ਸਵੈ ਘੋਸ਼ਣਾ ਤੇ ਫਾਰਮ ਭਰ ਕੇ ਦੇਣ ਵਾਲਾ ਪ੍ਰੋਸੈੱਸ ਪੂਰਾ ਕੀਤਾ ਜਾਵੇ।

ਇਸ ਮੌਕੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਢਾਬਾਂ, ਸੀਨੀਅਰ ਮੀਤ ਪ੍ਰਧਾਨ ਮਾਲਵਾ ਜ਼ੋਨ ਅਮਰਜੀਤ ਸਿੰਘ ਬਿੱਟੂ, ਜ਼ਿਲ੍ਹਾ ਫਾਜ਼ਿਲਕਾ ਦੇ ਕਾਰਜਕਾਰੀ ਪ੍ਰਧਾਨ ਸੁਨੀਲ ਕੁਮਾਰ ਗਾਬਾ, ਜਨਰਲ ਸਕੱਤਰ ਇੰਦਰਜੀਤ ਸਿੰਘ ਬਾਹਮਣੀਵਾਲਾ, ਸਰਪ੍ਰਸਤ ਸੁਰਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਭਗਵਾਨ ਦਾਸ, ਜਥੇਬੰਦਕ ਸਕੱਤਰ ਤਿਲਕ ਰਾਜ, ਤਹਿਸੀਲ ਜਲਾਲਾਬਾਦ ਪ੍ਰਧਾਨ ਸਗਨ ਸਿੰਘ ਟਾਹਲੀਵਾਲਾ, ਜਨਰਲ ਸਕੱਤਰ ਸੁਰਜੀਤ ਸਿੰਘ ਪਾਲੀ ਵਾਲਾ, ਗੁਰਦਿੱਤ ਸਿੰਘ, ਸ਼ਿੰਦਰ ਸਿੰਘ ਲਾਧੂਕਾ, ਰਾਜ ਕੁਮਾਰ ਕਰਿਆ, ਸੋਨੂੰ ਕਪੂਰ, ਹਰਮੇਸ਼ ਸਿੰਘ ਲਮੋਚੜ ਪ੍ਰਧਾਨ/ਜਨਰਲ ਸਕੱਤਰ-1, ਅੰਗਰੇਜ ਸਿੰਘ, ਪ੍ਰਦੀਪ ਸਿੰਘ ਪ੍ਰਧਾਨ ਤੇ ਜਨਰਲ ਸਕੱਤਰ-2, ਜਗਮੀਤ ਸਿੰਘ ਢਾਬਾਂ, ਅਵਤਾਰ ਸਿੰਘ ਸਿੱਧੂਵਾਲਾ ਪ੍ਰਧਾਨ/ਜਨਰਲ ਸਕੱਤਰ-3, ਗੁਰਜੰਟ ਸਿੰਘ, ਗੁਰਪ੍ਰੀਤ ਸਿੰਘ ਸੰਧੂ ਆਦਿ ਹਾਜ਼ਰ ਸਨ।

### ਮਾਮਲਾ ਰਿਹਾਇਸ਼ੀ ਕਲੋਨੀ 'ਚ ਕੂੜਾ ਸੁੱਟਣ ਦਾ

# ਕਿਰਤੀ ਕਿਸਾਨ ਯੂਨੀਅਨ ਵੱਲੋਂ ਕਲੋਨੀ ਵਾਸੀਆਂ ਦੇ ਧਰਨੇ ਦੀ ਹਮਾਇਤ

**ਮੋਗਾ (ਮਰਜੀਤ ਬੱਬਰੀ)**-ਸ਼ਹਿਰ ਦੀ ਗਾਂਧਾ ਬਸਤੀ ਦੀ ਰਿਹਾਇਸ਼ੀ ਕਲੋਨੀ ਵਿੱਚ ਨਗਰ ਕੌਂਸਲ ਬਾਘਾ ਪੁਰਾਣਾ ਵੱਲੋਂ ਕੂੜਾ ਸੁੱਟਣ (ਡੰਪ) ਕਾਰਨ ਬਦਬੂ ਫੈਲਣ ਕਰਕੇ ਨੇੜਲੇ ਘਰਾਂ ਦਾ ਜਿਉਣਾ ਦੁੱਭਰ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਬਾਘਾ ਪੁਰਾਣਾ ਦੀ ਗਾਂਧਾ ਬਸਤੀ ਵਿੱਚ ਨਗਰ ਕੌਂਸਲ ਤੇ ਸਾਬਕਾ ਐੱਮ ਐੱਲ ਏ ਵੱਲੋਂ ਰਿਹਾਇਸ਼ੀ ਕਲੋਨੀ ਵਿੱਚ ਤਕਰੀਬਨ ਛੇ ਏਕੜ ਜ਼ਮੀਨ ਵਿੱਚ ਖੇਡ ਸਟੇਡੀਅਮ ਤੇ ਬੱਸ ਸਟੈਂਡ ਦੇ ਨਾਮ 'ਤੇ ਚਾਰਦੀਵਾਰੀ ਕਰਕੇ ਕੂੜਾ ਸੁੱਟਣ ਦਾ ਡੰਪ ਬਣਾਇਆ ਗਿਆ ਅਤੇ ਨਗਰ ਕੌਂਸਲ ਵੱਲੋਂ ਕੂੜਾ ਸੁੱਟਣਾ ਸ਼ੁਰੂ ਕੀਤਾ ਗਿਆ, ਜਿਸ ਦਾ ਕਲੋਨੀ ਨਿਵਾਸੀਆਂ ਨੇ ਵਿਰੋਧ ਵੀ ਕੀਤਾ।

ਆਖਰ ਸਰਕਾਰ ਬਦਲੀ ਤੇ ਕਲੋਨੀ ਵਾਸੀਆਂ ਨੂੰ ਯਕੀਨ ਹੋਇਆ ਕਿ ਹੁਣ ਸਾਡੇ ਘਰਾਂ ਨੇੜੇ ਕੂੜਾ ਡੰਪ ਦੀ ਸਮੱਸਿਆ ਦੂਰ ਹੋਵੇਗੀ ਤੇ ਬਦਬੂ ਤੋਂ ਛੁਟਕਾਰਾ ਮਿਲੇਗਾ, ਪ੍ਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਬਾਘਾ ਪੁਰਾਣਾ ਦੇ ਮੌਜੂਦਾ ਐੱਮ ਐੱਲ ਏ ਅੰਮ੍ਰਿਤਪਾਲ ਸਿੰਘ ਸੁਖਾਨੰਦ ਉਸ ਕੂੜਾ ਡੰਪ ਵਾਲੀ ਜਗ੍ਹਾ 'ਤੇ ਹੋਰ ਉੱਚੀ ਚਾਰਦੀਵਾਰੀ ਕਰਕੇ ਅੰਦਰ ਕੂੜੇ ਦਾ ਕੋਈ ਪ੍ਰਾਜੈਕਟ ਲਗਾਇਆ ਗਿਆ ਤੇ ਵਿਧਾਇਕ ਨੇ ਕਿਹਾ ਕਿ ਮੇਰੇ ਇਸ ਪ੍ਰਾਜੈਕਟ 'ਤੇ ਪੈਸੇ ਲੱਗੇ ਹੋਏ ਹਨ, ਇਹ ਕੂੜਾ ਇਸ ਜਗ੍ਹਾ ਉੱਪਰ ਹੀ ਸੁੱਟਿਆ ਜਾਵੇਗਾ।

ਜਦ ਕਲੋਨੀ ਵਾਸੀਆਂ ਨੇ ਕੂੜੇ ਵਾਲੀਆਂ ਟਰਾਲੀਆਂ ਰੋਕ ਕੇ ਵਿਰੋਧ ਕੀਤਾ ਤਾਂ ਤਿੰਨ ਕਲੋਨੀ ਵਾਸੀਆਂ ਉੱਪਰ ਝੂਠਾ ਪਰਚਾ ਪਾ ਦਿੱਤਾ ਗਿਆ। ਇਸ ਜਗ੍ਹਾ ਉੱਪਰ ਤਕਰੀਬਨ ਦੋ ਮਹੀਨੇ ਤੋਂ ਕਲੋਨੀ ਵਾਸੀਆਂ ਵੱਲੋਂ ਧਰਨਾ ਲਗਾਇਆ ਹੋਇਆ ਹੈ, ਹੁਣ ਕਲੋਨੀ ਵਾਸੀਆਂ ਨਾਲ ਨਗਰ ਕੌਂਸਲ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਖਿਲਾਫ ਕਿਰਤੀ ਕਿਸਾਨ ਯੂਨੀਅਨ ਬਲਾਕ ਬਾਘਾ ਪੁਰਾਣਾ ਨੇ ਹਮਾਇਤ ਕੀਤੀ ਹੈ ਅਤੇ ਪੁਲਸ ਪ੍ਰਸ਼ਾਸਨ ਤੇ ਨਗਰ ਕੌਂਸਲ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਸ ਰਿਹਾਇਸ਼ੀ ਕਲੋਨੀ ਵਿੱਚ ਕੂੜਾ ਸੁੱਟਣਾ ਬੰਦ ਨਾ ਕੀਤਾ ਤਾਂ ਆਉਂਦੇ ਦਿਨਾਂ 'ਚ ਨਗਰ ਕੌਂਸਲ ਤੇ ਪ੍ਰਸ਼ਾਸਨ ਖਿਲਾਫ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।


ਸਥਾਨਕ ਲੋਕਾਂ ਨਾਲ ਧਰਨੇ 'ਤੇ ਬੈਠੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ।

ਅੱਜ ਦੇ ਲੱਗੇ ਧਰਨੇ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇ ਖੁਰਦ, ਜਸਮੇਲ ਸਿੰਘ ਰਾਜਿਆਣਾ, ਔਰਤ ਵਿੰਗ ਦੇ ਛਿੰਦਰਪਾਲ ਕੌਰ ਰੋਡੇ ਖੁਰਦ, ਸਤਵਿੰਦਰ ਕੌਰ ਬਾਘਾ ਪੁਰਾਣਾ, ਹਰਮੀਤ ਕੌਰ ਕਾਲੇਕੇ ਨੇ ਆਏ ਹੋਏ ਲੋਕਾਂ ਨੂੰ ਸੰਬੋਧਨ ਕੀਤਾ ਤੇ ਅਖੀਰ ਵਿੱਚ ਜਗਰੂਪ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇ ਖੁਰਦ, ਬਲਾਕ ਪ੍ਰਧਾਨ ਅਜਮੇਰ ਸਿੰਘ, ਪ੍ਰੈੱਸ ਸਕੱਤਰ ਜਸਮੇਲ ਸਿੰਘ ਰਾਜਿਆਣਾ, ਮੀਤ ਪ੍ਰਧਾਨ ਮੋਹਲਾ ਸਿੰਘ, ਬਲਵਿੰਦਰ ਸਿੰਘ, ਅੰਗਰੇਜ ਸਿੰਘ, ਰਤਨ ਸਿੰਘ, ਹਰਜਿੰਦਰ ਸਿੰਘ, ਜਗਸੀਰ ਸਿੰਘ, ਬਲਵੀਰ ਸਿੰਘ, ਜਗਰੂਪ ਸਿੰਘ, ਗੋਗਾ ਸਿੰਘ, ਧੀਰਾ, ਭਿੰਦਰ ਸਿੰਘ, ਲੱਕੀ, ਬਚਿੱਤਰ ਸਿੰਘ, ਕੁਲਵੰਤ ਸਿੰਘ, ਗੁਰਚਰਨ ਸਿੰਘ, ਔਰਤ ਵਿੰਗ ਦੇ ਕਨਵੀਨਰ ਛਿੰਦਰਪਾਲ ਕੌਰ ਰੋਡੇ ਖੁਰਦ, ਹਰਦੀਪ ਕੌਰ, ਸਵਰਨਜੀਤ ਕੌਰ, ਪਰਮਜੀਤ ਕੌਰ, ਕੁਲਵਿੰਦਰ ਕੌਰ, ਸਤਵਿੰਦਰ ਕੌਰ, ਗੁਰਦੇਵ ਕੌਰ, ਅਮਰਜੀਤ ਕੌਰ, ਨੀਰੂ, ਕੁਲਵੰਤ ਕੌਰ, ਹਰਦੀਪ ਕੌਰ ਆਦਿ ਹਾਜ਼ਰ ਸਨ।

## ਰੈੱਡ ਕਰਾਸ ਸੇਵਾ ਭਾਵਨਾ ਲਈ ਇੱਕ ਜ਼ਰੀਆ : ਜਿੰਦਲ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਸਰਸਵਤੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਭੀਖੀ ਵਿਖੇ ਵਿਸ਼ਵ ਰੈੱਡ ਕਰਾਸ ਦਿਵਸ ਦੇ ਸਬੰਧ ਵਿੱਚ ਸਕੂਲ ਮੈਨੇਜਮੈਂਟ ਤੇ ਸਕੂਲ ਚੇਅਰਮੈਨ ਸੁਰੇਸ਼ ਸਿੰਗਲਾ, ਦੀਪਿਕਾ ਮੈਡਮ, ਸਮੂਹ ਸਟਾਫ ਤੇ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਵੱਲੋਂ ਬੱਚਿਆਂ ਨੂੰ ਇਸ ਦਿਨ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਰੈੱਡ ਕਰਾਸ ਸੰਬੰਧੀ ਜਾਣਕਾਰੀ ਦੇਣ ਲਈ ਸਰਕਾਰੀ ਹਸਪਤਾਲ ਦੇ ਐੱਸ ਆਈ ਗੁਰਦੀਪ ਸਿੰਘ ਰੱਲਾ ਤੇ ਹੈਲਥ ਵਰਕਰ ਕੰਵਲਜੀਤ ਆਏ, ਜਿਨ੍ਹਾਂ ਨੇ ਬੱਚਿਆਂ ਨੂੰ ਰੈੱਡ ਕਰਾਸ ਬਾਰੇ ਪੂਰਨ ਜਾਣਕਾਰੀ ਦਿੱਤੀ।

ਇਸ ਤੋਂ ਬਾਅਦ ਸਕੂਲ ਦੇ ਬੱਚੇ ਹਸਪਤਾਲ ਗਏ, ਜਿੱਥੇ ਉਨ੍ਹਾਂ ਨੂੰ ਐੱਸ ਐੱਮ ਓ ਡਾ. ਵਿਜੇ ਕੁਮਾਰ ਜਿੰਦਲ ਨੇ ਬੱਚਿਆਂ ਨੂੰ ਬਿਮਾਰੀਆਂ ਤੇ ਰੈੱਡ ਕਰਾਸ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਰੈੱਡ ਕਰਾਸ ਲੋਕਾਂ ਦੀ ਸੇਵਾ ਭਾਵਨਾ ਲਈ ਇੱਕ ਵੱਡਾ ਟੀਚਾ ਹੈ, ਜਿਸ ਨੂੰ ਮਨੁੱਖੀ ਜੀਵਨ ਵਿੱਚ ਅਪਣਾਉਣਾ ਬਹੁਤ ਜ਼ਰੂਰੀ ਹੈ। ਸਕੂਲ ਚੇਅਰਮੈਨ ਸੁਰੇਸ਼ ਸਿੰਗਲਾ ਨੇ ਦੱਸਿਆ ਕਿ ਸੰਸਥਾ ਵੱਲੋਂ ਬੱਚਿਆਂ ਨੂੰ ਰੈੱਡ ਕਰਾਸ ਬਾਰੇ ਪੂਰੀ ਤਰ੍ਹਾਂ ਜਾਗਰੂਕ ਕੀਤਾ ਜਾਵੇਗਾ।

# ਤਨਖਾਹ ਤੇ ਪੈਨਸ਼ਨ ਨਾ ਮਿਲਣ ਕਾਰਨ ਪੀ ਏ ਯੂ ਦੇ ਮੁਲਾਜ਼ਮ ਤੇ ਪੈਨਸ਼ਨਰ ਸੰਘਰਸ਼ ਦੇ ਰਾਹ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**-ਪੀ.ਏ.ਯੂ. ਦੇ ਮੁਲਾਜ਼ਮਾਂ ਤੇ ਪੈਨਸ਼ਨਰਜ਼ ਨੂੰ ਅਪ੍ਰੈਲ ਮਹੀਨੇ ਦੀ ਤਨਖਾਹ ਤੇ ਪੈਨਸ਼ਨ ਨਾ ਮਿਲਣ ਕਾਰਨ ਸਮੂਹ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਦੀ ਮੀਟਿੰਗ ਪੀ.ਏ.ਯੂ. ਇੰਪਲਾਈਜ਼ ਯੂਨੀਅਨ (ਮਾਨਤਾ ਪ੍ਰਾਪਤ) ਦੇ ਦਫਤਰ ਵਿਖੇ ਹੋਈ। ਇਸ ਵਿੱਚ ਪੀ.ਏ.ਯੂ. ਇੰਪਲਾਈਜ਼ ਯੂਨੀਅਨ, ਪੀ.ਏ.ਯੂ. ਫੋਰਥ ਕਲਾਸ ਵਰਕਰਜ਼ ਯੂਨੀਅਨ, ਪੀ.ਏ.ਯੂ. ਪੈਨਸ਼ਨਰ ਐਸੋਸੀਏਸ਼ਨ, ਪੀ.ਏ.ਯੂ. ਰਿਟਾਇਰਜ਼ ਵੈੱਲਫੇਅਰ ਐਸੋਸੀਏਸ਼ਨ, ਪੀ.ਏ.ਯੂ. ਪੈਨਸ਼ਨਰ ਤੇ ਰਿਟਾਇਰਜ਼ ਵੈੱਲਫੇਅਰ ਐਸੋਸੀਏਸ਼ਨ ਅਤੇ ਪੀ.ਏ.ਯੂ. ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਭਾਗ ਲਿਆ। ਇਸ ਮੀਟਿੰਗ ਦੀ ਪ੍ਰਧਾਨਗੀ ਪੀ.ਏ.ਯੂ. ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਬਲਦੇਵ ਸਿੰਘ ਵਾਲੀਆ ਨੇ ਕੀਤੀ। ਇਸ ਮਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਜੇਕਰ ਪੀ.ਏ.ਯੂ. ਦੀ ਅਥਾਰਟੀ ਵੱਲੋਂ ਅਪ੍ਰੈਲ ਮਹੀਨੇ ਦੀ ਤਨਖਾਹ ਤੇ ਪੈਨਸ਼ਨ ਦੇ ਚੈੱਕ ਜਾਰੀ ਨਾ ਕੀਤੇ ਗਏ ਤਾਂ 10 ਮਈ 2023 ਨੂੰ ਸਾਰਾ ਕੰਮ-ਕਾਜ ਠੱਪ ਕਰਕੇ ਥਾਪਰ ਹਾਲ ਸਾਹਮਣੇ ਰੋਸ ਰੈਲੀ ਕੀਤੀ ਜਾਵੇਗੀ ਅਤੇ ਜਦ ਤੱਕ ਤਨਖਾਹ ਤੇ ਪੈਨਸ਼ਨ ਜਾਰੀ ਨਹੀਂ ਕੀਤੀ ਜਾਂਦੀ, ਇਹ ਸੰਘਰਸ਼ ਜਾਰੀ ਰਹੇਗਾ। ਇਸ ਫੈਸਲੇ ਸਬੰਧੀ ਸਮੂਹ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਪੀ.ਏ.ਯੂ. ਦੇ ਉੱਪ-ਕੁਲਪਤੀ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰ ਦਿੱਤਾ ਗਿਆ ਹੈ। ਇਸ ਮੀਟਿੰਗ ਵਿੱਚ ਮਨਮੋਹਨ ਸਿੰਘ, ਲਾਲ ਬਹਾਦਰ ਯਾਦਵ, ਨਵਨੀਤ ਸ਼ਰਮਾ, ਡੀ. ਪੀ. ਮੌੜ, ਜਿਲਾ ਰਾਮ ਬਾਂਸਲ, ਸੁਖਦੇਵ ਸਿੰਘ, ਜਸਵੰਤ ਸਿੰਘ, ਆਸਾ ਸਿੰਘ ਪੰਨੂ, ਜੇ. ਐੱਲ. ਨਾਰੰਗ, ਜਸਬੀਰ ਸਿੰਘ, ਜਸਵੰਤ ਸਿੰਘ ਜੀਰਖ, ਨਿਤਿਆ ਨੰਦ, ਵਿਜੇ ਕੁਮਾਰ ਦੱਤਾ, ਸਤਨਾਮ ਸਿੰਘ, ਅੰਮ੍ਰਿਤ ਕੁਮਾਰ, ਹਰਮਨਦੀਪ ਸਿੰਘ ਗਰੇਵਾਲ, ਬੇਅੰਤ ਸਿੰਘ, ਦਲਜੀਤ ਸਿੰਘ, ਕੇਸ਼ਵ ਰਾਏ ਸੈਣੀ, ਗੁਰਇਕਬਾਲ ਸਿੰਘ, ਧਰਮਿੰਦਰ ਸਿੰਘ ਸਿੱਧੂ, ਮੋਹਨ ਲਾਲ, ਭੁਪਿੰਦਰ ਸਿੰਘ, ਹਰਮਿੰਦਰ ਸਿੰਘ, ਬਲਜਿੰਦਰ ਸਿੰਘ, ਸੁਰਜੀਤ ਸਿੰਘ, ਨੰਦ ਕਿਸ਼ੋਰ, ਪ੍ਰਿੰਸ ਗਰਗ, ਰਕੇਸ਼ ਕੁਮਾਰ, ਸੁਰਿੰਦਰ ਸਿੰਘ, ਸਤਵਿੰਦਰ ਸਿੰਘ, ਅਵਤਾਰ ਚੰਦ, ਅਮਰਜੀਤ ਸਿੰਘ ਤੇ ਹੁਸਨ ਕੁਮਾਰ ਸ਼ਾਮਲ ਹੋਏ।



## ਕਾਤਰਾਂ

### ਭਾਸ਼ਾ ਦਫ਼ਤਰ ਵੱਲੋਂ ਕਵਿਤਾ ਵਰਕਸ਼ਾਪ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਿਰੋਜ਼ਪੁਰ ਵੱਲੋਂ 'ਕਵਿਤਾ ਵਰਕਸ਼ਾਪ' 11 ਮਈ ਨੂੰ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਫ਼ਿਰੋਜ਼ਪੁਰ ਵਿਖੇ ਲਗਾਈ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਗਦੀਪ ਸੰਧੂ ਨੇ ਦੱਸਿਆ ਕਿ ਇਸ ਵਰਕਸ਼ਾਪ ਵਿੱਚ ਪੰਜਾਬੀ ਕਾਵਿ-ਜਗਤ ਦੇ ਨਾਮਵਰ ਸ਼ਾਇਰ ਪ੍ਰੋ. ਜਸਪਾਲ ਘਈ ਤੇ ਪ੍ਰੋ. ਗੁਰਤੇਜ ਕੋਹਾਰਵਾਲਾ ਕਵਿਤਾ ਦੀ ਸਿਰਜਣ ਪ੍ਰਕਿਰਿਆ ਤੇ ਤਕਨੀਕੀ ਪੱਖਾਂ ਬਾਰੇ ਵਿਆਪਕ ਪੱਧਰ 'ਤੇ ਸ਼ਾਇਰਾਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕਰਨਗੇ।ਖੋਜ ਅਫ਼ਸਰ ਦਲਜੀਤ ਸਿੰਘ ਨੇ ਇਸ ਵਰਕਸ਼ਾਪ ਵਿੱਚ ਸ਼ਾਮਲ ਹੋਣ ਲਈ ਲੇਖਕਾਂ ਤੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਹੈ।ਇਸ ਮੌਕੇ ਰਮਨ ਕੁਮਾਰ ਤੇ ਨਵਦੀਪ ਸਿੰਘ ਹਾਜ਼ਰ ਸਨ।

### ਇੰਗਲਿਸ਼ ਸਟੂਡੀਓ ਨੇ ਸਟੱਡੀ ਵੀਜ਼ਾ ਲਵਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਅਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਦੀ ਵਿਦਿਆਰਥਣ ਮਨਪ੍ਰੀਤ ਕੌਰ ਪੁੱਤਰੀ ਕੁਲਦੀਪ ਸਿੰਘ ਵਾਸੀ ਸਹਿਜਾਦੀ ਜ਼ਿਲ੍ਹਾ ਫਿਰੋਜ਼ਪੁਰ ਬਾਰ੍ਹਵੀਂ ਕਲਾਸ ਤੋਂ ਬਾਅਦ ਤਿੰਨ ਸਾਲ ਦਾ ਗੈਪ ਹੁੰਦੇ ਹੋਏ ਵੀ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾਇਆ ਹੈ। ਸੰਸਥਾ ਮੁਖੀ ਪੰਕਜ ਬਾਂਸਲ ਅਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### ਤਾਇਕਵਾਂਡੋ ਚੈਂਪੀਅਨਸ਼ਿਪ 14 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫ਼ਿਰੋਜ਼ਪੁਰ ਤਾਈਕਵਾਂਡੋ ਐਸੋਸੀਏਸ਼ਨ ਵੱਲੋਂ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਏਡੀਜੀਪੀ ਅਰਪਿਤ ਸ਼ੁਕਲਾ ਦੇ ਪਿਤਾ ਦੀ ਯਾਦ ਵਿੱਚ 14 ਮਈ ਨੂੰ ਡੀ ਸੀ ਮਾਡਲ ਇੰਟਰਨੈਸ਼ਨਲ ਸਕੂਲ ਫ਼ਿਰੋਜ਼ਪੁਰ ਸ਼ਹਿਰ ਵਿਖੇ ਦੂਜੀ ਪੀ ਐੱਸ ਸ਼ੁਕਲਾ ਆਈਪੀਐੱਸ ਮੈਮੋਰੀਅਲ ਓਪਨ ਤਾਈਕਵਾਂਡੋ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ। ਇਹ ਫ਼ੈਸਲਾ ਐਸੋਸੀਏਸ਼ਨ ਦੇ ਪ੍ਰਧਾਨ ਅਨਿਰੁਧ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ। ਤਾਈਕਵਾਂਡੋ ਕੋਚ ਤੇ ਐਸੋਸੀਏਸ਼ਨ ਦੇ ਬੁਲਾਰੇ ਪੰਕਜ ਚੌਰਸੀਆ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਦੇ ਚਾਹਵਾਨ ਖਿਡਾਰੀ 11 ਮਈ ਤੱਕ ਐਨਰਜੀ ਸਪੋਰਟਸ ਐਂਡ ਫਿਟਨੈੱਸ ਅਕੈਡਮੀ ਵਿਖੇ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ। ਇਸ ਮੀਟਿੰਗ 'ਚ ਜ਼ਿਲ੍ਹੇ ਭਰ ਤੋਂ ਕੋਚ ਰੋਹਿਤ ਗਿੱਲ, ਰੋਹਿਤ ਮੌਰੀਆ, ਜਸਪ੍ਰੀਤ, ਆਸ਼ਾ ਰਾਣੀ, ਆਕਾਸ਼ ਮਹਿਰਾ, ਰਾਕੇਸ਼ ਉਜੀਨਵਾਲ, ਅਮਰਜੀਤ ਕੌਰ, ਸੁਰਿੰਦਰ ਕੁਮਾਰ, ਅਭਿਸ਼ੇਕ ਸ਼ਰਮਾ, ਸੁਨੀਲ ਕੁਮਾਰ, ਕਾਜਲ, ਤਾਰਾ ਸਿੰਘ ਆਦਿ ਨੇ ਭਾਗ ਲਿਆ।

### ਚੋਰਾ ਪੋਸਤ ਸਮੇਤ ਦੋ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਲੰਬੀ ਪੁਲਸ ਨੇ ਵੱਡੀ ਮਾਤਰਾ ਵਿੱਚ ਚੂਰਾ ਪੋਸਤ ਨਾਲ ਔਰਤ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਮੰਡੀ ਕਿੱਲਿਆਂਵਾਲੀ ਮੌਜੂਦ ਸੀ ਤਾਂ ਰਸਤੇ 'ਚ ਇੱਕ ਗੱਡੀ ਖੜੀ ਹੋਈ ਸੀ, ਜਿਸ ਵਿੱਚ ਪ੍ਰਗਟ ਸਿੰਘ ਵਾਸੀ ਹਰਜਿੰਦਰ ਨਗਰ ਮਲੋਟ ਤੇ ਜਸਵਿੰਦਰ ਕੌਰ ਵਾਸੀ ਬੁਰਜ ਸੇਮਾਂ (ਬਠਿੰਡਾ) ਬੈਠੇ ਸਨ ਅਤੇ ਗੱਡੀ ਦੇ ਦੋਵੇਂ ਸੀਟਾਂ ਦੇ ਵਿਚਕਾਰ ਇੱਕ ਗੱਟਾ ਪਲਾਸਟਿਕ ਦੀ ਫਰੋਲਾ ਫਰਾਲੀ ਕਰ ਰਹੇ ਸਨ। ਪੁਲਸ ਨੇ ਸ਼ੱਕ ਦੇ ਆਧਾਰ 'ਤੇ ਉਕਤ ਦਾ ਨਾਮ-ਪਤਾ ਪੁੱਛਿਆ ਤੇ ਗੱਟੇ ਤਲਾਸ਼ੀ ਲਈ ਤਾਂ ਉਸ ਵਿੱਚੋਂ 7 ਕਿਲੋਗ੍ਰਾਮ ਚੂਰਾ ਪੋਸਤ ਬਰਾਮਦ ਹੋਇਆ। ਪੁਲਸ ਨੇ ਉਕਤ ਦੋਵਾਂ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਨਜਾਇਜ਼ ਸ਼ਰਾਬ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਸਵਾ 11 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਐੱਚ. ਸੀ. ਗੁਰਚਰਨ ਸਿੰਘ ਸਾਥੀ ਕਰਮਚਾਰੀਆਂ ਨਾਲ ਗਸ਼ਤ ਦੌਰਾਨ ਪਿੰਡ ਸੜੀਆ ਪੁੱਜੇ ਤਾਂ ਮੁਖਬਰ ਖਾਸ ਪਾਸੋਂ ਇਤਲਾਹ ਮਿਲਣ 'ਤੇ ਹਰਦੇਵ ਸਿੰਘ ਪੁੱਤਰ ਸੋਨਾ ਸਿੰਘ ਵਾਸੀ ਬੂਰਵਾਲਾ (ਥਾਣਾ ਅਮੀਰ ਖਾਸ) ਨੂੰ ਛਾਪੇਮਾਰੀ ਕਰਕੇ ਸਵਾ 11 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕੀਤਾ ਹੈ, ਜਿਸ ਦੇ ਖਿਲਾਫ ਪੁਲਸ ਨੇ ਮੁਕੱਦਮਾ ਦਰਜ ਕਰ ਲਿਆ ਹੈ।

# ਜੰਤਰ ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਜ਼ਿਲ੍ਹਾ ਕਮੇਟੀ ਬਠਿੰਡਾ ਨੇ ਜੰਤਰ-ਮੰਤਰ 'ਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਧਰਨਾ ਦੇ ਰਹੇ ਪਹਿਲਵਾਨਾਂ ਨੂੰ ਦਿੱਲੀ ਪੁਲਿਸ ਵੱਲੋਂ ਕੁੱਟਮਾਰ ਕਰਕੇ ਉਨ੍ਹਾਂ ਨੂੰ ਗੰਭੀਰ ਜ਼ਖ਼ਮੀ ਕਰਨ ਤੇ ਧੱਕੇ ਨਾਲ ਧਰਨਾ ਖਤਮ ਕਰਾਉਣ ਦੀ ਗੈਰ ਕਾਨੂੰਨੀ ਅਤੇ ਤਾਨਾਸ਼ਾਹੀ ਕਾਰਵਾਈ ਦਾ ਸਖਤ ਵਿਰੋਧ ਕਰਦਿਆਂ ਦੋਸ਼ੀ ਪੁਲਸ ਮੁਲਾਜ਼ਮਾਂ ਤੇ ਅਧਿਕਾਰੀਆਂ ਖਿਲਾਫ਼ ਕਾਨੂੰਨੀ ਕਾਰਵਾਈ ਕਰਨ ਅਤੇ ਮੁੱਖ ਮੁਲਜ਼ਮ ਬ੍ਰਿਜ ਭੂਸ਼ਨ ਅਤੇ ਹੋਰਨਾਂ ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖਤ ਸਜ਼ਾ ਦੇਣ ਦੀ ਜ਼ੋਰਦਾਰ ਮੰਗ ਕੀਤੀ ਹੈ। ਇਸਦੇ ਨਾਲ ਹੀ ਸੁਸਾਇਟੀ ਨੇ ਮੁਲਕ ਦੀਆਂ ਸਮੂਹ ਖੇਡ ਫੈਡਰੇਸ਼ਨਾਂ 'ਚੋਂ ਸਿਆਸੀ ਆਗੂਆਂ ਤੇ ਉੱਚ ਅਧਿਕਾਰੀਆਂ ਨੂੰ ਤੁਰੰਤ ਬਰਖਾਸਤ ਕਰਕੇ ਸਿਰਫ ਖਿਡਾਰੀਆਂ ਨੂੰ ਹੀ ਨਾਮਜ਼ਦ ਕਰਨ ਦੀ ਮੰਗ ਵੀ ਕੀਤੀ ਹੈ। ਤਰਕਸੀਲ ਸੁਸਾਇਟੀ ਦੇ ਕਾਰਜਕਾਰੀ ਕਮੇਟੀ ਦੇ ਆਗੂਆਂ ਬਲਰਾਜ ਮੌੜ, ਗਿਆਨ ਸਿੰਘ, ਅਜਾਇਬ ਜਲਾਲਆਣਾ, ਰਾਮ ਸਿੰਘ ਨਿਰਮਾਣ, ਗਗਨ ਰਾਮਪੁਰਾ ਨੇ ਪਹਿਲਵਾਨਾਂ ਦੇ ਸੰਘਰਸ਼ ਦੀ ਡਟਵੀਂ ਹਮਾਇਤ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਉੱਤੇ ਬ੍ਰਿਜ ਭੂਸ਼ਨ ਦੇ ਖਿਲਾਫ ਪੋਕਸੋ ਐਕਟ ਤਹਿਤ ਐਫ ਆਈ ਆਰ ਦਰਜ ਹੋਣ ਦੇ ਬਾਵਜੂਦ ਦਿੱਲੀ ਪੁਲਸ ਵਲੋਂ ਉਸਨੂੰ ਅਖੌਤੀ ਜਾਂਚ ਦੇ ਨਾਮ ਹੇਠ ਜਾਣ ਬੁੱਝ ਕੇ ਗ੍ਰਿਫਤਾਰ ਨਾ ਕਰਕੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਸਿੱਧੀ ਉਲੰਘਣਾ ਕੀਤੀ ਜਾ ਰਹੀ ਹੈ ਅਤੇ ਮੋਦੀ ਸਰਕਾਰ ਦੇ ਦਬਾਅ ਹੇਠ ਹੀ ਦਿੱਲੀ ਪੁਲਸ ਵਲੋਂ ਬ੍ਰਿਜ ਭੂਸਨ ਨੂੰ ਬਚਾਉਣ ਦੇ ਹੱਥਕੰਡੇ ਅਪਨਾਏ ਜਾ ਰਹੇ ਹਨ। ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਬੇਟੀ ਪੜਾਓ ਬੇਟੀ ਬਚਾਓ' ਦੇ ਝੂਠੇ ਤੇ ਸਿਆਸੀ ਜੁਮਲੇ ਦਾ ਪਰਦਾਫਾਸ਼ ਕਰਦਿਆਂ ਦੋਸ਼ ਲਾਇਆ ਕਿ ਓਲੰਪਿਕ ਮੈਡਲ ਜੇਤੂ ਔਰਤ ਪਹਿਲਵਾਨ ਪਿਛਲੇ ਚਾਰ ਮਹੀਨੇ ਤੋਂ ਆਪਣੇ ਨਾਲ ਹੋਏ ਜਿਨਸੀ ਸੋਸਣ ਦੇ ਖਿਲਾਫ਼ ਲਗਾਤਾਰ ਕੇਂਦਰੀ ਖੇਡ ਮੰਤਰੀ ਤੇ ਖੇਡ ਅਧਿਕਾਰੀਆਂ ਤੱਕ ਆਵਾਜ ਬੁਲੰਦ ਕਰ ਰਹੀਆਂ ਹਨ ਪਰ ਪ੍ਰਧਾਨ ਮੰਤਰੀ ਵਲੋਂ ਪੂਰੀ ਦੁਨੀਆਂ ਵਿੱਚ ਭਾਰਤ ਦਾ ਨਾਂਅ ਰੌਸ਼ਨ ਕਰਨ ਵਾਲੀਆਂ ਬੇਟੀਆਂ ਨੂੰ ਇਨਸਾਫ਼ ਦੇਣ ਤੋਂ ਸਪੱਸ਼ਟ ਇਨਕਾਰ ਕੀਤਾ ਜਾ ਰਿਹਾ ਹੈ ਅਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਦੇ ਖਿਲਾਫ਼ ਦਰਜਨਾਂ ਅਪਰਾਧਿਕ ਮਾਮਲੇ ਦਰਜ ਹੋਣ ਦੇ ਬਾਵਜੂਦ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ।



# ਜਲ ਸਰੋਤ ਵਿਭਾਗ ਵਿਚਲੀਆਂ ਅਸਾਮੀਆਂ ਖਤਮ ਕਰਨ ਤੇ ਹੋਰ ਮੰਗਾਂ ਸੰਬੰਧੀ ਕੀਤੀ ਰੋਸ ਰੈਲੀ

**ਪਟਿਆਲਾ (ਪੱਤਰ ਪ੍ਰੇਰਕ)**

ਪੰਜਾਬ ਸਰਕਾਰ ਵੱਲੋਂ ਪੜਾਅਵਾਰ ਜਲ ਸਰੋਤ (ਸਿੰਚਾਈ) ਵਿਭਾਗ ਦੇ ਪੁਨਗਰਠਨ ਨਾਂਅ 'ਤੇ ਵੱਖ-ਵੱਖ ਵਰਗਾਂ ਦੀਆਂ ਅਸਾਮੀਆਂ ਨੂੰ ਡਾਇੰਗ ਕੇਡਰ ਵਿੱਚ ਪਾ ਕੇ ਖਤਮ ਕਰਨ ਦੇ ਫੈਸਲਿਆਂ ਵਿਰੁੱਧ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਤੇ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਵਿਭਾਗ ਦੇ ਆਈ.ਬੀ. ਕੰਪਲੈਕਸ ਵਿਖੇ ਰੋਸ ਰੈਲੀ ਕੀਤੀ, ਜਿਸ ਦੀ ਅਗਵਾਈ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਜਗਮੋਹਨ ਨੌਲੱਖਾ, ਗੁਰਦਰਸ਼ਨ ਸਿੰਘ, ਸੂਰਜ ਪਾਲ ਯਾਦਵ ਨੇ ਕੀਤੀ। ਆਗੂਆਂ ਨੇ ਕਿਹਾ ਕਿ ਵਿਭਾਗ ਦੇ ਪ੍ਰਮੁੱਖ ਸਕੱਤਰ ਵੱਲੋਂ ਵਿਭਾਗ ਦੀ ਮੇਨ ਪਾਵਰ ਨੂੰ ਖੋਰਾ ਲਾਉਣ ਕਰਕੇ ਵਿਭਾਗ ਦਾ 35 ਫ਼ੀਸਦੀ ਮੁਲਾਜ਼ਮ ਘਟਿਆ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਚੌਥਾ ਦਰਜਾ ਮੁਲਾਜ਼ਮਾਂ ਦੀ ਪ੍ਰਮੋਸ਼ਨਾਂ ਦੇ ਮੌਕੇ ਬੰਦ ਕਰ ਦਿੱਤੇ ਹਨ, ਇਸ ਵਰਗ ਦੀ ਪਿਛਲੇ ਵੀਹ ਸਾਲਾਂ ਤੋਂ ਕੋਈ ਵੀ ਨਵੀਂ ਭਰਤੀ ਨਹੀ ਕੀਤੀ ਗਈ ਅਤੇ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਗਰਮ ਅਤੇ ਠੰਡੀਆਂ ਵਰਦੀਆਂ ਨਹੀਂ ਦਿੱਤੀਆਂ ਗਈਆਂ, ਕ੍ਰਮਚਾਰੀ ਦੇ ਸੇਵਾਮੁਕਤ ਤੋਂ ਬਾਅਦ ਕੋਈ ਵੀ ਰਿਪਲੇਸਮੈਂਟ ਨਹੀਂ ਕੀਤੀ ਜਾ ਰਹੀ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪ੍ਰਮੁੱਖ ਸਕੱਤਰ ਸਾਰੇ ਨਿਯਮਾਂ/ਅਸੂਲਾਂ ਨੂੰ ਛਿੱਕੇ ਟੰਗ ਕੇ ਵੱਖ-ਵੱਖ ਕੈਟਾਗਰੀਜ਼ ਦੀਆਂ ਬਦਲੀਆਂ ਆਪਣੇ ਦਸਤਖਤਾਂ ਹੇਠ ਕਰ ਰਹੇ ਹਨ, ਜਦੋਂਕਿ ਨਿਯਮਾਂ ਅਨੁਸਾਰ ਇਹ ਤਾਕਤਾਂ ਮੁੱਖ ਇੰਜਨੀਅਰ, ਨਿਗਰਾਨ ਇੰਜਨੀਅਰ ਤੇ ਕਾਰਜਕਾਰੀ ਇੰਜਨੀਅਰ ਪਾਸ ਹਨ। ਇਸ ਤਰ੍ਹਾਂ ਵੱਡੇ ਪੱਧਰ 'ਤੇ ਵਿਭਾਗ ਦੀ ਤੋੜ ਭੰਨ ਵੀ ਕੀਤੀ ਗਈ ਹੈ।

ਰੈਲੀ ਉਪਰੰਤ ਮੁਲਾਜ਼ਮਾਂ ਨੇ ਮਜ਼ਦੂਰ ਦਿਹਾੜੇ ਨੂੰ ਸਮਰਪਤ ਝੰਡਾ ਵੀ ਲਹਿਰਾਇਆ ਗਿਆ ਤੇ ਨਹਿਰ ਮੰਡਲ ਨਾਲ ਸਬੰਧਤ ਮੰਗਾਂ ਪੂਰੀਆਂ ਨਾ ਹੋਣ 'ਤੇ ਮੁਲਾਜ਼ਮਾਂ ਨਾਲ ਕੀਤੇ ਜਾਂਦੇ ਵਿਤਕਰੇ ਦਾ ਵੀ ਨੋਟਿਸ ਲਿਆ ਗਿਆ ਅਤੇ ਗੇਜ ਰੀਡਰ ਬਲਜੀਤ ਸਿੰਘ ਦੇ ਆਪਣੇ ਇਲਾਜ ਦਾ ਬਿੱਲ 1,43,757/ ਰੁਪਏ ਦਾ ਵੀ ਸਾਲ 2018 ਤੋਂ ਅਦਾਇਗੀ ਨਾ ਕਰਨ 'ਤੇ ਵੀ ਰੋਸ ਪ੍ਰਗਟ ਕੀਤਾ ਗਿਆ ਤੇ ਸ਼ਰਾਰਤੀ ਅਨਸਰਾਂ ਵੱਲੋਂ ਅਸ਼ਲੀਲ ਸ਼ਿਕਾਇਤਾਂ ਕਰਨ ਦੀ ਵੀ ਸਖਤ ਨਿੰਦਾ ਕੀਤੀ ਗਈ ਤੇ ਅਗਲਾ ਐਕਸ਼ਨ ਮੰਡਲ ਦਫਤਰ ਅੱਗੇ ਭੁੱਖ ਹੜਤਾਲ ਕਰਕੇ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਹੋਰ ਆਗੂ ਮੌਜੂਦ ਸਨ। ਉਨ੍ਹਾਂ ਵਿੱਚ ਸਰਵ ਸ੍ਰੀ ਪ੍ਰੀਤਮ ਚੰਦ, ਨਾਰੰਗ ਸਿੰਘ, ਰਾਮ ਲਾਲ ਰਾਮਾ, ਬਲਬੀਰ ਸਿੰਘ, ਤਰਲੋਚਨ ਮਾੜੂ, ਸ਼ਾਮ ਸਿੰਘ, ਕਿਰਨ ਪਾਲ, ਉਂਕਾਰ ਸਿੰਘ, ਅਮਰਨਾਥ ਨਰੜੂ, ਕੁਲਵਿੰਦਰ ਸਿੰਘ, ਤਰਲੋਚਨ ਮੰਡੋਲੀ, ਪ੍ਰਕਾਸ਼ ਲੁਬਾਣਾ, ਰਵਿੰਦਰ ਸਿੰਘ ਸੈਣੀ, ਹਰਬੰਸ ਸਿੰਘ, ਰਾਜਵੰਤ ਕੌਰ, ਸ਼ਿਵ ਚਰਨ, ਸਤਨਾਮ ਸਿੰਘ, ਅਨਿਲ ਗਾਗਟ ਤੇ ਬਲਜਿੰਦਰ ਨਾਭਾ ਆਦਿ ਹਾਜ਼ਰ ਸਨ।



## ਰਵਿੰਦਰਨਾਥ ਟੈਗੋਰ ਦੀ ਜੈਅੰਤੀ ਮੌਕੇ ਜਾਣਕਾਰੀ ਪ੍ਰੋਗਰਾਮ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਉੱਘੇ ਸਿੱਖਿਆ ਸ਼ਾਸਤਰੀ ਰਵਿੰਦਰਨਾਥ ਟੈਗੋਰ ਦੀ ਜੈਅੰਤੀ ਮੌਕੇ ਪ੍ਰਿੰਸੀਪਲ ਡਾ.ਵੀ ਕੇ ਰਾਏ ਦੀ ਅਗਵਾਈ 'ਚ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਦੌਰਾਨ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਇਹ ਦਿਨ ਮਨਾਏ ਜਾਣ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਉਨ੍ਹਾ ਰਵਿੰਦਰਨਾਥ ਦੀ ਜੀਵਨੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਵਿਦਿਆਰਥੀਆਂ ਨੇ ਟੈਗੋਰ ਦੇ ਜੀਵਨ ਅਤੇ ਸਿੱਖਿਆਵਾਂ ਸੰਬੰਧੀ ਚਾਰਟ ਬਣਾਏ ਅਤੇ ਸਪੀਚ ਪੇਸ਼ ਕੀਤੀ। ਇਸ ਮੌਕੇ ਕਾਲਜ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਸੰਬੋਧਨ ਦੌਰਾਨ ਕਿਹਾ ਕਿ ਵਿਦਿਆਰਥੀਆਂ ਨੂੰ ਭਾਰਤੀ ਸੰਸਕ੍ਰਿਤੀ ਨਾਲ ਜੋੜੇ ਰੱਖਣ ਲਈ ਇਹੋ ਜਿਹੇ ਪ੍ਰੋਗਰਾਮ ਕਰਵਾਏ ਜਾਂਦੇ ਹਨ।

# ਅਧਿਆਪਕ ਦਲ ਵੱਲੋਂ ਮਨੋਜ ਕੁਮਾਰ ਮਿਸ਼ਰਾ ਦਾ ਸੇਵਾ ਮੁਕਤੀ 'ਤੇ ਸਨਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਅਧਿਆਪਕ ਦਲ ਪੰਜਾਬ ਵੱਲੋਂ ਅਧਿਆਪਕ ਦਲ ਪੰਜਾਬ ਦੇ ਜ਼ਿਲ੍ਹਾ ਆਗੂ ਸ੍ਰੀ ਮਨੋਜ ਕੁਮਾਰ ਮਿਸ਼ਰਾ ਜੋ ਮਿਊਜ਼ਿਕ ਅਧਿਆਪਕ ਵਜੋਂ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਤੋਂ 26 ਸਾਲ ਦੀਆਂ ਸ਼ਾਨਦਾਰ ਸੇਵਾਵਾਂ ਕਰਕੇ ਸੇਵਾਮੁਕਤ ਹੋਏ ਹਨ, ਸੰਬੰਧੀ ਸ੍ਰੀ ਨਗਨ ਬਾਬਾ ਸਾਹਿਬ ਦਾਸ ਤਪ ਅਸਥਾਨ ਵਿਖੇ ਆਯੋਜਨ ਕੀਤੇ ਗਏ ਸਨਮਾਨ ਸਮਾਰੋਹ ਮੌਕੇ ਅਧਿਆਪਕ ਦਲ ਪੰਜਾਬ ਦੇ ਸੂਬਾ ਚੇਅਰਮੈਨ ਤੇਜਿੰਦਰ ਸਿੰਘ ਸੰਘਰੇੜੀ, ਸੂਬਾ ਪ੍ਰਧਾਨ ਗੁਰਜੰਟ ਸਿੰਘ ਵਾਲੀਆ, ਸੂਬਾ ਜਨਰਲ ਸਕੱਤਰ ਵਰਿੰਦਰਜੀਤ ਸਿੰਘ ਬਜਾਜ, ਸੂਬਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਬੀਰ ਕਲਾਂ, ਸੂਬਾਈ ਆਗੂ ਹਰਵਿੰਦਰ ਸਿੰਘ ਮੋਤੀ, ਜਤਿੰਦਰ ਸਿੰਘ ਵਿੱਕੀ ਨੇ ਕਿਹਾ ਕਿ ਸ੍ਰੀ ਮਨੋਜ ਕੁਮਾਰ ਮਿਸਰਾ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਤੇ ਜਥੇਬੰਦਕ ਤੌਰ 'ਤੇ ਜੋ ਜ਼ਿੰਮੇਵਾਰੀ ਨਿਭਾਈ ਗਈ ਹੈ, ਉਸਦੀ ਉਹ ਪੁਰਜ਼ੋਰ ਸਲਾਘਾ ਕਰਦੇ ਹਨ।

ਉਨ੍ਹਾਂ ਮਨੋਜ ਕੁਮਾਰ ਮਿਸ਼ਰਾ ਨੂੰ ਸੇਵਾਮੁਕਤੀ 'ਤੇ ਸੁਭਕਾਮਨਾਵਾਂ ਦਿੰਦੇ ਹੋਏ ਮੁਬਾਰਕਬਾਦ ਦਿੱਤੀ ਅਤੇ ਉਮੀਦ ਪ੍ਰਗਟ ਕੀਤੀ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਵਿੱਦਿਆ, ਮਿਊਜ਼ਿਕ ਤੇ ਜਥੇਬੰਦਕ ਖੇਤਰ ਵਿੱਚ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ। ਜਥੇਬੰਦੀ ਦੇ ਸਮੂਹ ਆਗੂਆਂ ਵੱਲੋਂ ਸ੍ਰੀ ਮਨੋਜ ਕੁਮਾਰ ਮਿਸਰਾ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਵਰਿੰਦਰ ਸ਼ਰਮਾ, ਬੇਟਾ ਕਰਨ ਕਨੇਡਾ, ਡਾ. ਅਚਲ ਵਿਸ਼ਾਲ, ਡਾ. ਨੀਤੂ ਕੌਸ਼ਲ, ਸ੍ਰੀਮਤੀ ਸ਼ਿਲਪਾ, ਭੁਪਿੰਦਰ ਕੁਮਾਰ ਲੁਧਿਆਣਾ, ਰਵਿੰਦਰ ਮਿਸ਼ਰਾ ਐਡਵੋਕੇਟ, ਸੁਰਿੰਦਰ ਮਿਸ਼ਰਾ, ਮੁਲਾਜ਼ਮ ਆਗੂ ਰਜਿੰਦਰਪਾਲ ਸਿੰਘ ਭੱਲੂ, ਪ੍ਰਿੰਸੀਪਲ ਸ੍ਰੀਮਤੀ ਇੰਦੂ ਸਿਮਕ, ਗੁਰਬਿੰਦਰ ਸਿੰਘ ਜਲਾਨ, ਵਿਸ਼ਾਲ ਸਰਮਾ, ਗੁਰਮੀਤ ਸਿੰਘ ਘਰਾਚੋਂ, ਨਰਿੰਦਰ ਸਿੰਘ ਫੱਗੂਵਾਲਾ, ਸ਼ਿਸਨ ਕੁਮਾਰ, ਦਸਵੀਰ ਸਿੰਘ ਡੱਲੀ ਐਡਵੋਕੇਟ, ਦਵਿੰਦਰ ਸਿੰਘ, ਬੰਟੀ ਤੇ ਵੱਖ-ਵੱਖ ਸਮਾਜ ਸੇਵੀ ਸੰਸਥਾਂਵਾ ਦੇ ਆਗੂ ਅਤੇ ਅਧਿਆਪਕ ਮੌਜੂਦ ਸਨ।

# ਈਟ ਰਾਈਟ ਇਨੀਸ਼ੇਟਿਵ ਮੁਹਿੰਮ ਤਹਿਤ ਕੀਤੀ ਸਰਟੀਫ਼ਿਕੇਟਾਂ ਦੀ ਵੰਡ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਈਟ ਰਾਈਟ ਇਨੀਸੇਟਿਵ ਮੁਹਿੰਮ ਤਹਿਤ ਜ਼ਿਲ੍ਹੇ ਦੇ ਕਾਲਜ, ਰੇਲਵੇ ਸਟੇਸ਼ਨ, ਹੋਟਲ, ਰੈਸਟੋਰੈਂਟ ਜੋ ਫੂਡ ਸੇਫ਼ਟੀ ਸਟੈਂਡਰਡ ਅਥਾਰਟੀ ਆਫ਼ ਇੰਡੀਆ ਦੇ ਮਾਪਦੰਡਾਂ 'ਤੇ ਖਰੇ ਉਤਰਦੇ ਸਨ, ਉਨ੍ਹਾਂ ਨੂੰ ਸਰਟੀਫ਼ਿਕੇਟਾਂ ਦੀ ਵੰਡ ਕੀਤੀ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾ ਨੂੰ ਵਧਾਈ ਵੀ ਦਿੱਤੀ। ਇਸ ਮੌਕੇ ਫੂਡ ਸੇਫ਼ਟੀ ਸਟੈਂਡਰਡ ਅਥਾਰਟੀ ਆਫ਼ ਇੰਡੀਆ ਦੇ ਮਾਪਦੰਡਾਂ 'ਤੇ ਖਰੇ ਉਤਰਨ ਵਾਲਿਆਂ 'ਚ ਹੋਟਲ ਸੰਗੀਤ ਰੋਇਲ, ਹੋਟਲ ਬੀਆਰਐਨ, ਹੋਟਲ ਸੈਪਲ ਤੇ ਗੋਪਾਲ ਸਵੀਟਸ ਦੇ ਨੁਮਾਇੰਦੇ ਆਦਿ ਸ਼ਾਮਲ ਸਨ। ਇਸ ਦੌਰਾਨ ਜ਼ਿਲ੍ਹਾ ਸਿਹਤ ਅਫ਼ਸਰ ਡਾ. ਊਸ਼ਾ ਗੋਇਲ ਨੇ ਦੱਸਿਆ ਕਿ ਸਰਕਾਰ ਵੱਲੋਂ ਜ਼ਿਲ੍ਹੇ ਅੰਦਰ ਫੂਡ ਸੇਫ਼ਟੀ ਵੈਨ ਚਲਾਈ ਜਾ ਰਹੀ ਹੈ। ਇਸ ਵੈਨ ਰਾਹੀਂ ਸਕੂਲਾਂ ਤੋਂ ਇਲਾਵਾ ਘਰਾਂ ਵਿੱਚ ਖਾਣ-ਪੀਣ ਰੋਜ਼ਾਨਾਂ ਵਰਤੋਂ 'ਚ ਲਿਆਂਦੀਆਂ ਜਾਣ ਵਾਲੀਆਂ ਚੀਜ਼ਾਂ ਦੁੱਧ, ਦਹੀਂ, ਪਨੀਰ, ਪਾਣੀ, ਕੱਚੇ ਤੇਲ, ਜੂਸ, ਹਰ ਤਰ੍ਹਾਂ ਦੇ ਖਾਣ-ਪੀਣ ਲਈ ਵਰਤੇ ਜਾਣ ਵਾਲੇ ਹਰ ਤਰ੍ਹਾਂ ਦੇ ਮਸਾਲਿਆਂ ਤੋਂ ਇਲਾਵਾ ਦੇਸੀ ਘਿਓ, ਰਿਫਾਇੰਡ ਦੀ ਸੈਂਪਲਿੰਗ ਨਾ ਮਾਤਰ ਫ਼ੀਸ ਸਿਰਫ਼ 50 ਰੁਪਏ ਨਿਰਧਾਰਤ ਕੀਤੀ ਜਾਂਦੀ ਹੈ।



# ਸਰਕਾਰੀ ਨੌਕਰੀ ਲਈ ਰਿਸ਼ਵਤ ਜਾਂ ਸਿਫਾਰਸ਼ ਦੀ ਨਹੀਂ ਪਈ ਜ਼ਰੂਰਤ : ਸੰਧਵਾਂ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

ਹੁਸ਼ਿਆਰ ਬੱਚਿਆਂ ਦੇ ਸਨਮਾਨ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਪੁੱਜੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੇ ਸੁਆਗਤ ਲਈ ਜਿੱਥੇ ਸਿੱਖਿਆ ਖੇਤਰ ਦੇ ਜ਼ਿਲ੍ਹਾ ਪੱਧਰੀ ਅਧਿਕਾਰੀ ਅਤੇ ਇੱਥੋਂ ਦੇ ਅਨੇਕਾਂ ਪਤਵੰਤੇ ਹਾਜ਼ਰ ਸਨ, ਉੱਥੇ ਸਕੂਲ ਮੁਖੀ ਸਮੇਤ ਸਮੂਹ ਸਟਾਫ਼ ਨੇ ਸਪੀਕਰ ਸੰਧਵਾਂ ਦਾ ਗਰਮਜੋਸ਼ੀ ਨਾਲ ਸੁਆਗਤ ਕੀਤਾ।

ਡਾ. ਹਰੀ ਸਿੰਘ ਸੇਵਕ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਮੈਡਮ ਮਨਿੰਦਰ ਕੌਰ ਨੇ ਜਿੱਥੇ ਸਪੀਕਰ ਸੰਧਵਾਂ ਸਮੇਤ ਸਮੁੱਚੀ 'ਆਪ' ਸਰਕਾਰ ਦਾ ਅਧਿਆਪਕਾਂ ਦੀ ਚੋਣ ਕਰਕੇ ਵਿਦੇਸ਼ਾਂ ਵਿੱਚ ਭੇਜਣ ਬਦਲੇ ਧੰਨਵਾਦ ਕੀਤਾ, ਉੱਥੇ ਸਿੱਖਿਆ ਖੇਤਰ ਵਿੱਚ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਪਾਏ ਜਾ ਰਹੇ ਯੋਗਦਾਨ ਤੇ ਨਵੀਆਂ ਪਿਰਤਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਮੈਡਮ ਨੀਲਮ ਕੁਮਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਨੇ ਆਪਣੇ ਸੰਬੋਧਨ ਦੌਰਾਨ ਦਾਅਵਾ ਕੀਤਾ ਕਿ ਉਸਦੀ ਨੌਕਰੀ ਦੇ 33 ਸਾਲ ਦੇ ਸੇਵਾ ਕਾਲ ਵਿੱਚ ਇਹ ਪਹਿਲਾ ਮੌਕਾ ਹੈ ਕਿ ਜਦੋਂ ਕਿਸੇ ਸਰਕਾਰ ਨੇ ਸਿੱਖਿਆ ਪ੍ਰਬੰਧਾਂ ਦੇ ਸੁਧਾਰ ਵੱਲ ਇਸ ਤਰ੍ਹਾਂ ਨਿੱਜੀ ਦਿਲਚਸਪੀ ਦਿਖਾਈ ਹੈ। ਮੈਡਮ ਨੀਲਮ ਕੁਮਾਰੀ ਨੇ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਸਰਕਾਰ ਦਾ ਧੰਨਵਾਦ ਕਰਦਿਆਂ ਆਖਿਆ ਕਿ 4 ਹਜ਼ਾਰ ਨਵੇਂ ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਵਿੱਚ ਕਿਸੇ ਨੇ ਵੀ ਸਿਫ਼ਾਰਸ਼ ਪੁਆਈ ਜਾਂ ਰਿਸ਼ਵਤ ਦਿੱਤੀ ਤਾਂ ਉਹ ਇਸ ਦੀ ਖੁੱਲ੍ਹੀ ਚੁਣੌਤੀ ਦੇ ਰਹੀ ਹੈ ਕਿ ਇਸ ਤਰ੍ਹਾਂ ਦੀ ਇੱਕ ਵੀ ਉਦਾਹਰਣ ਸਾਹਮਣੇ ਨਹੀਂ ਆਈ। ਉਸੇ ਸਮੇਂ ਮੰਚ 'ਤੇ ਆਏ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਐਲਾਨੀਆਂ ਆਖਿਆ ਕਿ 29 ਹਜ਼ਾਰ ਤੋਂ ਜ਼ਿਆਦਾ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ, ਜੇਕਰ ਇਕ ਵੀ ਨੌਕਰੀ ਲਈ ਸਿਫ਼ਾਰਸ਼ ਪੁਆਈ ਗਈ, ਰਿਸ਼ਵਤ ਦਿੱਤੀ ਜਾਂ ਮਿੰਨਤ ਤਰਲਾ ਕਰਨਾ ਪਿਆ ਹੋਵੇ ਤਾਂ ਉਹ ਖੁੱਲ੍ਹੀ ਬਹਿਸ ਕਰਨ ਲਈ ਤਿਆਰ ਹਨ। ਉਨ੍ਹਾਂ ਆਖਿਆ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਮਹਿਜ ਇਕ ਸਾਲ ਅੰਦਰ 29 ਹਜ਼ਾਰ ਤੋਂ ਜ਼ਿਆਦਾ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਸੌਂਪੇ ਹਨ ਤੇ ਪੰਜ ਸਾਲਾਂ ਵਿੱਚ ਤਾਂ ਉਮੀਦ ਹੈ ਕਿ ਕੋਈ ਵੀ ਬੇਰੁਜ਼ਗਾਰ ਨੌਕਰੀਆਂ ਤੋਂ ਵਾਂਝਾ ਨਹੀਂ ਰਹੇਗਾ।




ਸਪੀਕਰ ਸੰਧਵਾਂ ਨੇ ਆਖਿਆ ਕਿ ਨੌਜਵਾਨਾ ਨੂੰ ਵਿਦੇਸ਼ ਭੇਜਣ ਤੋਂ ਰੋਕਣ, ਸਮਾਜਿਕ ਕੁਰੀਤੀਆਂ ਅਰਥਾਤ ਨਸ਼ੇ ਵਰਗੀ ਬੁਰਾਈ ਤੋਂ ਬਚਾਉਣ ਲਈ ਰੁਜ਼ਗਾਰ ਦੇਣਾ ਜ਼ਰੂਰੀ ਹੈ, ਜਿਸ ਲਈ 'ਆਪ' ਸਰਕਾਰ ਵੱਲੋਂ ਪਹਿਲੇ ਦਿਨ ਤੋਂ ਹੀ ਯਤਨ ਆਰੰਭ ਦਿੱਤੇ ਗਏ ਹਨ। ਮੰਚ ਸੰਚਾਲਨ ਕਰਦਿਆਂ ਜਸਬੀਰ ਸਿੰਘ ਜੱਸੀ ਨੇ ਵੀ ਉਕਤ ਬੁਲਾਰਿਆਂ ਦੀਆਂ ਗੱਲਾਂ ਪ੍ਰਤੀ ਸਹਿਮਤੀ ਪ੍ਰਗਟਾਉਂਦਿਆਂ ਆਖਿਆ ਕਿ ਸਰਕਾਰੀ ਸਕੂਲਾਂ ਦੇ ਮੈਰਿਟ ਸੂਚੀ ਵਿੱਚ ਨਾਂਅ ਦਰਜ ਕਰਾਉਣ ਵਾਲੇ ਬੱਚਿਆਂ ਨੂੰ ਮੁੱਖ ਮੰਤਰੀ ਪੰਜਾਬ ਤੇ ਸਪੀਕਰ ਪੰਜਾਬ ਵਿਧਾਨ ਸਭਾ ਵਲੋਂ ਐਨੀ ਵੱਡੀ ਰਾਸ਼ੀ ਸਨਮਾਨ ਵਜੋਂ ਦੇ ਕੇ ਸਨਮਾਨਤ ਕਰਨ ਦਾ ਇਹ ਵੀ ਪਹਿਲਾ ਮੌਕਾ ਹੈ, ਜੋ ਹੋਰਨਾਂ ਬੱਚਿਆਂ ਲਈ ਵੀ ਪ੍ਰੇਰਣਾ ਸਰੋਤ ਬਣੇਗਾ।

# ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ 'ਚ ਪੰਜਾਬੀ ਮਾਂ-ਬੋਲੀ ਨੂੰ ਸਮਰਪਤ ਪ੍ਰੋਗਰਾਮ

**ਹਠੂਰ (ਨਛੱਤਰ ਸੰਧੂ)**

ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਪੰਜਾਬੀ ਮਾਂ-ਬੋਲੀ ਨੂੰ ਸਮਰਪਤ ਪ੍ਰੋਗਰਾਮ ਕਰਵਾਇਆ ਗਿਆ। ਪੰਜਾਬੀ ਸਾਹਿਤ ਸਭਾ ਅਤੇ ਵੈਲਫੇਅਰ ਪੰਜਾਬ ਵੱਲੋਂ ਪੰਜਾਬੀ ਮਾਂ ਬੋਲੀ ਦੀ ਵਿਲੱਖਣਤਾ ਨੂੰ ਕਾਇਮ ਰੱਖਣ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ।

ਇਸ ਪ੍ਰੋਗਰਾਮ ਵਿੱਚ ਪੰਜਾਬੀ ਮਾਂ ਬੋਲੀ ਦੀ ਗੁਰਬਾਣੀ ਦੀ ਮਹੱਤਤਾ 'ਤੇ ਚਾਨਣ ਪਾਇਆ ਗਿਆ। ਮੁੱਖ ਮਹਿਮਾਨ ਵਜੋਂ ਬਲਦੇਵ ਸਿੰਘ ਸੜਕਨਾਮਾ ਵੱਲੋਂ ਸ਼ਮੂਲੀਅਤ ਕੀਤੀ ਗਈ। ਇਨ੍ਹਾਂ ਦੇ ਨਾਲ ਵਿਸ਼ੇਸ਼ ਮਹਿਮਾਨ ਵਜੋਂ ਡਾ. ਸੁਰਜੀਤ ਸਿੰਘ ਬਰਾੜ ਵੱਲੋਂ ਸ਼ਿਰਕਤ ਕੀਤੀ ਗਈ। ਇਸ ਪ੍ਰੋਗਰਾਮ 'ਚ ਕਵਿਤਾਵਾਂ ਰਾਹੀਂ ਪੰਜਾਬੀ ਮਾਂ ਬੋਲੀ ਦੀ ਮਹਾਨਤਾ ਨੂੰ ਦਰਸਾਉਂਦੀਆਂ ਵੱਖ ਵੱਖ ਉਘੀਆਂ ਸ਼ਖਸੀਅਤਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਪ੍ਰੋਗਰਾਮ 'ਚ ਪੰਜਾਬੀ ਸਾਹਿਤ ਸਭਾ ਅਤੇ ਵੈਲਫੇਅਰ ਪੰਜਾਬ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਮਿਥੇ ਟੀਚੇ 'ਤੇ ਵਿਸ਼ੇਸ਼ ਚਾਨਣਾ ਪਾਉਣ ਲਈ ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਗੁਰਵੇਲ ਕੋਹਲਵੀ, ਪ੍ਰੋਫੈਸਰ ਬੀਰਇੰਦਰ ਸਰਾਂ (ਵਾਈਸ ਚੇਅਰਮੈਨ), ਕੁਲਵਿੰਦਰ ਕੌਰ ਦੁਬਈ (ਪ੍ਰਧਾਨ), ਮੈਡਮ ਮਨਦੀਪ ਕੌਰ ਭਦੌੜ (ਉਪ-ਪ੍ਰਧਾਨ) ਅਤੇ ਮੀਡੀਆ ਸਕੱਤਰ ਦੀਪ ਲੁਧਿਆਣਵੀ, ਜਸਵਿੰਦਰ ਕੌਰ ਜੱਸੀ (ਪ੍ਰਬੰਧਕ ਸਕੱਤਰ), ਗੁਰਮੇਲ ਸਿੰਘ ਬੋਡੇ, ਅਸ਼ੋਕ ਚੱਟਾਨੀ, ਤਰਸੇਮ ਗੋਪੀ ਕਾ, ਅਮਰੀਕ ਸੈਦੋਕੇ, ਗੁਵਿੰਦਰ ਗਿੱਲ, ਨਰਿੰਦਰ ਰੋਹੀ, ਸੋਨੀ ਮੋਗਾ, ਡਾ. ਧਨਵੰਤ ਸਿੰਘ , ਜਸਵੰਤ ਬੋਪਾਰਾਏ, ਦਿਲਪ੍ਰੀਤ ਸਿੱਧੂ, ਕੇਵਲ ਕ੍ਰਾਂਤੀ, ਜੱਗੀ ਭਦੌੜ, ਡਾ. ਦੀਪਕ ਸਿੰਗਲਾ, ਸਾਹਿਬ ਸੰਧੂ ਪੱਤਰਕਾਰ ਵੀ ਹਾਜ਼ਰ ਸਨ। ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਦੇ ਡਾਇਰੈਕਟਰ ਚਰਨ ਸਿੰਘ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਕਵਿਤਾ "ਇਕ ਯਾਦ" ਉਚਾਰੀ ਗਈ।

ਇਸ ਮੌਕੇ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਕਿਤਾਬ ਗੁਰਮੁਖੀ ਦੇ ਵਾਰਿਸ ਵੀ ਦਰਸ਼ਕਾਂ ਦੇ ਰੂਬਰੂ ਕੀਤੀ ਗਈ। ਹਰਵਿੰਦਰ ਸਿੰਘ ਬਿਲਾਸਪੁਰ ਸਾਬਕਾ ਪ੍ਰਧਾਨ ਲੇਖਕ ਵਿਚਾਰ ਮੰਚ ਨਿਹਾਲ ਸਿੰਘ ਵਾਲਾ ਤੇ ਸ਼ਾਇਰ ਗੁਰਦੀਪ ਲੋਪੋਂ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ। ਅੰਤ 'ਚ ਸਾਹਿਤ ਸਭਾ ਵੱਲੋਂ ਉੱਘੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ ਅਤੇ ਧੰਨਵਾਦ ਕੀਤਾ ਗਿਆ।




# ਪੀ ਏ ਯੂ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਨਵੀਂ ਕਮੇਟੀ ਨਾਮਜ਼ਦ




**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)**-ਪੀਏਯੂ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਸਥਾਨਕ ਵਿਦਿਆਰਥੀ ਭਵਨ ਵਿਖੇ ਸੁਖਦੇਵ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮਹੀਨਾਵਾਰ ਮੀਟਿੰਗ ਦੌਰਾਨ ਜਨਰਲ ਸਕੱਤਰ ਆਸਾ ਸਿੰਘ ਪੰਨੂ ਨੇ ਅਗਲੇ ਦੋ ਸਾਲਾ ਸੈਸ਼ਨ ਲਈ ਨਾਮਜ਼ਦ ਕੀਤੀ ਨਵੀਂ ਐਗਜ਼ੈਕਟਿਵ ਕਮੇਟੀ ਦਾ ਐਲਾਨ ਕੀਤਾ। ਇਸ ਨਵੀਂ ਐਗਜ਼ੈਕਟਿਵ ਕਮੇਟੀ ਵਿੱਚ ਉਪਰੋਕਤ ਪ੍ਰਧਾਨ ਤੇ ਜਨਰਲ ਸਕੱਤਰ ਸਮੇਤ ਜਸਵੰਤ ਜੀਰਖ ਤੇ ਮੰਗਲ ਸਿੰਘ ਨੂੰ ਸੀਨੀਅਰ ਉੱਪ ਪ੍ਰਧਾਨ, ਬਲਵੀਰ ਸਿੰਘ, ਰਣਜੋਧ ਸਿੰਘ ਗਰੇਵਾਲ ਨੂੰ ਉੱਪ ਪ੍ਰਧਾਨ, ਸੀ ਐੱਲ ਜਿੰਦਲ ਨੂੰ ਸਕੱਤਰ (ਕਾਨੂੰਨ), ਸਵਰਨ ਸਿੰਘ ਰਾਣਾ, ਤਜਿੰਦਰ ਮਹਿੰਦਰੂ ਨੂੰ ਸਕੱਤਰ, ਮਨਮੋਹਨ ਸਿੰਘ ਨੂੰ ਵਿੱਤ ਸਕੱਤਰ, ਕਰਤਾਰ ਸਿੰਘ, ਪਰਵਿੰਦਰ ਸਿੰਘ ਨੂੰ ਸੰਯੁਕਤ ਸਕੱਤਰ ਤੇ ਨਿਰਮਲ ਸਿੰਘ, ਜਰਨੈਲ ਸਿੰਘ, ਰੋਸ਼ਨ ਲਾਲ ਸ਼ਰਮਾ, ਨਛੱਤਰ ਸਿੰਘ ਬਾੜੇਵਾਲ, ਕੁਲਦੀਪ ਸਿੰਘ, ਕੁਲਵੰਤ ਸਿੰਘ, ਸੁਰਜੀਤ ਸਿੰਘ ਸਰਪੰਚ, ਰਾਮ ਚੰਦ ਨੂੰ ਕਾਰਜਕਾਰਨੀ ਮੈਂਬਰ ਲਿਆ ਗਿਆ। ਇਨ੍ਹਾਂ ਤੋਂ ਬਿਨਾਂ ਮਹਿੰਦਰ ਸਿੰਘ ਮਾਨ ਨੂੰ ਸਰਪ੍ਰਸਤ ਤੇ ਐੱਮ ਐੱਸ ਪਰਮਾਰ ਨੂੰ ਚੇਅਰਮੈਨ ਨਿਯੁਕਤ ਕੀਤਾ। ਤਰਸੇਮ ਸਿੰਘ, ਹਰਮੇਸ਼ ਸ਼ਰਮਾ, ਠਾਕੁਰ ਸਿੰਘ, ਮਹਿਲ ਸਿੰਘ ਸਿੱਧੂ, ਚਰਨਜੀਤ ਸੇਖੋਂ, ਬਲਬੀਰ ਸਿੰਘ ਮੁੱਲਾਂਪੁਰ, ਪ੍ਰੀਤ ਮਹਿੰਦਰ, ਹਰਜਿੰਦਰਪਾਲ ਸਿੰਘ ਨੂੰ ਮੁੱਖ ਸਲਾਹਕਾਰ ਨਿਯੁਕਤ ਕੀਤਾ। ਕਰਮ ਸਿੰਘ ਨੂੰ ਐਡੀਟਰ ਦੀ ਜ਼ੁੰਮੇਵਾਰੀ ਸੌਂਪੀ ਗਈ। ਇਸ ਸਮੇਂ ਸਵਰਨ ਸਿੰਘ ਰਾਣਾ ਨੇ ਨਵੀਂ ਕਮੇਟੀ ਨੂੰ ਜੀ ਆਇਆਂ ਆਖਦਿਆਂ ਅੱਜ ਤੋਂ ਹੀ ਆਪਣਾ ਕੰਮ ਸ਼ੁਰੂ ਕਰਨ ਦਾ ਨਿਹਚਾ ਦੁਹਰਾਇਆ। ਜਸਵੰਤ ਜੀਰਖ ਨੇ ਸਾਰੇ ਮੈਂਬਰਾਂ ਨੂੰ ਆਪਣੇ ਪੈਨਸ਼ਨਾਂ ਸੰਬੰਧੀ ਮਸਲਿਆਂ ਦੇ ਨਾਲ ਸਮਾਜ ਵਿੱਚ ਚੱਲ ਰਹੇ ਗੈਰ-ਮਨੁੱਖੀ ਵਰਤਾਰਿਆਂ ਲਈ ਸੱਤਾ 'ਤੇ ਬਿਰਾਜ਼ਮਾਨ ਸਰਕਾਰਾਂ ਨੂੰ ਜ਼ੁੰਮੇਵਾਰ ਠਹਿਰਾਉਂਦਿਆਂ ਇਨ੍ਹਾਂ ਖਿਲਾਫ ਆਵਾਜ਼ ਉਠਾਉਣ 'ਤੇ ਜ਼ੋਰ ਦਿੱਤਾ। ਦਿੱਲੀ ਵਿੱਚ ਮਹਿਲਾ ਭਲਵਾਨਾਂ ਦੇ ਸੰਘਰਸ਼ ਦੀ ਹਮਾਇਤ ਸਮੇਤ ਸਮਾਜ ਵਿੱਚ ਮਨੁੱਖਤਾਵਾਦੀ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਲਈ ਵੀ ਭਰਾਤਰੀ ਜਥੇਬੰਦੀਆਂ ਦੇ ਸਹਿਯੋਗੀ ਬਣ ਕੇ ਅੱਗੇ ਆਉਣ ਦਾ ਸੱਦਾ ਦਿੱਤਾ। ਨਵੇਂ ਬਣੇ ਮੈਂਬਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਐਸੋਸੀਏਸ਼ਨ 'ਚ ਸ਼ਾਮਲ ਕੀਤਾ। ਅੰਤ ਵਿੱਚ ਪ੍ਰਧਾਨ ਸੁਖਦੇਵ ਸਿੰਘ ਨੇ ਸਾਰੀ ਜਨਰਲ ਬਾਡੀ ਦਾ ਧੰਨਵਾਦ ਕੀਤਾ। ਇਸ ਉਪਰੰਤ ਅਜੇ ਤੱਕ ਮੁਲਾਜ਼ਮਾਂ ਨੂੰ ਤਨਖਾਹ ਤੇ ਪੈਨਸ਼ਨਰਜ਼ ਨੂੰ ਪੈਨਸ਼ਨ ਨਾ ਮਿਲਣ ਕਰਕੇ ਪੀ ਏ ਯੂ ਦੀਆਂ ਇੰਪਲਾਈਜ਼ ਯੂਨੀਅਨਾਂ ਦੀ ਸਾਂਝੀ ਮੀਟਿੰਗ ਹੋਈ, ਜਿਸ ਵਿੱਚ 10 ਮਈ ਤੋਂ ਸੰਘਰਸ਼ ਕਰਨ ਦਾ ਫੈਸਲਾ ਲਿਆ ਗਿਆ। ਮਾਨਯੋਗ ਹਾਈ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜੇਕਰ 10 ਮਈ ਤੱਕ ਪੈਨਸ਼ਨ ਨਾ ਮਿਲੀ ਤਾਂ ਪੀਏਯੂ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੀ 11 ਮਈ ਤੋਂ ਇਸ ਸੰਘਰਸ਼ ਵਿੱਚ ਸ਼ਾਮਲ ਹੋਵੇਗੀ ਤੇ ਪੀਏਯੂ ਪ੍ਰਸ਼ਾਸਨ ਨੂੰ ਨੋਟਿਸ ਵੀ ਜਾਰੀ ਕਰੇਗੀ।

# ਡਾ. ਏ ਆਰ ਸ਼ਰਮਾ ਸਮਾਜ ਸੇਵਾ ਦੇ ਖੇਤਰ 'ਚ ਪਾਏ ਯੋਗਦਾਨ ਲਈ ਸਨਮਾਨਤ

**ਧੂਰੀ (ਸੁਖਦੇਵ ਧੂਰੀ)**-ਹਾਲ ਹੀ ਵਿੱਚ ਰੋਟਰੀ ਇੰਟਰਨੈਸ਼ਨਲ ਦੇ ਪੈਂਟਸ-ਸੈਂਟਸ ਅਤੇ ਡੀ ਟੀ ਏ 2023 ਦੇ ਸਬੰਧ ਵਿੱਚ ਜੀਰਕਪੁਰ ਵਿਖੇ ਹੋਈ ਇੱਕ ਕਾਨਫਰੰਸ ਵਿੱਚ ਰਾਈਸੀਲਾ ਗਰੁੱਪ ਦੇ ਚੇਅਰਮੈਨ ਡਾ ਏ ਆਰ ਸ਼ਰਮਾ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਉੱਘਾ ਯੋਗਦਾਨ ਪਾਉਣ ਲਈ ਗਵਰਨਰ ਬਨਵਾਰੀ ਲਾਲ ਪੁਰੋਹਿਤ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਵੱਡੇ ਯੋਗਦਾਨ ਲਈ ਐਵਾਰਡ ਦੇ ਕੇ ਸਨਮਾਨਤ ਕੀਤਾ। ਵਰਨਣਯੋਗ ਹੈ ਕਿ ਸਾਲ 2014-15 ਜਦੋਂ ਤੋਂ ਸੀ. ਐੱਸ. ਆਰ. ਲਾਗੂ ਹੋਈ ਹੈ, ਉਦੋਂ ਤੋਂ ਹੁਣ ਤੱਕ ਰਾਈਸੀਲਾ ਗਰੁੱਪ ਵੱਲੋਂ ਤਕਰੀਬਨ 3 ਕਰੋੜ 93 ਲੱਖ ਰੁਪਏ ਸਮਾਜ ਸੇਵਾ ਦੇ ਖੇਤਰ ਵਿੱਚ ਖਰਚ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਪੰਜ ਐਂਬੂਲੈਂਸ ਢਢੋਗਲ, ਘਨੌਰੀ, ਚਾਂਗਲੀ, ਮੂਲੋਵਾਲ ਤੇ ਬੇਨੜਾ ਪਿੰਡ ਨੂੰ ਦਿੱਤੀਆਂ ਗਈਆਂ ਤਾਂ ਜੁ ਪਿੰਡਾਂ ਦੇ ਮਰੀਜ਼ਾਂ ਨੂੰ ਜਲਦੀ ਤੋਂ ਜਲਦੀ ਹਸਪਤਾਲ ਪੁਚਾਇਆ ਜਾ ਸਕੇ। ਇਸ ਤੋਂ ਇਲਾਵਾ ਸਾਲ 2015 ਵਿੱਚ ਧੂਰੀ ਸ਼ਹਿਰ 'ਚ ਡੇਂਗੂ ਦਾ ਪ੍ਰਕੋਪ ਘਟਾਉਣ ਲਈ ਰਾਈਸੀਲਾ ਗਰੁੱਪ ਨੇ ਇੱਕ ਸਮਾਜਿਕ ਪਹਿਲਕਦਮੀ ਕੀਤੀ, ਜਿਸ ਵਿੱਚ ਸਿਹਤ ਅਧਿਕਾਰੀਆਂ ਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ।



ਡੇਂਗੂ ਦੀ ਰੋਕਥਾਮ ਲਈ ਸਾਰੇ ਸ਼ਹਿਰ ਵਿੱਚ ਦਵਾਈ ਦਾ ਛਿੜਕਾਅ ਤੇ ਫੌਗਿੰਗ ਕਰਾਈ, ਜਿਸ ਨਾਲ ਉਸ ਸਾਲ ਸਹਿਰ ਵਿੱਚ ਡੇਂਗੂ ਦੇ ਮਾਮਲਿਆਂ ਵਿੱਚ ਭਾਰੀ ਗਿਰਾਵਟ ਦਰਜ ਕੀਤੀ ਗਈ ਸੀ। ਸਾਲ 2020-21 ਵਿੱਚ ਜਦੋਂ ਕਰੋਨਾ ਦੀ ਮਹਾਂਮਾਰੀ ਨੇ ਪੂਰੇ ਦੇਸ ਨੂੰ ਹਿਲਾ ਦਿੱਤਾ, ਉਸ ਸਮੇਂ ਰਾਈਸੀਲਾ ਗਰੁੱਪ ਨੇ ਅਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਆਪਣੇ ਇਲਾਕੇ ਵਿੱਚ ਹਰ ਸੰਭਵ ਮਦਦ ਕੀਤੀ, ਜ਼ਰੂਰਤਮੰਦ ਲੋਕਾਂ ਨੂੰ ਰਾਸਨ ਮੁਹੱਈਆ ਕਰਾਇਆ, ਸੈਨੇਟਾਈਜੇਸ਼ਨ ਸਟੇਸ਼ਨ ਲਾਏ ਗਏ, ਹਸਪਤਾਲਾਂ ਨੂੰ ਜ਼ਰੂਰੀ ਮੈਡੀਕਲ ਸਾਜ਼ੋ-ਸਮਾਨ ਤੇ ਵੈਂਟੀਲੇਟਰ ਦਿੱਤੇ। ਸੈਸ਼ਨ 2020-21 ਤੇ 2021-22 ਵਿੱਚ ਰਾਈਸੀਲਾ ਗਰੁੱਪ ਨੇ ਸਿੱਖਿਆ ਦੇ ਖੇਤਰ ਵਿੱਚ ਵੱਡੀ ਰਕਮ ਪ੍ਰੋਤਸਾਹਨ ਦੇ ਰੂਪ ਵਿੱਚ ਭੇਟ ਕੀਤੀ।

ਇਸ ਨਾਲ ਧੂਰੀ ਹਲਕੇ ਵਿੱਚ ਪੈਂਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਪੂਰੀਆਂ ਫ਼ੀਸਾਂ ਭਰਨ ਦੇ ਨਾਲ-ਨਾਲ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਲੋੜਵੰਦ ਹੁਸ਼ਿਆਰ ਤੇ ਹੋਣਹਾਰ ਵਿਦਿਆਰਥੀਆਂ ਦੀਆਂ ਕੁੱਲ ਫ਼ੀਸਾਂ ਦੀ ਅਦਾਇਗੀ ਕੀਤੀ। ਇਸ ਦੇ ਨਾਲ ਹੀ ਇਸ ਖੇਤਰ ਲਾਇਬ੍ਰੇਰੀਆਂ ਖੋਲ੍ਹਣ ਤੇ ਕੁਝ ਸਕੂਲਾਂ ਦੇ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਵੀ ਕਾਫੀ ਰਾਸ਼ੀ ਖਰਚ ਕੀਤੀ। ਇਸ ਤੋਂ ਇਲਾਵਾ ਪੰਜਾਬ ਵਿੱਚ ਭੂਮੀਗਤ ਪਾਣੀ ਦੇ ਤੇਜ਼ੀ ਨਾਲ ਡਿੱਗ ਰਹੇ ਪੱਧਰ ਦੀ ਰੋਕਥਾਮ ਲਈ ਵੀ ਅਪਣੀ ਸਮਾਜਿਕ ਜ਼ਿੰਮੇਵਾਰੀ ਸਮਝਦੇ ਹੋਏ ਪਿਛਲੇ ਸਾਲ ਪਾਣੀ ਬਚਾਓ ਮੁਹਿੰਮ ਤਹਿਤ ਰਾਈਸੀਲਾ ਗਰੁੱਪ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ 218 ਏਕੜ ਜ਼ਮੀਨ 'ਤੇ ਮਸਟਰਡ ਮਾਡਲ ਫਾਰਮ ਤਿਆਰ ਕੀਤੇ ਗਏ, ਜਿਸ ਵਿੱਚ ਰਾਈਸੀਲਾ ਗਰੁੱਪ ਵੱਲੋਂ ਕਿਸਾਨਾਂ ਨੂੰ ਤਸਦੀਕਸ਼ੁਦਾ ਬੀਜ, ਬੀਜ ਸੋਧਣ ਲਈ ਜੈਵਿਕ ਪਦਾਰਥ, ਪੌਸਟਿਕ ਤੱਤ ਪੇਸਟ ਮੈਨੇਜਮੈਂਟ ਲਈ ਨਿੰਮ ਦਾ ਤੇਲ, ਯੈਲੋ ਸਟਿਕੀ ਕਾਰਡ ਅਤੇ ਬਿਜਾਈ ਲਈ ਮੁਫ਼ਤ ਮਸ਼ੀਨਾਂ ਮੁਹੱਈਆ ਕਰਾਈਆਂ ਗਈਆਂ। ਇਸ ਤੋਂ ਇਲਾਵਾ ਰਾਈਸੀਲਾ ਗਰੁੱਪ ਵੱਲੋਂ ਸਮੇਂ-ਸਮੇਂ ਸਿਰ ਵਿਗਿਆਨਕ ਤਰੀਕੇ ਨਾਲ ਖੇਤੀ ਕਰਨ ਲਈ ਤਕਨੀਕੀ ਸਹਾਇਤਾ ਵੀ ਨਿਸ਼ੁਲਕ ਦਿੱਤੀ ਗਈ।

ਡਾ. ਸ਼ਰਮਾ ਨੇ ਦੱਸਿਆ ਕਿ ਰਾਈਸੀਲਾ ਗਰੁੱਪ ਵੱਲੋਂ ਇੱਕ ਲੱਖ ਡਾਲਰ ਦਾ ਯੋਗਦਾਨ ਰੋਟਰੀ ਇੰਟਰਨੈਸ਼ਨਲ ਦੇਣ ਦਾ ਐਲਾਨ ਕੀਤਾ ਹੈ। ਰੋਟਰੀ ਵੱਲੋਂ ਇਹ ਰਕਮ ਸਮਾਜ ਸੇਵਾ ਦੇ ਖੇਤਰ ਵਿੱਚ ਲੋੜ ਅਨੁਸਾਰ ਖਰਚ ਕੀਤੀ ਜਾਵੇਗੀ।

10-May-PAGE- 8.qxd 5/9/2023 10:36 PM Page 1



# ਪੱਤਰਕਾਰਾਂ ਨੇ ਲੋਕ ਸੰਪਰਕ ਅਫਸਰ ਨੂੰ ਦਿੱਤਾ ਮੰਗ ਪੱਤਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੱਤਰਕਾਰਾਂ ਦੀ ਭਲਾਈ ਦੇ ਪ੍ਰਮੁੱਖ ਮੁੱਦਿਆਂ ਨੂੰ ਮੁੱਖ ਰੱਖਦਿਆਂ "ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ:) ਆਫ (ਇੰਡੀਆ) ਪੰਜਾਬ" ਦਾ ਵਫ਼ਦ ਪੰਜਾਬ ਪ੍ਰਧਾਨ ਦੀ ਅਗਵਾਈ ਹੇਠ ਜ਼ਿਲਾ ਲੋਕ ਸੰਪਰਕ ਅਫ਼ਸਰ ਹਰਦੇਵ ਸਿੰਘ ਆਸੀ ਨੂੰ ਮਿਲਿਆ ਅਤੇ ਉਨ੍ਹਾਂ ਨੂੰ 5 ਨੁਕਾਤੀ ਮੰਗ ਪੱਤਰ ਸੌਂਪਿਆ। ਇਸ ਮੌਕੇ ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਚੌਬੇ ਵੀ ਮੌਜੂਦ ਸਨ। ਇਸ ਵਫ਼ਦ ਵਿੱਚ ਤਰਸੇਮ ਦੀਵਾਨਾ ਜੁਆਇੰਟ ਸਕੱਤਰ ਇੰਡੀਆ,ਗੁਰਬਿੰਦਰ ਸਿੰਘ ਪਲਾਹਾ ਵਾਈਸ ਚੇਅਰਮੈਨ ਪੰਜਾਬ,ਵਿਕਾਸ ਸੂਦ ਜ਼ਿਲਾ ਪ੍ਰਧਾਨ ਹੁਸ਼ਿਆਰਪੁਰ,ਓ ਪੀ ਰਾਣਾ ਜ਼ਿਲ੍ਹਾ ਜਨਰਲ ਸਕੱਤਰ ਆਦਿ ਹਾਜ਼ਰ ਸਨ। ਪੱਤਰਕਾਰ ਜੱਥੇਬੰਦੀ ਵਲੋਂ ਸੂਬੇ ਭਰ 'ਚ ਲਾਡੋਵਾਲ ਟੋਲ ਪਲਾਜ਼ਾ ਸਮੇਤ ਸਮੂੰਹ ਨੈਸ਼ਨਲ ਹਾਈਵੇ 'ਤੇ ਲੱਗੇ ਟੋਲ ਪਲਾਜਿਆਂ ਤੇ ਪੱਤਰਕਾਰ ਭਾਈਚਾਰੇ ਨੂੰ ਟੋਲ ਮੁਆਫ ਕਰਵਾਉਣ,ਪੱਤਰਕਾਰਾਂ ਤੇ ਗਲਤ ਕੇਸ ਦਰਜ ਹੋਣ ਕਾਰਨ ਪੀਲ਼ੇ ਕਾਰਡ ਅਤੇ ਹੋਰ ਸਹੂਲਤਾਂ ਅਦਾਲਤ ਵਲੋਂ ਦੋਸ਼ੀ ਕਰਾਰ ਦਿੱਤੇ ਜਾਣ ਤੱਕ ਰੱਦ ਨਾ ਕੀਤੇ ਜਾਣ, ਪੱਤਰਕਾਰ ਖਿਲਾਫ ਪਰਚਾ ਕਰਨ ਤੋਂ ਪਹਿਲਾਂ ਇਸ ਦੀ ਜਾਂਚ,ਵੱਖ ਵੱਖ ਵਿਭਾਗਾਂ ਦੇ ਮੁਲਾਜਮਾਂ ਅਤੇ ਸਮਾਜ ਸੇਵੀਆਂ ਵਾਂਗ 15 ਅਗਸਤ ਅਤੇ 26 ਜਨਵਰੀ ਨੂੰ ਜ਼ਿਲ੍ਹੇ ਵਿੱਚ ਲੋਕ ਹਿੱਤਾਂ ਲਈ ਵਧੀਆ ਕਾਰਗੁਜਾਰੀ ਵਿਖਾਉਣ ਵਾਲੇ ਪੱਤਰਕਾਰਾਂ ਨੂੰ ਵੀ ਹਰ ਸਾਲ ਸਨਮਾਨਿਤ ਕੀਤਾ ਜਾਵੇ ਅਤੇ ਪੱਤਰਕਾਰਾਂ ਦੀਆਂ ਰਜਿਸਟਰਡ ਸੰਸਥਾਵਾਂ ਦੇ ਪੈਨਲ ਰਾਹੀਂ ਪੱਤਰਕਾਰਾਂ ਦੀ ਚੋਣ ਕੀਤੀ ਜਾਵੇ।

ਇਸ ਤੋਂ ਇਲਾਵਾ ਪੱਤਰਕਾਰਾਂ ਲਈ ਪੀਲ਼ੇ ਕਾਰਡ ਜਾਂ ਐਕਰੀਡੇਸ਼ਨ ਕਾਰਡ ਬਣਾਉਣ ਲਈ ਕੀਤੀ ਜਾ ਰਹੀ ਪੁਲਸ ਵੈਰੀਫ਼ਿਕੇਸ਼ਨ ਰੱਦ ਕੀਤੀ ਜਾਵੇ ਅਤੇ ਇਸ ਮਕਸਦ ਲਈ ਪੁਲਸ ਵੱਲੋਂ ਵੈਰੀਫਿਕੇਸ਼ਨ ਫੀਸ ਵੱਜੋਂ 200 ਰੁਪਏ ਵਸੂਲ ਕਰਨ ਦੀ ਨਿਖੇਧੀ ਕਰਦਿਆਂ ਇਸ ਫ਼ੈਸਲੇ ਨੂੰ ਵਾਪਿਸ ਲੈਣ ਦੀ ਮੰਗ ਕੀਤੀ।

# ਜ਼ਿਮਨੀ ਚੋਣ ਲਈ ਅਮਲੇ ਦੀ ਤੀਜੀ ਤੇ ਅੰਤਮ ਰੈਂਡਮਾਈਜ਼ੇਸ਼ਨ

**ਜਲੰਧਰ :(ਸੈਲੀ ਐਲਬਰਟ)** ਲੋਕ ਸਭਾ ਹਲਕੇ ਦੀ ਜਿਮਨੀ ਚੋਣ ਦੌਰਾਨ ਜ਼ਿਲ੍ਹੇ ਭਰ ਦੇ ਪੋਲਿੰਗ ਬੂਥਾਂ 'ਤੇ ਤਾਇਨਾਤ ਕੀਤੇ ਜਾਣ ਵਾਲੇ ਚੋਣ ਅਮਲੇ ਦੀ ਤੀਜੀ ਅਤੇ ਅੰਤਿਮ ਰੈਂਡਮਾਈਜ਼ੇਸ਼ਨ ਕੀਤੀ ਗਈ। ਚੋਣ ਅਮਲੇ ਨੂੰ ਪੋਲਿੰਗ ਬੂਥ ਅਲਾਟ ਕਰਨ ਲਈ ਰੈਂਡਮਾਈਜ਼ੇਸ਼ਨ ਦੀ ਸਮੁੱਚੀ ਪ੍ਰਕਿਰਿਆ ਜਨਰਲ ਅਬਜ਼ਰਵਰ ਡੀ.ਵੀ. ਸਵਾਮੀ ਅਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਜਸਪ੍ਰੀਤ ਸਿੰਘ ਦੀ ਮੌਜੂਦਗੀ ਵਿੱਚ ਨੇਪਰੇ ਚਾੜ੍ਹੀ ਗਈ।

ਜ਼ਿਲ੍ਹਾ ਚੋਣ ਅਫਸਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਦੇ ਸਮੁੱਚੇ 1972 ਪੋਲਿੰਗ ਬੂਥਾਂ 'ਤੇ ਚੋਣ ਅਮਲੇ ਦੀ ਤਾਇਨਾਤੀ ਲਈ ਰੈਂਡਮਾਈਜ਼ੇਸ਼ਨ ਕੀਤੀ ਗਈ ਹੈ ਅਤੇ ਹਰੇਕ ਪੋਲਿੰਗ ਬੂਥ 'ਤੇ ਇਕ ਪ੍ਰੀਜਾਈਡਿੰਗ ਅਫਸਰ ਅਤੇ ਤਿੰਨ ਪੋਲਿੰਗ ਅਫਸਰ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ 10 ਮਈ ਨੂੰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਵੋਟਾਂ ਪੈਣਗੀਆਂ ਅਤੇ ਪੋਲਿੰਗ ਪ੍ਰਕਿਰਿਆ ਨੂੰ ਸਿਰੇ ਚਾੜ੍ਹਨ ਲਈ ਕੁੱਲ 9865 ਮੁਲਾਜਮਾਂ ਨੂੰ ਪ੍ਰੀਜਾਈਡਿੰਗ ਅਫਸਰ (ਪੀ.ਆਰ.ਓ.), ਪੋਲਿੰਗ ਅਫਸਰ (ਪੀ.ਓ.) ਵਜੋਂ ਤਾਇਨਾਤ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਪਛਾਣ ਕੀਤੀਆਂ ਵਲਨਰੇਬਲ ਪੋਲਿੰਗ ਲੋਕੇਸ਼ਨਾਂ 'ਤੇ ਮਾਈਕਰੋ ਆਬਜ਼ਰਵਾਂ ਦੀ ਤਾਇਨਾਤੀ ਲਈ ਵੀ ਰੈਂਡਮਾਈਜ਼ੇਸ਼ਨ ਦੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 252 ਵਲਨਰੇਬਲ ਪੋਲਿੰਗ ਲੋਕੇਸ਼ਨਾਂ 'ਤੇ 302 ਮਾਈਕਰੋ ਆਬਜ਼ਰਵਰ ਤਾਇਨਾਤ ਕੀਤੇ ਜਾਣਗੇ, ਜੋ ਕਿ ਸ਼ਾਂਤੀਮਈ ਵੋਟਾਂ ਨੂੰ ਯਕੀਨੀ ਬਣਾਉਣ ਲਈ ਪੂਰੀ ਪੋਲ ਪ੍ਰਕਿਰਿਆ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਚੋਣ ਅਮਲੇ ਨੂੰ ਸਮੁੱਚੀ ਚੋਣ ਪ੍ਰਕਿਰਿਆ ਦੀ ਰੀੜ੍ਹ ਦੀ ਹੱਡੀ ਕਰਾਰ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਚੋਣ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਸਿਰਫ ਸਰਕਾਰੀ ਮੁਲਾਜਮਾਂ ਨੂੰ ਸੌਂਪੀ ਗਈ ਹੈ, ਜੋ ਕਿ ਇਸ ਵਿਆਪਕ ਕਾਰਜ ਵਿੱਚ ਸਾਮਲ ਹਰੇਕ ਵਿਅਕਤੀ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਚੋਣ ਅਮਲ ਨੂੰ ਅਮਨ-ਅਮਾਨ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ ਅਤੇ ਇਸ ਕਾਰਜ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ, ਸਮੂਹ ਸਹਾਇਕ ਰਿਟਰਨਿੰਗ ਅਫਸਰ, ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਚੋਣ ਕਾਨੂੰਨਗੋ ਰਾਕੇਸ਼ ਕੁਮਾਰ ਵੀ ਮੌਜੂਦ ਸਨ।

# ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਪੁਰਹੀਰਾਂ ਵਿਖੇ ਧੰਨ ਗੁਰੂ ਰਾਮਦਾਸ ਜੀ ਲੰਗਰ ਸੇਵਾ ਸਥਾਨ ਪੁਰਹੀਰਾਂ ਹੁਸ਼ਿਆਰਪੁਰ ਵੱਲੋਂ ਸੇਵਾ ਦੇ ਪੁੰਜ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਮਨਜੀਤ ਅਮਰੀਕਾ, ਮੁੱਖ ਪ੍ਰਬੰਧਕ ਭਾਈ ਗੁਰਲਿਆਕਤ ਸਿੰਘ ਬਾਜਵਾ ਨੇ ਦੱਸਿਆ ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਦੀਵਾਨ ਹਾਲ ਵਿੱਚ ਭਾਈ ਪਿਆਰਾ ਸਿੰਘ ਮਿੱਠਾ ਟਿਵਾਣਾ ਹੁਸ਼ਿਆਰਪੁਰ ਤੋਂ ਇਲਾਵਾ ਹੋਰ ਪੰਥ ਪ੍ਰਸਿੱਧ ਰਾਗੀ, ਢਾਡੀ , ਕਵੀਸਰੀ ਜਥੇ, ਪ੍ਰਚਾਰਕ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੁੱਖ ਪ੍ਰਬੰਧਕ ਭਾਈ ਗੁਰਲਿਆਕਤ ਸਿੰਘ ਬਾਜਵਾ, ਭਾਈ ਪਿਆਰਾ ਸਿੰਘ ਮਿੱਠਾ ਟਿਵਾਣਾ ਨੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਜਸਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਮੱਖਣ ਸਿੰਘ, ਦਰਸ਼ਨ ਸਿੰਘ, ਜਰਨੈਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

# ਬਾਦਲ ਨੇ ਸ਼ਾਹਕੋਟ ਤੇ ਕਰਤਾਰਪੁਰ 'ਚ ਵਿਸ਼ਾਲ ਰੈਲੀਆਂ ਨੂੰ ਕੀਤਾ ਸੰਬੋਧਨ

**ਜਲੰਧਰ, (ਸੁਰਿੰਦਰ ਕੁਮਾਰ)** — ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿਚ ਸ਼ਾਹਕੋਟ ਤੇ ਕਰਤਾਰਪੁਰ ਵਿਚ ਦੋ ਵਿਸ਼ਾਲ ਰੈਲੀਆਂ ਨੂੰ ਸੰਬੋਧਨ ਕੀਤਾ ਤੇ ਰੋਡ ਸ਼ੋਅ ਵੀ ਕੱਢਿਆ। ਬਾਦਲ ਨੇ ਕਿਹਾ ਕਿ ਲੋਕਾਂ ਦੀ ਸ਼ਮੂਲੀਅਤ ਤੋਂ ਸਾਬਤ ਹੋ ਗਿਆ ਹੈ ਕਿ ਡਾ. ਸੁੱਖੀ ਨੂੰ ਲੋਕਾਂ ਤੋਂ ਡਟਵੀਂ ਹਮਾਇਤ ਹਾਸਲ ਹੈ ਤੇ ਉਹ ਇਸ ਜ਼ਿਮਨੀ ਚੋਣ ਵਿਚ ਜੇਤੂ ਰਹਿਣਗੇ। ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ 'ਗਰੀਬ-ਕਿਸਾਨ-ਮਜਦੂਰ' ਗਠਜੋੜ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਉਹਨਾਂ ਨਾਲ ਵਾਰ ਵਾਰ ਠੱਗੀ ਕਰਨ ਦਾ ਉਹਨਾਂ ਨੂੰ ਸਬਕ ਸਿਖਾਉਣ ਦਾ ਫੈਸਲਾ ਕਰ ਲਿਆ ਹੈ। ਉਹਨਾਂ ਕਿਹਾ ਕਿ ਵਪਾਰੀਆਂ, ਉਦਯੋਗਪਤੀਆਂ, ਔਰਤਾਂ ਤੇ ਨੌਜਵਾਨਾਂ ਵੱਲੋਂ ਚੋਣ ਦੀ ਉਡੀਕ ਕੀਤੀ ਜਾ ਰਹੀ ਸੀ ਤਾਂ ਜੋ ਆਮ ਆਦਮੀ ਪਾਰਟੀ ਸਰਕਾਰ ਠੁਕਰਾਉਣ ਲਈ ਮੋਹਰ ਲਗਾਈ ਜਾ ਸਕੇ। ਉਹਨਾਂ ਕਿਹਾ ਕਿ ਅਕਾਲੀ ਦਲ ਹਮੇਸ਼ਾ ਕਿਸਾਨਾਂ ਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਸੰਘਰਸ਼ ਕਰਦਾ ਰਹੇਗਾ ਤੇ ਉਹਨਾਂ ਵੰਡ ਪਾਊ ਤਾਕਤਾਂ ਦੇ ਖਿਲਾਫ ਡਟੇਗਾ ਜੋ ਸੂਬੇ ਦੀ ਸ਼ਾਂਤੀ ਤੇ ਫਿਰਕੂ ਸਦਭਾਵਨਾ ਦਾ ਮਾਹੌਲ ਭੰਗ ਕਰਨਾ ਚਾਹੁੰਦੀਆਂ ਹਨ। ਉਹਨਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ 10 ਸਾਲਾਂ ਦੇ ਰਾਜ ਤੇ ਬੇਅੰਤ ਸਿੰਘ ਦੇ ਪੰਜ ਸਾਲ ਦੇ ਰਾਜ ਵਿਚ ਸੂਬੇ ਦਾ ਨੁਕਸਾਨ ਹੀ ਹੋਇਆ ਹੈ। ਉਹਨਾਂ ਕਿਹਾ ਕਿ ਕਾਂਗਰਸ ਕੋਲ ਇਸ ਅਰਸੇ ਵਾਸਤੇ ਕੋਈ ਵੀ ਪ੍ਰਾਪਤੀ ਵਿਖਾਉਣ ਵਾਸਤੇ ਨਹੀਂ ਹੈ। ਆਮ ਆਦਮ ਪਾਰਟੀ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਇਹਨਾਂ ਦੀ ਜਿੰਨੀ ਘੱਟ ਗੱਲ ਕਰੀਏ, ਉਨਾ ਚੰਗਾ ਹੈ। ਉਹਨਾਂ ਕਿਹਾ ਕਿ ਆਪ ਸਰਕਾਰ ਨੇ ਸਮਾਜ ਦੇ ਹਰ ਵਰਗ ਨਾਲ ਧੋਖਾ ਕੀਤਾ ਹੈ ਭਾਵੇਂ ਉਹ ਨੌਜਵਾਨ ਹੋਣ ਜੋ ਨੌਕਰੀਆਂ ਉਡੀਕ ਰਹੇ ਹਨ ਜਾਂ ਫਿਰ ਔਰਤਾਂ ਹੋਣ ਜਿਹਨਾਂ ਨੂੰ ਇਕ ਹਜਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਗਿਆ ਸੀ। ਉਹਨਾਂ ਜੋਰ ਦੇ ਕੇ ਕਿਹਾ ਕਿ ਇਹ ਜ਼ਿਮਨੀ ਚੋਣ ਸੂਬੇ ਦੇ ਇਤਿਹਾਸ ਵਿਚ ਇਕ ਨਿਰਣਾਇਕ ਮੋੜ ਸਾਬਤ ਹੋਵੇਗੀ। ਉਹਨਾਂ ਕਿਹਾ ਕਿ ਪਹਿਲਾਂ ਆਪ ਸੰਗਰੂਰ ਵਿਚ ਹਾਰੀ ਤੇ ਹੁਣ ਇਥੇ ਹਾਰੇਗੀ ਜਿਸ ਨਾਲ ਸੂਬੇ ਵਿਚ ਅਕਲੀ ਅਕਾਲੀ ਦਲ ਤੇ ਬਸਪਾ ਗਠਜੋੜ ਸਰਕਾਰ ਦਾ ਮੁੱਢ ਬੱਝੇਗਾ।

ਨਕੋਦਰ ਵਿਖੇ ਰੋਡ ਸ਼ੋਅ ਦੌਰਾਨ ਲੋਕਾਂ ਦਾ ਭਰਵਾਂ ਇਕੱਠ ਵੇਖਣ ਨੂੰ ਮਿਲਿਆ ਤੇ ਨਕੋਦਰ ਤੋਂ ਨੂਰ ਮਹਿਲ ਤੱਕ 15 ਕਿਲੋਮੀਟਰ ਦੇ ਰਾਹ 'ਤੇ ਅਣਗਿਣਤ ਲੋਕਾਂ ਨੇ ਬਾਦਲ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਵੀ ਉਨ੍ਹਾਂ ਦੇ ਨਾਲ ਸਨ।

# ਰਿਆਤ ਬਾਹਰਾ 'ਵਰਸਿਟੀ ਦੇ 515 ਵਿਦਿਆਰਥੀਆਂ ਦੀ ਚੋਟੀ ਦੀਆਂ ਕੰਪਨੀਆਂ ਵੱਲੋਂ ਨੌਕਰੀ ਲਈ ਚੋਣ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**:- ਰਿਆਤ ਬਾਹਰਾ ਯੂਨੀਵਰਸਿਟੀ ਦੇ ਸਾਲ 2023 ਬੈਚ ਦੇ ਪਾਸ ਹੋਏ 515 ਵਿਦਿਆਰਥੀਆਂ ਨੇ 174 ਕੰਪਨੀਆਂ ਵਿੱਚ ਪਲੇਸਮੈਂਟ ਹਾਸਲ ਕਰਕੇ ਯੂਨੀਵਰਸਿਟੀ ਦਾ ਮਾਣ ਵਧਾਇਆ ਹੈ। ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਦੱਸਿਆ ਕਿ ਇਸ ਪਲੇਸਮੈਂਟ ਦੌਰਾਨ ਸਭ ਤੋਂ ਵੱਧ 32.5 ਲੱਖ ਰੁਪਏ ਦਾ ਸਾਲਾਨਾ ਪੈਕੇਜ ਦਿੱਤਾ ਗਿਆ ਹੈ ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਚੋਣ ਕਰਨ ਵਾਲੀਆਂ ਕੁਝ ਮਹੱਤਵਪੂਰਨ ਕੰਪਨੀਆਂ ਵਿੱਚ ਨਿਊਜ਼ੀਲੈਂਡ ਤੋਂ ਦ ਲੈਂਡਮਾਰਕ ਗਰੁੱਪ, ਜ਼ੈਡਸਕੇਲਰ, ਬੇਬੋ ਟੈਕਨਾਲੋਜੀ, ਹਿਤਾਚੀ, ਕੁਆਰਕ, ਕਲਾਊਡ ਥਿੰਗ, ਗਲੋਬਲ ਲਾਜਿਕ ਅਤੇ ਟੌਮੀ ਹਿਲਫਾਇਰ ਸ਼ਾਮਲ ਹਨ। ਉਨ੍ਹਾਂ ਇਹ ਵੀ ਕਿਹਾ ਕਿ ਆਰਬੀਯੂ ਨੇ ਵਿਦਿਆਰਥੀਆਂ ਦੀ ਰੁਜ਼ਗਾਰ ਸਮਰੱਥਾ ਨੂੰ ਵਧਾਉਣ ਲਈ ਚੋਟੀ ਦੀਆਂ ਬਹੁ-ਰਾਸ਼ਟਰੀ ਕੰਪਨੀਆਂ ਦੇ ਸਹਿਯੋਗ ਨਾਲ ਕਈ ਨਵੇਂ ਕੋਰਸ ਸ਼ੁਰੂ ਕੀਤੇ ਹਨ। ਯੂਨੀਵਰਸਿਟੀ ਦਾ ਸਭ ਤੋਂ ਵੱਧ ਪਲੇਸਮੈਂਟ ਰਿਕਾਰਡ ਹੈ ਅਤੇ ਇਸਦੇ ਵਿਦਿਆਰਥੀਆਂ ਲਈ ਅਤਿ-ਆਧੁਨਿਕ ਸਹੂਲਤਾਂ ਉਪਲਬਧ ਹਨ। ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਨੌਕਰੀ ਦੀਆਂ ਅਜਿਹੀਆਂ ਚੰਗੀਆਂ ਪੇਸ਼ਕਸ਼ਾਂ ਪ੍ਰਾਪਤ ਕਰਨ ਲਈ ਵਧਾਈ ਦਿੰਦੇ ਹੋਏ ਕਿਹਾ ਕਿ ਯੂਨੀਵਰਸਿਟੀ ਮਕੈਨੀਕਲ ਇੰਜਨੀਅਰਿੰਗ,ਆਟੋਮੋਬਾਈਲ ਇੰਜਨੀਅਰਿੰਗ, ਕੰਪਿਊਟਰ ਸਾਇੰਸ ਅਤੇ ਇੰਜਨੀਅਰਿੰਗ, ਸਿਵਲ ਇੰਜਨੀਅਰਿੰਗ, ਇਲੈਕਟ੍ਰੀਕਲ ਇੰਜਨੀਅਰਿੰਗ ਅਤੇ ਇਲੈਕਟ੍ਰੋਨਿਕਸ ਅਤੇ ਸੰਚਾਰ ਇੰਜਨੀਅਰਿੰਗ ਦੇ ਕੋਰਸਾਂ ਤੋਂ ਇਲਾਵਾ ਮੈਨੇਜਮੈਂਟ, ਕੰਪਿਊਟਰ, ਫਾਰਮੇਸੀ ਅਤੇ ਨਰਸਿੰਗ ਵਿੱਚ ਪੋਸਟ ਗ੍ਰੈਜੂਏਟ ਕੋਰਸਾਂ ਦੀ ਪੇਸ਼ਕਸ਼ ਕਰਦੀ ਹੈ।

# ਰੋਟਰੀ ਆਈ ਬੈਂਕ 3800 ਅੰਨ੍ਹੇਪਨ ਦੇ ਸ਼ਿਕਾਰ ਲੋਕਾਂ ਨੂੰ ਪ੍ਰਦਾਨ ਕਰ ਚੁੱਕੀ ਹੈ ਰੋਸ਼ਨੀ : ਸੰਜੀਵ ਅਰੋੜਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਰੋਟਰੀ ਆਈ ਬੈਂਕ ਅਤੇ ਕੋਰਨੀਆ ਟ੍ਰਾਂਸਪਲਾਂਟੇਸ਼ਨ ਸੁਸਾਇਟੀ ਦੇ ਬੈਠਕ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਪ੍ਰਧਾਨਗੀ ਵਿੱਚ ਵੈਸ਼ਨੋ ਧਾਮ ਸਥਿਤ ਦਫਤਰ, ਭਰਵਾਈਂ ਰੋਡ, ਹੁਸ਼ਿਆਰਪੁਰ ਵਿਖੇ ਹੋਈ। ਇਸ ਮੌਕੇ ਤੇ ਚੇਅਰਮੈਨ ਜੇ.ਬੀ. ਬਹਿਲ ਵਿਸ਼ੇਸ਼ ਤੌਰ ਹਾਜ਼ਰ ਹੋਏ। ਬੈਠਕ ਦੌਰਾਨ ਅਲੱਗ-ਅਲੱਗ ਸੰਸਥਾਵਾਂ ਦੇ ਪ੍ਰਤੀਨਿਧੀ ਹਾਜ਼ਰ ਹੋਏ ਜਿਨ੍ਹਾਂ ਵਿੱਚ ਰੋਟਰੀ ਕਲੱਬ ਹੁਸ਼ਿਆਰਪੁਰ ਤੋਂ ਪ੍ਰਧਾਨ ਯੋਗੇਸ਼ ਚੰਦਰ, ਅਰੋੜਾ ਮਹਾਸਭਾ ਦੇ ਪ੍ਰਧਾਨ ਰਵੀ ਮਨੋਚਾ ਅਤੇ ਵਿਨੋਦ ਰਲਹਣ, ਸਮਾਜ ਸੇਵੀ ਵਰੁਣ ਸ਼ਰਮਾ, ਆਸ਼ੂ ਹਾਜ਼ਰ ਹੋਏ। ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਨੇ ਕਿਹਾ ਕਿ ਅੱਖਾਂ ਦੇ ਦਾਨ ਪ੍ਰਤੀ ਲੋਕਾਂ ਵਿੱਚ ਜਾਗ੍ਰਤੀ ਵੱਧ ਰਹੀ ਹੈ ਅਤੇ ਉਮੀਦ ਹੈ ਕਿ ਜਲਦੀ ਹੀ ਪ੍ਰਦੇਸ਼ ਨੂੰ ਅੰਨ੍ਹੇਪਨ ਤੋਂ ਮੁਕਤੀ ਮਿਲ ਜਾਵੇਗੀ। ਉਨਾਂ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਇਸ ਪੁੰਨ ਲਈ ਅੱਗੇ ਆਉਣ। ਉਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਜਨਮ ਦਿਨ ਦੇ ਮੌਕੇ ਅਤੇ ਵਰ੍ਹੇਗੰਢ ਤੇ ਅੱਖਾਂ ਦਾਨ ਕਰਨ ਦਾ ਪ੍ਰਣ ਪੱਤਰ ਵੀ ਭਰਨ। ਅਰੋੜਾ ਨੇ ਦੱਸਿਆ ਕਿ ਹੁਣ ਤੱਕ 3800 ਦੇ ਕਰੀਬ ਲੋਕਾਂ ਨੂੰ ਰੋਸ਼ਨੀ ਦਿੱਤੀ ਜਾ ਚੁੱਕੀ ਹੈ ਜਿਸ ਵਿੱਚ 6 ਮਹੀਨੇ ਤੋਂ ਲੈ ਕੇ 8 ਮਹੀਨੇ ਦੇ ਬੱਚੇ ਵੀ ਸ਼ਾਮਿਲ ਹਨ। ਅਲੱਗ ਅਲੱਗ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੂੰ ਰੋਟਰੀ ਆਈ ਬੈਂਕ ਵਲੋਂ ਯਾਦਗਰੀ ਚਿੰਨ੍ਹ ਦੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ 'ਤੇ ਕੁਲਦੀਪ ਰਾਏ ਗੁਪਤਾ, ਪ੍ਰਿੰਸੀਪਲ ਡੀ.ਕੇ.ਸ਼ਰਮਾ,ਰਜਿੰਦਰ ਮੋਦਗਿਲ, ਵਿਜੈ ਅਰੋੜਾ, ਜਸਵੀਰ ਸਿੰਘ, ਤਰਸੇਮ ਮੋਦਗਿਲ, ਅਮਿਤ ਨਾਗਪਾਲ, ਤਰੁਣ ਸਰੀਨ, ਤਮੰਨਾ ਬਾਬੂ ਅਤੇ ਹੋਰ ਵੀ ਮੌਜੂਦ ਸਨ।

# ਸ਼ਿਵਾ ਪਬਲਿਕ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ



**ਨੂਰਮਹਿਲ( ਬਾਲ ਕ੍ਰਿਸ਼ਨ ਬਾਲੀ )** -ਸ਼ਿਵਾ ਪਬਲਿਕ ਹਾਈ ਸਕੂਲ ਨੂਰਮਹਿਲ ਦੀ ਪ੍ਰਿੰਸੀਪਲ ਮੈਡਮ ਸੁਮਨ ਪਾਠਕ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਿਵਾ ਪਬਲਿਕ ਸਕੂਲ ਨੂਰਮਹਿਲ ਅੱਠਵੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ। ਸੋਨਮ ਨੇ 600 ਵਿਚੋਂ 576 ਅੰਕ ਹਾਸਲ ਕਰਕੇ ਪਹਿਲਾ, ਅਬਿਜੋਤ ਸਿੰਘ ਸਿੱਧੂ ਨੇ 600 ਵਿੱਚੋਂ 573 ਅੰਕ ਹਾਸਲ ਕਰਕੇ ਦੂਜਾ ਸਥਾਨ ਅਤੇ ਸਰੁਤੀ ਨੇ 600 ਵਿੱਚੋਂ 558 ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਮੈਡਮ ਸੁਮਨ ਪਾਠਕ ਤੇ ਅਮਨਦੀਪ ਪਾਠਕ ਨੇ ਸਕੂਲ ਦੇ ਸਟਾਫ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਮੁਬਾਰਕਾਂ ਦਿੱਤੀਆਂ।

# ਕੁਲਵਿੰਦਰ ਦਾ ਗ਼ਜ਼ਲ ਸੰਗ੍ਰਹਿ 'ਸ਼ਾਮ ਦੀ ਸ਼ਾਖ਼ 'ਤੇ' ਲੋਕ ਅਰਪਣ




**ਐਸ.ਏ.ਐਸ ਨਗਰ (ਗੁਰਜੀਤ ਬਿੱਲਾ)**- ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਸੁਰ ਸਾਂਝ ਕਲਾ ਮੰਚ (ਰਜਿ.) ਖਰੜ ਵੱਲੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਵਿਹੜੇ 'ਸ਼ਾਮ ਦੀ ਸ਼ਾਖ਼ 'ਤੇ' ਲੋਕ ਅਰਪਣ ਅਤੇ ਵਿਚਾਰ ਚਰਚਾ ਆਯੋਜਿਤ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਪ੍ਰੋ. ਸੁਰਜੀਤ ਜੱਜ, ਸੁਖਵਿੰਦਰ ਅੰਮ੍ਰਿਤ ਅਤੇ ਅਜਮੇਰ ਸਿੱਧੂ ਵੱਲੋਂ ਕੀਤੀ ਗਈ। ਮੁੱਖ ਮਹਿਮਾਨ ਦੇ ਤੌਰ 'ਤੇ ਸੁਭਾਸ਼ ਭਾਸਕਰ ਵੱਲੋਂ ਸ਼ਿਰਕਤ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਭਾਸ਼ਾ ਵਿਭਾਗ ਦੀ ਵਿਭਾਗੀ ਧੁਨੀ 'ਧਨੁ ਲੇਖਾਰੀ ਨਾਨਕਾ' ਨਾਲ ਕੀਤੀ ਗਈ। ਜ਼ਿਲ੍ਹਾ ਭਾਸ਼ਾ ਅਫ਼ਸਰ (ਮੋਹਾਲੀ) ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਸਮੂਹ ਪ੍ਰਧਾਨਗੀ ਮੰਡਲ, ਸਾਹਿਤਕਾਰਾਂ ਅਤੇ ਪਤਵੰਤੇ ਸੱਜਣਾਂ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਉਨ੍ਹਾਂ ਵੱਲੋਂ ਕੁਲਵਿੰਦਰ ਦੀ ਸ਼ਾਇਰੀ ਨੂੰ ਵਿਸ਼ਵੀ ਵਰਤਾਰਿਆਂ ਤੋਂ ਚੁਕੰਨਿਆ ਕਰਦੀ ਮਾਨਵੀ ਸੰਵੇਦਨਾ ਨੂੰ ਮੁਖਾਤਿਬ ਹੋਣ ਦੀ ਸ਼ਾਇਰੀ ਆਖਿਆ। ਉਹਨਾਂ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੁਆਰਾ ਕੀਤੇ ਜਾ ਰਹੇ ਕੰਮਾਂ ਅਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਮੋਹਾਲੀ ਦੀਆਂ ਪ੍ਰਾਪਤੀਆਂ ਤੋਂ ਵੀ ਹਾਜ਼ਰੀਨ ਨੂੰ ਜਾਣੂ ਕਰਵਾਇਆ ਗਿਆ। ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਕੁਲਵਿੰਦਰ ਦਾ ਗ਼ਜ਼ਲ ਸੰਗ੍ਰਹਿ 'ਸ਼ਾਮ ਦੀ ਸ਼ਾਖ਼ 'ਤੇ' ਲੋਕ ਅਰਪਣ ਕੀਤਾ ਗਿਆ। ਪ੍ਰੋ. ਸੁਰਜੀਤ ਜੱਜ ਵੱਲੋਂ ਆਪਣੇ ਪ੍ਰਧਾਨਗੀ ਭਾਸ਼ਣ 'ਚ ਵਿਸਥਾਰ ਸਹਿਤ ਬੋਲਦਿਆਂ ਕਿਹਾ ਕਿ ਕੁਲਵਿੰਦਰ ਦੀ ਗਜਲ ਪਰਵਾਸ ਦੀਆਂ ਰਵਾਇਤਾਂ ਦਾ ਵਿਖੰਡਨ ਕਰਦੀ ਸਮਕਾਲੀ ਸਰੋਕਾਰਾਂ ਨਾਲ ਵਾਬਸਤਾ ਹੈ। ਉਹ ਬਿੰਬ ਸਿਰਜਦਾ ਹੈ, ਜਿਸ ਨੂੰ ਉਹ ਬਾਖ਼ੂਬੀ ਨਿਭਾਉਣਾ ਵੀ ਜਾਣਦਾ ਹੈ। ਸੁਖਵਿੰਦਰ ਅੰਮ੍ਰਿਤ ਵੱਲੋਂ ਕੁਲਵਿੰਦਰ ਦੀ ਸ਼ਾਇਰੀ ਬਾਰੇ ਗੱਲ ਕਰਦੇ ਹੋਏ ਉਸ ਨੂੰ ਮਾਨਵੀ ਸੰਘਰਸ਼ ਦਾ ਸ਼ਾਇਰ ਆਖਿਆ ਹੈ। ਉਹਨਾਂ ਵੱਲੋਂ ਇਹ ਵੀ ਕਿਹਾ ਕਿ ਇਹ ਸ਼ਾਇਰੀ ਲੋਕਾਈ ਨੂੰ ਰਸਤਾ ਦਿਖਾਉਂਦੀ ਹੈ। ਅਜਮੇਰ ਸਿੱਧੂ ਅਨੁਸਾਰ ਇਹ ਸ਼ਾਇਰੀ ਕੁਦਰਤ ਦੇ ਵਰਤਾਰਿਆਂ ਨੂੰ ਆਪਣੀ ਬੁੱਕਲ ਵਿੱਚ ਸਮਾਉਂਦੀ ਪੰਜਾਬ ਅਤੇ ਪੰਜਾਬੋਂ ਬਾਹਰ ਲੋਕਾਂ ਦੀਆਂ ਪੀੜਾਂ ਦੀ ਸ਼ਾਇਰੀ ਹੈ। ਲੇਕਿਨ ਇਸ ਦੀ ਆਸ਼ਾਵਾਦੀ ਸੁਰ ਹੋਣ ਕਰਕੇ ਇਹ ਚਾਨਣ ਦੀ ਸ਼ਾਇਰੀ ਹੈ। ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸੁਭਾਸ਼ ਭਾਸਕਰ ਵੱਲੋਂ ਕੁਲਵਿੰਦਰ ਦੀ ਸ਼ਾਇਰੀ ਨੂੰ ਸੰਘਰਸ਼ ਦੀ ਸ਼ਾਇਰੀ ਆਖਦਿਆਂ ਲੋਕਾਈ ਲਈ ਮਾਰਗ ਦਰਸ਼ਕ ਵਜੋਂ ਸਾਹਮਣੇ ਆਉਣ ਵਾਲੀ ਕਿਹਾ ਹੈ। ਰਾਮ ਅਰਸ਼ ਨੇ ਕੁਲਵਿੰਦਰ ਦੀ ਸ਼ਾਇਰੀ ਨੂੰ ਜ਼ਿੰਦਗੀ ਨਾਲ ਜੁੜੀ ਹੋਈ ਹੋਣ ਕਰਕੇ ਲੋਕਾਂ ਦਾ ਸ਼ਾਇਰ ਕਿਹਾ। ਗੁਰਜੰਟ ਰਾਜੇਆਣਾ ਵੱਲੋਂ ਆਪਣੇ ਪੜ੍ਹੇ ਗਏ ਪੇਪਰ ਵਿੱਚ ਕਿਹਾ ਗਿਆ ਕਿ ਕੁਲਵਿੰਦਰ ਮਾਨਵੀ ਸੰਵੇਦਨਾ ਦਾ ਸ਼ਾਇਰ ਹੋਣ ਕਰਕੇ ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਫਿਕਰ ਰੱਖਦਿਆਂ ਨਵੇਂ ਪ੍ਰਤੀਕ ਅਤੇ ਬਿੰਬ ਘੜਦਾ ਹੈ। ਪਵਨਦੀਪ ਵੱਲੋਂ 'ਸ਼ਾਮ ਦੀ ਸ਼ਾਖ਼ਾ 'ਤੇ' ਗ਼ਜ਼ਲ ਸੰਗ੍ਰਹਿ ਵਿਚੋਂ ਬਹੁਤ ਹੀ ਖ਼ੂਬਸੂਰਤ ਗ਼ਜ਼ਲਾਂ ਦਾ ਗਾਇਨ ਕੀਤਾ ਗਿਆ। ਸਮੂਹ ਬੁਲਾਰਿਆਂ ਵੱਲੋਂ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਦੀ ਕਾਰਜ ਸ਼ੈਲੀ ਅਤੇ ਸੁਹਜਮਈ ਦਿੱਖ ਦੀ ਸ਼ਲਾਘਾ ਕਰਦਿਆਂ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਗਈ। ਇਹਨਾਂ ਤੋਂ ਇਲਾਵਾ ਵਿਚਾਰ ਚਰਚਾ ਵਿੱਚ ਧਿਆਨ ਸਿੰਘ ਕਾਹਲੋਂ, ਡਾ. ਸੁਰਿੰਦਰ ਗਿੱਲ, ਗੁਰਚਰਨ ਸਿੰਘ, ਬਲਵਿੰਦਰ ਸਿੰਘ, ਸੁਰਜੀਤ ਸੁਮਨ, ਸ਼ਾਇਰ ਭੱਟੀ, ਪਵਨਦੀਪ ਚੌਹਾਨ, ਜਤਿੰਦਰਪਾਲ ਸਿੰਘ, ਮਨਜੀਤ ਸਿੰਘ, ਲਖਵਿੰਦਰ ਸਿੰਘ ਵੱਲੋਂ ਵੀ ਸ਼ਿਰਕਤ ਕੀਤੀ ਗਈ।

# 'ਖਵਾਇਸ਼ਾਂ ਦੀ ਉਡਾਨ' ਤਹਿਤ ਲੜਕਿਆਂ ਲਈ ਵਿਸ਼ੇਸ਼ ਕੈਰੀਅਰ ਗਾਈਡੈਂਸ ਪ੍ਰੋਗਰਾਮ ਅੱਜ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਪੰਜਾਬ ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਮਿਸ਼ਨ ਅਤੇ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ, ਪੰਜਾਬ ਦੁਆਰਾ 10 ਮਈ ਨੂੰ ਸਵੇਰੇ 11:00 ਵਜੇ ਪ੍ਰੋਗਰਾਮ "ਖਵਾਇਸ਼ਾਂ ਦੀ ਉਡਾ" ਤਹਿਤ "ਸੁਰੱਖਿਆ ਬਲਾਂ ਵਿੱਚ ਮੁੰਡਿਆਂ ਲਈ ਰੋਜ਼ਗਾਰ ਮੌਕੇ ਅਤੇ ਚੁਣੌਤੀਆ" ਦੇ ਵਿਸ਼ੇ 'ਤੇ ਆਨਲਾਈਨ ਕਰੀਅਰ ਟਾਕ ਕੀਤੀ ਜਾ ਰਹੀ ਹੈ। ਇਸ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਗੁਰਮੇਲ ਸਿੰਘ ਵਲੋਂ ਦੱਸਿਆ ਗਿਆ ਕਿ ਇਸ ਕਰੀਅਰ ਟਾਕ ਦੌਰਾਨ ਮੇਜਰ ਜਨਰਲ ਅਜੇ ਐਚ. ਚੌਹਾਨ, ਵੀ ਐਸ ਐਮ ਡਾਇਰੈਕਟਰ ਜਨਰਲ, ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਪ੍ਰੇਰਨਾਦਾਇਕ ਸਪੀਕਰ ਵੱਲੋਂ ਸੰਬੋਧਨ ਕੀਤਾ ਜਾਵੇਗਾ, ਜਿਸ ਵਿੱਚ ਸੁਰੱਖਿਆ ਬਲਾਂ ਵਿੱਚ ਮੁੰਡਿਆਂ ਲਈ ਰੋਜ਼ਗਾਰ ਸਬੰਧੀ ਮੌਕੇ ਅਤੇ ਚੁਨੌਤੀਆਂ ਬਾਰੇ ਸੁਝਾਅ ਦੇਣ ਸਬੰਧੀ ਪ੍ਰਾਰਥੀਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਇਹ ਕਰੀਅਰ ਟਾਕ ਰੋਜ਼ਗਾਰ ਵਿਭਾਗ ਦੇ ਫੇਸਬੁੱਕ ਪੇਜ ਦੇ ਲਿੰਕ ਹਟਟਪਸ://ਡਬ.ਮਏ/ਏ/19ਰਸ਼ੌਗਫਲ਼ਖ 'ਤੇ ਲਾਈਵ ਚੱਲੇਗਾ। ਜੋ ਵੀ ਪ੍ਰਾਰਥੀ ਇਸ ਕਰੀਅਰ ਟਾਕ ਦਾ ਫਾਇਦਾ ਲੈਣਾ ਚਾਹੁੰਦੇ ਹਨ, ਉਨ੍ਹਾਂ ਨੂੰ ਅਪੀਲ ਕਰਦੇ ਹੋਏ ਜਿਲ੍ਹਾ ਰੋਜ਼ਗਾਰ ਅਫਸਰ ਨੇ ਕਿਹਾ ਕਿ ਪ੍ਰਾਰਥੀ ਘਰ ਬੈਠੇ ਹੀ ਆਪਣੇ ਫੇਸਬੁੱਕ ਅਕਾਊਂਟ ਤੋਂ ਰੋਜ਼ਗਾਰ ਵਿਭਾਗ ਦੇ ਫੇਸਬੁੱਕ ਪੇਜ਼ ਦੇ ਲਿੰਕ ਹਟਟਪਸ://ਡਬ.ਮਏ/ਏ/19ਰਸ਼ੌਗਫਲ਼ਖ ਰਾਹੀਂ ਇਸ ਕਰੀਅਰ ਟਾਕ ਵਿੱਚ ਹਿੱਸਾ ਲੈਣ ਅਤੇ ਇਸ ਕਰੀਅਰ ਟਾਕ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।

# ਸ਼ੋਰੀ ਨੇ ਵੱਡੇ ਡਾਕਖਾਨੇ ਵਿਖੇ ਪੋਸਟ ਮਾਸਟਰ ਦਾ ਅਹੁਦਾ ਸੰਭਾਲਿਆ

ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)-ਇਥੇ ਵੱਡੇ ਡਾਕਖ਼ਾਨੇ ਵਿਖੇ ਸੰਜੀਵ ਕੁਮਾਰ ਸ਼ੋਰੀ ਨੇ ਪੋਸਟ ਮਾਸਟਰ ਦਾ ਅਹੁਦਾ ਸੰਭਾਲਿਆ। ਉਹ ਇਸ ਤੋਂ ਪਹਿਲਾਂ ਚੰਡੀਗੜ੍ਹ, ਲੁਧਿਆਣਾ ਅਤੇ ਹੋਰ ਕਈ ਡਾਕਖਾਨਿਆਂ ਵਿੱਚ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਡਾਕਖਾਨੇ ਨਾਲ ਸਬੰਧਤ ਕੋਈ ਵੀ ਮੁਸ਼ਕਿਲ ਹੁਸ਼ਿਆਰਪੁਰ ਵਾਸੀਆਂ ਨੂੰ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਅਸਿਸਟੈਂਟ ਅਕਾਊਂਟ ਅਫ਼ਸਰ ਕਪੂਰਥਲਾ ਅਮਰਪ੍ਰੀਤ ਸਿੰਘ, ਜੂਨੀਅਰ ਅਕਾਊਂਟੈਂਟ ਕਪੂਰਥਲਾ ਨਰਿੰਦਰ ਕੁਮਾਰ, ਏ.ਐਸ.ਪੀ. ਗੜ੍ਹਸ਼ੰਕਰ ਤਜਿੰਦਰਪਾਲ ਸਿੰਘ, ਇੰਸਪੈਕਟਰ ਪੋਸਟ ਆਫਿਸ ਹੁਸ਼ਿਆਰਪੁਰ ਸੁਨੀਲ ਨਿਰੋਤਰਾ ਤੇ ਰਿਟਾਇਰ ਸੀਨਿਅਰ ਪੋਸਟ ਮਾਸਟਰ ਹੁਸ਼ਿਆਰਪੁਰ ਸੁਰਿੰਦਰ ਪਾਲ ਹਾਜਰ ਸਨ।

# ਅਕਾਲੀ-ਬਸਪਾ ਗਠਜੋੜ ਉਮੀਦਵਾਰ ਡਾ. ਸੁਖੀ ਦੀ ਜਿੱਤ ਯਕੀਨੀ - ਵਲਟੋਹਾ



**ਕਾਲਾ ਸੰਘਿਆਂ (ਮਨਜੀਤ ਮਾਨ)** ਸ਼੍ਰੋਮਣੀ ਅਕਾਲੀ ਦਲ ਦੀ ਮਜਬੂਤੀ ਤੇ ਪਾਰਟੀ ਨੂੰ ਹੋਰ ਹੁਲਾਰਾ ਦੇਣ ਲਈ ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਵੱਲੋਂ ਪਿੰਡ ਅਠੋਲਾ ਵਿਖੇ ਉੱਘੇ ਸਮਾਜ ਸੇਵਕ ਤੇ ਪ੍ਰਵਾਸੀ ਭਾਰਤੀ ਫਤਿਹ ਸਿੰਘ ਸੋਹਲ ਦੇ ਗ੍ਰਹਿ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਤੇ ਆਗੂਆਂ ਦਾ ਭਾਰੀ ਇਕੱਠ ਕੀਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਦੇ ਸੁਪਰੀਮੋ ਉੱਘੇ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਦੇ ਜਾਣ ਨਾਲ ਪਾਰਟੀ ਨੂੰ ਬਹੁਤ ਵੱਡਾ ਘਾਟਾ ਪਿਆ ਹ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਨੂੰ ਮਜਬੂਤ ਕਰਨ ਲਈ ਉਹ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਜਲੰਧਰ ਦੀ ਲੋਕ ਸਭਾ ਦੀ ਜਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਗਠਜੋੜ ਦੇ ਸਾਂਝੇ ਉਮੀਦਵਾਰ ਡਾਕਟਰ ਸੁਖਵਿੰਦਰ ਸਿੰਘ ਸੁੱਖੀ ਨੂੰ ਭਾਰੀ ਲੀਡ ਨਾਲ ਜਿਤਾਉਣ। ਇਸ ਮੌਕੇ ਜਥੇਦਾਰ ਹਰਬੰਸ ਸਿੰਘ ਮੰਡ , ਮਨਜੀਤ ਸਿੰਘ ਸੋਹਲ , ਕੁੰਦਨ ਸਿੰਘ ਬਗੋਤਾ , ਸੰਭੂ ਹਲਵਾਈ , ਜੱਸ ਅਠੋਲਾ , ਸੁਖਦੇਵ ਸਿੰਘ , ਬਲਵਿੰਦਰ ਸਿੰਘ ਤੋਂ ਇਲਾਵਾ ਹੋਰ ਆਗੂ ਹਾਜਰ ਸਨ।

# ਗੁਰਦੀਪ ਸਿੰਘ ਕੰਗ ਨੂੰ ਮਿਲਿਆ ਇੰਟਰਨੈਸ਼ਨਲ ਜੈਮ ਐਵਾਰਡ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡ )** ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਵੱਲੋਂ ਬੀਤੇ ਦਿਨ ਹੋਟਲ ਪ੍ਰਭਾਤ ਰਾਇਲ ਮੰਡੀ ਗੋਬਿੰਦਗੜ੍ਹ ਵਿਖੇ ਕਰਵਾਈ ਗਈ ਰਾਸ਼ਟਰੀ ਕਾਨਫਰੰਸ ਦੌਰਾਨ ਫਾਊਂਡੇਸ਼ਨ ਦੇ ਸਟੇਟ ਡਾਇਰੈਕਟਰ ਗੁਰਦੀਪ ਸਿੰਘ ਕੰਗ ਨੂੰ ਸਮਾਜ ਪ੍ਰਤੀ ਸ਼ਾਨਦਾਰ ਸੇਵਾਵਾਂ ਨਿਭਾਉਣ ਲਈ ਇੰਟਰਨੈਸ਼ਨਲ ਜੈਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਗੁਰਦੀਪ ਸਿੰਘ ਕੰਗ ਅਨੁਸਾਰ ਫਾਊਂਡੇਸ਼ਨ ਦੇ ਪ੍ਰਧਾਨ ਨਰਿੰਦਰ ਅਰੋੜਾ ਦੀ ਦੇਖ-ਰੇਖ ਹੇਠ ਕਰਵਾਏ ਗਏ ਸਮਾਗਮ ਦੌਰਾਨ ਉਨ੍ਹਾਂ ਨੂੰ ਇਹ ਐਵਾਰਡ ਪ੍ਰਸਿੱਧ ਫਿਲਮ ਅਦਾਕਾਰ ਰਜ਼ਾ ਮੁਰਾਦ ਨੇ ਭੇਟ ਕੀਤਾ। ਉਨ੍ਹਾਂ ਦੇ ਨਾਲ ਅਭਿਨੇਤਾ ਅਵਤਾਰ ਗਿੱਲ, ਰਾਕੇਸ਼ ਬੇਦੀ ਅਤੇ ਵਿਜੇ ਟੰਡਨ ਸੈਲੀਬ੍ਰਿਟੀ ਮਹਿਮਾਨਾਂ ਵਜੋਂ ਮੌਜੂਦ ਸਨ। ਪ੍ਰੋਗਰਾਮ ਦੀ ਪ੍ਰਧਾਨਗੀ ਫਾਊਂਡੇਸ਼ਨ ਦੇ ਇੰਟਰਨੈਸ਼ਨਲ ਡਾਇਰੈਕਟਰ ਰਣਜੋਧ ਸਿੰਘ ਅਤੇ ਨੈਸ਼ਨਲ ਡਾਇਰੈਕਟਰ ਡਾ: ਬਲਬੀਰ ਸਿੰਘ ਨੇ ਕੀਤੀ। ਰਜ਼ਾ ਮੁਰਾਦ ਨੇ ਗੁਰਦੀਪ ਸਿੰਘ ਕੰਗ ਵੱਲੋਂ ਕੀਤੀ ਜਾ ਰਹੀ ਸਮਾਜ ਸੇਵਾ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਬਹੁਤ ਘੱਟ ਲੋਕ ਹੁੰਦੇ ਹਨ ਜੋ ਕੁਦਰਤ ਦੀ ਤਰਫੋਂ ਦੂਜਿਆਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਕਰਦੇ ਹਨ। ਉਨ੍ਹਾਂ ਫਾਊਂਡੇਸ਼ਨ ਵਲੋਂ ਸਮਾਜ ਵਿੱਚੋਂ ਭ੍ਰਿਸ਼ਟਾਚਾਰ ਵਰਗੀ ਬੁਰਾਈ ਨੂੰ ਜੜ੍ਹੋਂ ਖ਼ਤਮ ਕਰਨ ਵਿੱਚ ਨਿਭਾਈ ਜਾ ਰਹੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਸਮਾਗਮ ਦੌਰਾਨ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਜਾਗਰੂਕਤਾ ਲਈ ਕੰਮ ਕਰ ਰਹੇ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਦੇ ਪ੍ਰਮੁੱਖ ਆਗੂਆਂ ਨੂੰ ਵੀ ਐਵਾਰਡ ਨਾਲ ਸਨਮਾਨਤ ਕਰਦੇ ਹੋਏ ਹੌਸਲਾ ਅਫਜਾਈ ਕੀਤੀ ਗਈ। ਕੰਗ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ ਸਾਰੇ ਰਾਜਾਂ ਦੇ ਮੁੱਖ ਅਹੁਦੇਦਾਰਾਂ ਨੇ ਭਾਗ ਲਿਆ, ਜਿਨ੍ਹਾਂ ਨੂੰ ਭ੍ਰਿਸ਼ਟਾਚਾਰ ਜਾਗਰੂਕਤਾ ਸਬੰਧੀ ਸਿਖਲਾਈ ਦਿੱਤੀ ਗਈ। ਕੰਗ ਨੂੰ ਅੰਤਰਰਾਸ਼ਟਰੀ ਜੈਮ ਅਵਾਰਡ ਨਾਲ ਸਨਮਾਨਿਤ ਕੀਤੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪਰਮਜੀਤ ਸਿੰਘ ਦੂਆ ਨੈਸ਼ਨਲ ਡਾਇਰੈਕਟਰ ਵਿਜੀਲੈਂਸ ਐਂਡ ਕਰਾਈਮ ਸੈੱਲ, ਗਗਨਦੀਪ ਮਲਹੋਤਰਾ ਨੈਸ਼ਨਲ ਡਾਇਰੈਕਟਰ, ਲਾਇਨਜ਼ ਇੰਟਰਨੈਸ਼ਨਲ 321-ਡੀ ਡਿਸਟ੍ਰਿਕਟ ਗਵਰਨਰ ਲਾਇਨ ਦਵਿੰਦਰਪਾਲ ਅਰੋੜਾ, ਜ਼ੋਨ ਚੇਅਰਮੈਨ ਲਾਇਨ ਅਤੁਲ ਜੈਨ, ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਪ੍ਰਧਾਨ ਸੁਨੀਲ ਢੀਂਗਰਾ, ਆਸ਼ੂ ਮਾਰਕੰਡਾ, ਰਵੀ ਕੁਮਾਰ, ਸ਼ਿਆਮ ਰਸੋਈ ਦੇ ਸੰਚਾਲਕ ਪੰਡਿਤ ਜੁਗਲ ਕਿਸ਼ੋਰ ਅਤੇ ਸ਼੍ਰੀ ਸ਼ਿਆਮ ਸੇਵਾ ਦਲ ਫਗਵਾੜਾ ਦੇ ਪ੍ਰਧਾਨ ਸੁਮਿਤ ਭੰਡਾਰੀ ਸਮੇਤ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਉਹਨਾਂ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ ਹਨ।

# ਸੋਲਜਰ ਜੀ ਐੱਨ ਐੱਮ ਵਿਦਿਆਰਥੀਆਂ ਨੇ ਮਨਾਇਆ ਵਿਸ਼ਵ ਰੈੱਡ ਕਰਾਸ ਦਿਵਸ




**ਜਲੰਧਰ (ਇਕਬਾਲ ਸਿੰਘ ਉੱਭੀ)**-,- ਸੇਂਟ ਸੋਲਜਰ ਨਰਸਿੰਗ ਟ੍ਰੈਨਿੰਗ ਇੰਸਟੀਚਿਊਟ ਖਾਂਬਰਾ ਵਿੱਚ ਜੀ.ਐਨ.ਐਮ ਵਿਦਿਆਰਥੀਆਂ ਵਲੋਂ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ ਗਿਆ। ਜਿਸ ਵਿੱਚ ਪ੍ਰਿੰਸੀਪਲ ਸ਼੍ਰੀਮਤੀ ਨੀਰਜ ਸੇਠੀ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਵਿਦਿਆਰਥੀਆਂ ਨੇ ਪੀੜਤ ਮਨੁੱਖਤਾ ਦੀ ਸੇਵਾ ਬਿਨਾਂ ਭੇਦਭਾਵ ਦੇ ਕਰਦੇ ਰਹਿਣ ਦਾ ਵਿਚਾਰ ਦੇਣ ਵਾਲੇ ਅਤੇ ਰੈਡ ਕਰਾਸ ਅਭਿਆਨ ਨੂੰ ਜਨਮ ਦੇਣ ਵਾਲੇ ਮਹਾਨ ਮਨੁੱਖਤਾ ਪ੍ਰੇਮੀ ਜੀਨ ਹੇਨਰੀ ਡਿਊਨੇਂਟ ਨੂੰ ਸ਼ਰਧਾਂਜਲੀ ਦਿੰਦੇ ਹੋਏ ਮਨੁੱਖਤਾ ਦੀ ਸੇਵਾ ਕਰਨ ਦਾ ਪ੍ਰਣ ਲਿਆ। ਵਿਦਿਆਰਥੀਆਂ ਮਾਨਸੀ, ਸੁਰਿੰਦਰ, ਵਿਸ਼ਾਲ, ਪ੍ਰਿਆ, ਰਿਤੀਕਾ, ਰਾਜਦੀਪ, ਬਿਕਾਸ਼, ਕਮਲ, ਰਾਜਵਿੰਦਰ, ਅੰਜਲੀ ਆਦਿ ਨੇ ਪੋਸਟਰਸ/ਸਲੋਗਨਸ ਬਣਾ ਸਭ ਨੂੰ ਇਸਦੇ ਪ੍ਰਤੀ ਜਾਗਰੂਕ ਕੀਤਾ। ਪ੍ਰਿੰਸੀਪਲ ਸ਼੍ਰੀਮਤੀ ਨੀਰਜ ਸੇਠੀ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦੇ ਹੋਏ ਦੱਸਿਆ ਕਿ ਰੈੱਡ ਕਰਾਸ ਵਲੋਂ ਚਲਾਏ ਗਏ ਖ਼ੂਨਦਾਨ ਜਾਗਰੂਕਤਾ ਅਭਿਆਨ ਦੇ ਕਾਰਨ ਹੀ ਅੱਜ ਥੈਲੇਸਿਮਿਆ, ਕੈਂਸਰ, ਐਨੀਮਿਆ ਵਰਗੀਆਂ ਅਨੇਕਾਂ ਜਾਨਲੇਵਾ ਬਿਮਾਰੀਆਂ ਤੋਂ ਹਜਾਰਾਂ ਲੋਕਾਂ ਦੀ ਜਾਨ ਬਚ ਰਹੀ ਹੈ। ਵਾਇਸ ਚੇਅਰਪ੍ਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦੇ ਹੋਏ ਸਭ ਨੂੰ ਇਸ ਮੁਹਿੰਮ ਵਿੱਚ ਸਾਥ ਦੇਣ ਨੂੰ ਕਿਹਾ।

# ਇੱਕ ਰੋਜ਼ਾ ਖੇਡ ਉਤਸਵ ਦੌਰਾਨ ਅਥਲੈਟਿਕਸ ਤੇ ਫੁੱਟਬਾਲ ਮੁਕਾਬਲੇ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**-ਸਿੱਖਿਆ ਵਿਭਾਗ ਵੱਲੋਂ ਜਾਰੀ ਖੇਡ ਉਤਸਵ ਪ੍ਰੋਗ੍ਰਾਮ ਤਹਿਤ ਨਜਦੀਕੀ ਪਿੰਡ ਲੁਠੇੜੀ ਵਿਖੇ ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਦੀ ਸੁਯੋਗ ਅਗਵਾਈ ਅਤੇ ਸੀਨੀਅਰ ਲੈਕਚਰਾਰ ਦਵਿੰਦਰ ਸਿੰਘ ਮਕੜੌਨਾ ਦੀ ਦੇਖਰੇਖ ਹੇਠ ਸੁਰਮੁੱਖ ਸਿੰਘ ਡੀ ਪੀ ਈ ਅਤੇ ਹਰਿੰਦਰ ਕੁਮਾਰ ਕਾਇਨੌਰ ਵੋਕੇਸਨਲ ਮਾਸਟਰ ਦੀ ਪਹਿਲਕਦਮੀ ਸਦਕਾ ਇੱਕ ਰੋਜਾ ਖੇਡ ਉਤਸਵ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਖੇਡ ਉਤਸਵ ਦੀ ਸ਼ੁਰੂਆਤ ਵਿਦਿਆਰਥੀਆਂ ਦੇ ਹਾਊਸਵਾਈਜ ਮਾਰਚ ਪਾਸਟ ਨਾਲ ਹੋਈ, ਜਿਸਦੀ ਸਲਾਮੀ ਸੀਨੀਅਰ ਲੈਕਚਰਾਰ ਦਵਿੰਦਰ ਸਿੰਘ ਮਕੜੌਨਾ ਨੇ ਲਈ। ਇਸ ਸਮਾਗਮ ਦੌਰਾਨ ਅਥਲੈਟਿਕਸ ਮੁਕਾਬਲਿਆਂ ਦੇ ਨਾਲ ਨਾਲ ਵੱਖ ਵੱਖ ਉਮਰ ਵਰਗਾਂ ਦੇ ਕੁੜੀਆਂ ਅਤੇ ਮੁੰਡਿਆਂ ਦੇ ਫੁੱਟਬਾਲ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਗਈ ।

ਇਸ ਮੌਕੇ ਲੈਕ. ਦਵਿੰਦਰ ਸਿੰਘ ਮਕੜੌਨਾ , ਮਧੂ ਬਾਲਾ , ਸਰੀਨਾ ਰਾਏ, ਡਾ. ਬਲਜੀਤ ਕੌਰ , ਕੁਲਦੀਪ ਕੌਰ , ਸਰੀਨਾ ਰਾਏ , ਮੋਨਿਕਾ ਸ਼ਰਮਾ , ਸੁਰਮੁੱਖ ਸਿੰਘ , ਲਖਵਿੰਦਰ ਸਿੰਘ , ਮਨਿੰਦਰ ਚੱਢਾ , ਜਸਵਿੰਦਰ ਕੌਰ , ਅਮਨਪ੍ਰੀਤ ਕੌਰ ,ਵਰਿੰਦਰ ਵਰਮਾ , ਮੋਨਿਕਾ ,ਗੁਰਬਾਜ ਸਿੰਘ , ਦਵਿੰਦਰਪਾਲ ਸਿੰਘ ਬਰਾੜ , ਮੋਨਿਕਾ , ਹਰਿੰਦਰ ਕੁਮਾਰ ਰਾਏ ਕਾਇਨੌਰ , ਗੁਰਮਿੰਦਰ ਸਿੰਘ ਹੁੰਦਲ ਪਮੌਰ ( ਖੇੜੀ ਚੌਕ ) , ਲਖਵੀਰ ਸਿੰਘ ਰੰਗੀਆਂ ਲਾਇਬ੍ਰੇਰੀਅਨ, ਸੁਸ਼ਮਿਤਾ ਅਤੇ ਸਤਪਾਲ ਸਿੰਘ ਸਮੇਤ ਸਮੂਹ ਵਿਦਿਆਰਥੀ ਹਾਜਰ ਸਨ ।

# ਸੰਤ ਬਾਬਾ ਬਿਸ਼ਨ ਸਿੰਘ ਦੀ 68ਵੀਂ ਬਰਸੀ ਮੌਕੇ ਗੁਰਮਤਿ ਸਮਾਗਮ ਤੇ ਮੁਫਤ ਮੈਡੀਕਲ ਕੈਂਪ





**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**—ਡੇਰਾ ਬਿਸ਼ਨਪੁਰੀ ਪਿੰਡ ਨੰਗਲ ਖੁਰਦ ਵਿਖੇ ਸ੍ਰੀਮਾਨ 108 ਸੰਤ ਬਾਬਾ ਬਿਸ਼ਨ ਸਿੰਘ ਜੀ ਦੀ 68ਵੀਂ ਸਾਲਾਨਾ ਬਰਸੀ 'ਤੇ ਗੁਰਮਤਿ ਸੰਤ ਸਮਾਗਮ ਅਤੇ ਕੀਰਤਨ ਕਰਵਾਇਆ ਗਿਆ। ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਏ ਗਏ, ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿਚ ਸਮੂੰਹ ਸੰਪਰਦਾਵਾਂ ਦੇ ਸੰਤਾਂ-ਮਹਾਂਪੁਰਸਾਂ ਤੇ ਮਹਾਨ ਸਖਸ਼ੀਅਤਾਂ ਨੇ ਸੰਤ ਬਾਬਾ ਬਿਸਨ ਸਿੰਘ ਜੀ ਦੇ ਪਰਉਪਕਾਰੀ ਕਾਰਜਾਂ ਤੋਂ ਆਪਣੇ ਪ੍ਰਵਚਨਾ ਰਾਹੀਂ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਡੇਰਾ ਲੋਹ ਲੰਗਰ ਕੁਟੀਆ ਬਿਸ਼ਨਪੁਰੀ ਵੱਲੋਂ ਮੁਫਤ ਆਯੁਰਵੈਦਿਕ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿੱਚ ਵੈਦ ਸੰਜੀਵ ਕੁਮਾਰ ਨੇ ਮਰੀਜਾਂ ਦੀਆਂ ਬਿਮਾਰੀਆਂ ਦਾ ਚੈੱਕਅੱਪ ਕਰਕੇ ਉਨਾਂ ਨੂੰ ਦਵਾਈਆਂ ਦਿੱਤੀਆਂ। ਇਸ ਮੌਕੇ ਸੰਤ ਸੰਤੋਖ ਸਿੰਘ ਪਾਲਦੀ ਸੰਤ ਮਹਾਂ ਵੀਰ ਸਿੰਘ ਤਾਜੇਵਾਲ, ਸੰਤ ਪ੍ਰੀਤਮ ਸਿੰਘ ਬਾੜੀਆ, ਸੰਤ ਕਰਮਜੀਤ ਸਿੰਘ ਹੁਸ਼ਿਆਰਪੁਰ, ਸੰਤ ਬਲਜੀਤ ਸਿੰਘ, ਸੰਤ ਅਮਰੀਕ ਸਿੰਘ, ਸੰਤ ਹਰੀ ਦਾਸ ਧੂਣੇ ਵਾਲੇ, ਸੰਤ ਅਮਰਜੀਤ ਸਿੰਘ ਡੇਰਾ ਸੰਤਗੜ੍ਹ ਹਰਖੋਵਾਲ ਸੰਤ ਜੋਗਿੰਦਰ ਸਿੰਘ ਅਟਾਰੀ, ਸੰਤ ਕਸਮੀਰ ਸਿੰਘ ਨੇਕੀ ਵਾਲੇ, ਸੰਤ ਚਮਕੌਰ ਸਿੰਘ ਲੋਹਗੜ੍ਹ, ਸੰਤ ਕ੍ਰਿਪਾਲ ਦਾਸ ਭਾਰਟਾ, ਸੰਤ ਗੁਰਪ੍ਰੀਤ ਸਿੰਘ, ਸਵਾਮੀ ਵਿਸਵ ਭਾਰਤੀ ਲੁਧਿਆਣਾ, ਸਵਾਮੀ ਅੰਬਿਕਾ, ਸੰਤ ਮੱਖਣ ਸਿੰਘ ਟੂਟੋਮਜਾਰਾ, ਸੰਤ ਬਲਵੀਰ ਸਿੰਘ ਸਾਸਤਰੀ ਟੂਟੋਮਜਾਰਾ, ਸੰਤ ਹਰਮੀਤ ਸਿੰਘ ਬਣਾ ਸਾਹਿਬ, ਸੰਤ ਪ੍ਰੀਤਮ ਸਿੰਘ ਡੁਮੇਲੀ, ਸੰਤ ਦਰਸਨ ਸਿੰਘ, ਸੰਤ ਗੁਰਬਚਨ ਸਿੰਘ ਪਠਲਾਵਾ, ਸੰਤ ਗੁਰਬਾਜ ਸਿੰਘ ਜਫਰਵਾਲ, ਸੰਤ ਚਮਕੌਰ ਸਿੰਘ ਲੋਪੋ, ਸੰਤ ਹਾਕਮ ਸਿੰਘ ਬਰਨਾਲਾ, ਸੰਤ ਹਰਪ੍ਰੀਤ ਸਿੰਘ ਸੇਰਪੁਰ, ਸੰਤ ਅਮਰੀਕ ਸਿੰਘ ਮੰਨਣਹਾਨਾ, ਸੰਤ ਤਰਲੋਚਨ ਸਿੰਘ ਸਾਹਪੁਰ, ਸੰਤ ਬਲਵੀਰ ਸਿੰਘ ਟਿੱਬਾ ਸਾਹਿਬ, ਸੰਤ ਸਰਵਣ ਸਿੰਘ ਜੱਬੜ, ਸੰਤ ਬਲਵੀਰ ਸਿੰਘ ਹਰਿਆਣਾ, ਨਰਿੰਦਰਜੀਤ ਸਿੰਘ ਸੈਣੀ, ਮਨਜੀਤ ਸਿੰਘ ਸੰਘਾ ਮਾਹਿਲਪੁਰੀ ਸਮੇਤ ਇਲਾਕੇ ਦੇ ਸੰਤ ਮਹਾਂਪੁਰਸ ਅਤੇ ਸੰਗਤਾਂ ਵੱਡੀ ਗਿਣਤੀ ਵਿੱਚ ਹਾਜਰ ਸਨ।

ਸਮਾਗਮ ਦੇ ਅਖੀਰ ਵਿਚ ਸੰਤ ਬਾਬਾ ਬਿਕਰਮਜੀਤ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਅਤੇ ਮਹਾਂਪੁਰਸ਼ਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

# ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਡਿਪਟੀ ਸਪੀਕਰ ਵੱਲੋਂ ਸੀਚੇਵਾਲ ਨਾਲ ਵਿਚਾਰ-ਚਰਚਾ

**ਮਾਹਿਲਪੁਰ/(ਸਫਰੀ)** - ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵਲੋਂ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨਾਲ ਗੰਭੀਰ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਓ ਐਸ ਡੀ ਚਰਨਜੀਤ ਸਿੰਘ ਚੰਨੀ ਵੀ ਹਾਜਰ ਸਨ। ਰੌੜੀ ਨੇ ਹੈਰਾਨੀ ਪ੍ਰਗਟ ਕੀਤੀ ਕਿ ਧਰਤੀ ਹੇਠਲੇ ਪਾਣੀ ਦੇ ਸਰਕਾਰੀ ਤੇ ਗੈਰ-ਸਰਕਾਰੀ ਅੰਕੜੇ ਬਹੁਤ ਚਿੰਤਾਜਨਕ ਹੋਣ ਦੇ ਬਾਵਜੂਦ ਫਸਲੀ ਚੱਕਰ ਨੂੰ ਕਿਉਂ ਨਹੀਂ ਲੋੜੀਦੀ ਪੱਧਰ ਤੱਕ ਅਪਣਾਇਆ ਜਾ ਰਿਹਾ। ਉਨ੍ਹਾਂ ਹਰ ਸਾਲ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਕਾਰਨ ਪਾਣੀ ਦੇ ਪੱਧਰ 'ਚ ਇਕ ਮੀਟਰ ਤੋਂ ਵੀ ਵੱਧ ਦੀ ਹੋ ਰਹੀ ਗਿਰਾਵਟ ਨੂੰ ਰੋਕਣ ਦੀ ਲੋੜ ਉਤੇ ਜੋਰ ਦਿੰਦਿਆਂ ਕਿਹਾ ਕਿ ਕਿਸਾਨਾਂ ਨੂੰ ਨਹਿਰੀ ਪਾਣੀ ਨਾਲ ਸਿੰਚਾਈ ਕਰਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੰਢੀ ਨਹਿਰ ਵਿਚ ਵਾਅਦੇ ਅਨੁਸਾਰ ਪਾਣੀ ਛੱਡ ਦਿੱਤਾ ਹੈ ਅਤੇ ਕਿਸਾਨਾਂ ਦੇ ਖੇਤਾਂ ਤੱਕ ਪਾਣੀ ਪਹੁੰਚਾਉਣ ਲਈ ਖਾਲਿਆਂ ਦੀ ਸਫਾਈ ਵੀ ਕਰਵਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਿੰਬਲੀ ਤੋਂ ਜਲੰਧਰ ਤੱਕ ਚਿਟੀ ਵੇਈਂ ਦੀ ਮੁੜ ਉਸਾਰੀ ਦਾ ਕੰਮ ਵੀ ਜਲਦ ਸ਼ੁਰੂ ਕਰਵਾਇਆ ਜਾ ਰਿਹਾ ਹੈ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਾਫੀ ਮੱਦਦਗਾਰ ਸਾਬਤ ਹੋਵੇਗੀ। ਉਹਨਾਂ ਕਿਹਾ ਕਿ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੂੰ ਪਾਣੀ ਨੂੰ ਬਚਾਉਣ ਤੇ ਸਾਫ ਕਰਨ ਦਾ ਵੱਡਾ ਤਜਰਬਾ ਹੈ। ਉਨ੍ਹਾਂ ਕਿਹਾ ਕਿ ਸੰਤ ਸੀਚੇਵਾਲ ਮਾਡਲ ਹਰ ਪਿੰਡ ਨੂੰ ਅਪਣਾਉਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਅਸੀਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਸੁਹਿਰਦ ਯਤਨ ਨਾ ਕੀਤੇ ਤਾਂ 2039 ਤੱਕ ਪੰਜਾਬ ਦਾ ਧਰਤੀ ਹੇਠਲਾ ਪਾਣੀ ਖਤਮ ਹੋਣ ਦੇ ਕਿਨਾਰੇ ਹੋਵੇਗਾ।

# ਤਰਕਸ਼ੀਲ ਸੁਸਾਇਟੀ ਦੀ ਮੀਟਿੰਗ ਹੋਈ

**ਬਹਿਰਾਮ (ਅਵਤਾਰ ਕਲੇਰ)**- ਤਰਕਸ਼ੀਲ ਸੁਸਾਇਟੀ ਪੰਜਾਬ ਰਜਿ ਇਕਾਈ ਬੰਗਾ ਦੀ ਹੰਗਾਮੀ ਮੀਟਿੰਗ ਹਰਜਿੰਦਰ ਸੂੰਨੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਦੇਸ਼ ਅੰਦਰ ਭਖਦੇ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਦੇਸ਼ ਦੇ ਬੁੱਧੀਜੀਵੀਆਂ, ਖਿਡਾਰੀਆਂ, ਲੇਖਕਾਂ, ਸਮਾਜਕ ਕਾਰਕੁੰਨਾਂ, ਇਸਾਈਆਂ, ਘੱਟ ਗਿਣਤੀਆਂ, ਜਮਹੂਰੀ ਅਤੇ ਇਨਸਾਫ ਪਸੰਦ ਜਨਤਕ ਜਥੇਬੰਦੀਆਂ ਦੇ ਕਾਰਕੁੰਨਾਂ ਨਾਲ ਹੋ ਰਹੇ ਫਾਸ਼ੀਵਾਦੀ ਹਮਲਿਆਂ ਪ੍ਰਤੀ ਚਿੰਤਾ ਜ਼ਾਹਰ ਕੀਤੀ ਗਈ। ਸੁਸਾਇਟੀ ਦੇ ਆਗੂਆਂ ਨੇ ਜੰਤਰ ਮੰਤਰ 'ਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਧਰਨਾ ਦੇ ਰਹੇ ਪਹਿਲਵਾਨਾਂ ਨੂੰ ਦਿੱਲੀ ਪੁਲਸ ਵਲੋਂ ਕੁੱਟਮਾਰ ਕਰਕੇ ਉਨ੍ਹਾਂ ਨੂੰ ਗੰਭੀਰ ਜ਼ਖਮੀ ਕਰਨ ਅਤੇ ਧੱਕੇ ਨਾਲ ਧਰਨਾ ਖਤਮ ਕਰਵਾਉਣ ਦੀ ਗੈਰ ਕਾਨੂੰਨੀ ਅਤੇ ਤਾਨਾਸ਼ਾਹੀ ਕਾਰਵਾਈ ਦਾ ਸਖਤ ਵਿਰੋਧ ਕਰਦਿਆਂ ਦੋਸ਼ੀ ਪੁਲਸ ਮੁਲਾਜ਼ਮਾਂ ਅਤੇ ਅਧਿਕਾਰੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨ ਅਤੇ ਮੁੱਖ ਮੁਲਜ਼ਮ ਬ੍ਰਿਜ ਭੂਸ਼ਨ ਅਤੇ ਹੋਰਨਾਂ ਮੁਲਜ਼ਮਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖਤ ਸਜ਼ਾ ਦੇਣ ਦੀ ਜ਼ੋਰਦਾਰ ਮੰਗ ਕੀਤੀ ਹੈ। ਇਸ ਦੇ ਨਾਲ ਹੀ ਸੁਸਾਇਟੀ ਨੇ ਮੁਲਕ ਦੀਆਂ ਸਮੂਹ ਖੇਡ ਫੈਡਰੇਸ਼ਨਾਂ 'ਚੋਂ ਸਿਆਸੀ ਆਗੂਆਂ ਅਤੇ ਉੱਚ ਅਧਿਕਾਰੀਆਂ ਨੂੰ ਤੁਰੰਤ



ਬਰਖਾਸਤ ਕਰਕੇ ਸਿਰਫ ਖਿਡਾਰੀਆਂ ਨੂੰ ਹੀ ਨਾਮਜ਼ਦ ਕਰਨ ਦੀ ਮੰਗ ਵੀ ਕੀਤੀ ਹੈ। ਤਰਕਸ਼ੀਲ ਸੁਸਾਇਟੀ ਦੇ ਆਗੂਆਂ ਮਾਸਟਰ ਜਗਦੀਸ਼ ਰਾਏਪੁਰ ਡੱਬਾ, ਮਾਸਟਰ ਪਰਮਜੀਤ ਖਮਾਚੋਂ, ਮੋਹਣ ਬੀਕਾ, ਕੁਲਵਿੰਦਰ ਖਟਕੜ ਨੇ ਪਹਿਲਵਾਨਾਂ ਦੇ ਸੰਘਰਸ਼ ਦੀ ਡਟਵੀਂ ਹਮਾਇਤ ਕਰਦਿਆਂ ਇਕ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਉੱਤੇ ਬ੍ਰਿਜ ਭੂਸ਼ਨ ਦੇ ਖਿਲਾਫ ਪੋਕਸੋ ਐਕਟ ਤਹਿਤ ਐਫ ਆਈ ਆਰ ਦਰਜ ਹੋਣ ਦੇ ਬਾਵਜੂਦ ਦਿੱਲੀ ਪੁਲਸ ਵਲੋਂ ਉਸ ਨੂੰ ਅਖੌਤੀ ਜਾਂਚ ਦੇ ਨਾਂਅ ਹੇਠ ਜਾਣਬੁੱਝ ਕੇ ਗ੍ਰਿਫਤਾਰ ਨਾ ਕਰਕੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਸਿੱਧੀ ਉਲੰਘਣਾ ਕੀਤੀ ਜਾ ਰਹੀ ਹੈ ਅਤੇ ਮੋਦੀ ਸਰਕਾਰ ਦੇ ਦਬਾਅ ਹੇਠ ਹੀ ਦਿੱਲੀ ਪੁਲਸ ਵਲੋਂ ਬ੍ਰਿਜ ਭੂਸ਼ਨ ਨੂੰ ਬਚਾਉਣ ਦੇ ਹੱਥਕੰਡੇ ਅਪਣਾਏ ਜਾ ਰਹੇ ਹਨ। ਤਰਕਸ਼ੀਲ ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ "ਬੇਟੀ ਪੜ੍ਹਾਓ ਬੇਟੀ ਬਚਾਓ" ਦੇ ਝੂਠੇ ਅਤੇ ਸਿਆਸੀ ਜੁਮਲੇ ਦਾ ਪਰਦਾਫਾਸ ਕਰਦਿਆਂ ਦੋਸ਼ ਲਾਇਆ ਕਿ ਓਲੰਪਿਕ ਮੈਡਲ ਜੇਤੂ ਔਰਤ ਪਹਿਲਵਾਨ ਪਿਛਲੇ ਚਾਰ ਮਹੀਨੇ ਤੋਂ ਆਪਣੇ ਨਾਲ ਹੋਏ ਜਿਨਸੀ ਸ਼ੋਸ਼ਣ ਦੇ ਖਿਲਾਫ ਲਗਾਤਾਰ ਕੇਂਦਰੀ ਖੇਡ ਮੰਤਰੀ ਅਤੇ ਖੇਡ ਅਧਿਕਾਰੀਆਂ ਤੱਕ ਅਵਾਜ਼ ਬੁਲੰਦ ਕਰ ਰਹੀਆਂ ਹਨ ਪਰ ਪ੍ਰਧਾਨ ਮੰਤਰੀ ਵੱਲੋਂ ਪੂਰੀ ਦੁਨੀਆ ਵਿੱਚ ਭਾਰਤ ਦਾ ਨਾਂਅ ਰੌਸ਼ਨ ਕਰਨ ਵਾਲੀਆਂ ਬੇਟੀਆਂ ਨੂੰ ਇਨਸਾਫ ਦੇਣ ਤੋਂ ਸਪੱਸ਼ਟ ਇਨਕਾਰ ਕੀਤਾ ਜਾ ਰਿਹਾ ਹੈ ਅਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਦੇ ਖਿਲਾਫ ਦਰਜਨਾਂ ਅਪਰਾਧਕ ਮਾਮਲੇ ਦਰਜ ਹੋਣ ਦੇ ਬਾਵਜੂਦ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ। ਤਰਕਸ਼ੀਲ ਆਗੂਆਂ ਨੇ ਦਿੱਲੀ ਪੁਲਸ ਵੱਲੋਂ ਔਰਤ ਪਹਿਲਵਾਨਾਂ ਦੀ ਹਮਾਇਤ 'ਚ ਰੋਸ ਪ੍ਰਦਰਸ਼ਨ ਕਰਨ ਵਾਲੀਆਂ ਦਿੱਲੀ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਉੱਤੇ ਜਬਰ ਕਰਨ, ਪ੍ਰਸਿੱਧ ਪੱਤਰਕਾਰ ਸਾਕਸ਼ੀ ਜੋਸ਼ੀ ਦੇ ਕੱਪੜੇ ਪਾੜਨ ਤੇ ਬਦਸਲੂਕੀ ਕਰਨ ਅਤੇ ਧਰਨੇ 'ਚ ਪਹੁੰਚ ਰਹੇ ਕਿਸਾਨਾਂ ਨੂੰ ਗ੍ਰਿਫਤਾਰ ਕਰਨ ਦਾ ਸਖਤ ਵਿਰੋਧ ਕਰਦਿਆਂ ਦੋਸ਼ੀ ਪੁਲਸ ਮੁਲਾਜ਼ਮਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਵੀ ਕੀਤੀ। ਉਨ੍ਹਾ ਕਿਹਾ ਕਿ ਬੀਤੇ ਸਮੇਂ ਵਿੱਚ ਉਨਾਂਓ, ਹਾਥਰਸ ਅਤੇ ਕਠੂਆ ਬਲਾਤਕਾਰ ਅਤੇ ਕਤਲ ਕਾਂਡ ਦੀਆਂ ਘਟਨਾਵਾਂ 'ਚ ਭਾਜਪਾ ਆਗੂਆਂ ਦੀ ਸ਼ਮੂਲੀਅਤ ਨੇ ਭਾਜਪਾ ਅਤੇ ਦੇਸ਼ ਨੂੰ ਕੌਮਾਂਤਰੀ ਪੱਧਰ 'ਤੇ ਕਲੰਕਿਤ ਕੀਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜੀਤ ਖਟਕੜ, ਸਤਨਾਮ ਖਟਕੜ, ਸੁਰੇਸ਼ ਕਰਨਾਣਾ, ਹਰਚਰਨ ਨੌਰਾ , ਰੂਬੀ ਬੰਗਾ, ਸੰਤੋਸ਼ ਖਟਕੜ, ਕਮਲਜੀਤ ਖਟਕੜ, ਸੁਖਵਿੰਦਰ ਗੋਗਾ, ਹਰਮਨਜੀਤ, ਧਰਮਿੰਦਰ ਮਸਾਣੀ ਅਤੇ ਕ੍ਰਿਸ਼ਨ ਹਿਉਂ ਆਦਿ ਹਾਜ਼ਰ ਸਨ।

# ਡੀ ਐੱਸ ਪੀ ਨੇ ਸੰਘਰਸ਼ ਦਲ ਨੂੰ ਜਲਦੀ ਕਾਰਵਾਈ ਕਰਨ ਦਾ ਦਿੱਤਾ ਭਰੋਸਾ

**ਭੋਗਪੁਰ:-(ਗੁਰਪ੍ਰੀਤ ਸਿੰਘ ਭੋਗਲ)**

ਇਕ ਪੱਤਰਕਾਰ ਦਾ ਮੋਬਾਈਲ ਖੋਹਣ ਵਾਲੇ ਪੁਲਸ ਮੁਲਾਜਮ ਖਿਲਾਫ 8 ਮਈ ਨੂੰ ਕਾਰਵਾਈ ਨਾ ਕਰਨ ਵਿਰੁੱਧ ਆਦਿਵਾਸੀ ਗੁਰੂ ਗਿਆਨ ਨਾਥ ਪੂਰਨ ਸੰਘਰਸ਼ ਦਲ ਭਾਰਤ ਵਲੋਂ ਐਸਐਸਪੀ ਆਫਿਸ ਦਾ ਘਿਰਾਓ ਕਰਨਾ ਸੀ ਪਰ ਡੀ.ਐਸ.ਪੀ.ਸੁਰਿੰਦਰ ਪਾਲ ਪੁਲਸ ਟੀਮ ਨਾਲ ਹਰਦੋਖਾਨਪੁਰ ਪਹੁੰਚੇ ਅਤੇ ਸੰਘਰਸ਼ ਦਲ ਨੂੰ ਕਾਰਵਾਈ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਜਲਦੀ ਹੀ ਉਹ ਉਕਤ ਸਬ ਇੰਸਪੈਕਟਰ ਦੇ ਖਿਲਾਫ ਐਕਸ਼ਨ ਲੈਣਗੇ। ਜਿਸ ਤੋਂ ਬਾਅਦ ਸੰਘਰਸ਼ ਦਲ ਭਾਰਤ ਨੇ ਕੁਝ ਦਿਨਾਂ ਲਈ ਆਪਣਾ ਪ੍ਰਦਰਸ਼ਨ ਰੋਕ ਲਿਆ। ਸੰਘਰਸ਼ ਦਲ ਦੇ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨੇ 8 ਮਈ ਨੂੰ ਇਕ ਪੱਤਰਕਾਰ ਦਾ ਮੋਬਾਈਲ ਖੋਹਣ ਵਾਲੇ ਸਬ-ਇੰਸਪੈਕਟਰ ਵਿਰੁੱਧ ਕਾਰਵਾਈ ਨਾ ਕਰਨ ਦੇ ਵਿਰੋਧ 'ਚ ਐੱਸਐੱਸਪੀ ਹੁਸ਼ਿਆਰਪੁਰ ਦਾ ਘਿਰਾਓ ਕਰਨਾ ਸੀ ਪਰ 8 ਮਈ ਨੂੰ ਡੀਐਸਪੀ ਸੁਰਿੰਦਰ ਪਾਲ ਨੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ, ਜਿਸ ਕਾਰਨ ਹੁਣ ਧਰਨਾ 22 ਮਈ ਤੱਕ ਰੋਕ ਦਿੱਤਾ ਗਿਆ ਹੈ। ਇਸ ਮੌਕੇ ਸੰਘਰਸ਼ ਦਲ



ਦੇ ਆਲ ਇੰਡੀਆ ਕੌਮੀ ਚੇਅਰਮੈਨ ਜੋਗਿੰਦਰ ਸਿੰਘ ਮਾਨ, ਸੇਠ ਥਾਪਰ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ, ਮਨਸਾ ਸਿੰਘ ਮੀਤ ਪ੍ਰਧਾਨ ਕੇਵਲ ਕ੍ਰਿਸ਼ਨ ਬਿੱਟੀ ਸੈਕਟਰ, ਸਨਮ, ਦੀਪਕ ਮੱਟੂ ਜ਼ਿਲ੍ਹਾ ਮੀਡੀਆ ਇੰਚਾਰਜ ਹੁਸ਼ਿਆਰਪੁਰ, ਮਨੋਹਰ ਸੋਨੀ ਚੇਅਰਮੈਨ ਲੇਬਰ ਸੈੱਲ ਦੋਆਬਾ, ਜਗਰੂਪ ਸਿੰਘ, ਗੁਰਦੀਪ ਸਿੰਘ ਮੋਹਾ, ਜਗਰੂਪ ਸਿੰਘ ਪਜੋਦਿਉਤਾ, ਜੋਗਿੰਦਰ ਸਿੰਘ ਸਰਪੰਚ ਪਜੋਦਿਉਤਾ , ਲਖਵਿੰਦਰ ਸਿੰਘ ਦਸੂਹਾ ਪ੍ਰਧਾਨ, ਸਤਨਾਮ ਸਿੰਘ ਬਘਾਣਾ ਫਗਵਾੜਾ ਇੰਚਾਰਜ, ਗੋਪੀ ਬਹਿਰਾਮ ਸਰਿਸਤਾ, ਜੋਨੀ ਬੁਲੋਵਾਲ, ਰਾਜ ਕੁਮਾਰ ਪੰਡੋਰੀ, ਲੱਖਾ ਲਾਚੋਵਾਲ, ਯੂਥ ਪ੍ਰਧਾਨ ਦੇਵੀ ਦਿਆਲ, ਰਿੰਕੂ ਮੱਟੂ ਸ਼ਾਮ ਚੌਰਾਸੀ, ਕਮਲ ਕੋਟਲਾ ਲਖਵਿੰਦਰ ਸਿੰਘ ਮੀਤ ਪ੍ਰਧਾਨ ਦਸੂਹਾ, ਸੰਨੀ ਸ਼ਾਮ ਚੁਰਾਸੀ ਪ੍ਰਧਾਨ ਬਸਪਾ, ਵਿਜੇ ਰਾਏਪੁਰ, ਸ਼ਾਦੀ ਲਾਲ, ਜਸਕਰਨ ਜੱਸੀ, ਧਾਮੀ, ਵਰਿੰਦਰ ਮੱਟੂ, ਸਾਗਰ ਹੰਸ ਤੋਂ ਇਲਾਵਾ ਹੋਰ ਵੀ ਹਾਜਰ ਸਨ।

# ਪੇਂਡੂ ਚੌਕੀਦਾਰਾਂ ਆਪਣੀਆਂ ਮੰਗਾਂ ਦੇ ਹੱਕ 'ਚ ਸੂਬਾ ਸਰਕਾਰ ਖਿਲਾਫ ਕੀਤਾ ਰੋਸ ਪ੍ਰਦਰਸ਼ਨ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ,ਉਂਕਾਰ ਸਿੰਘ)**- ਲਾਲ ਝੰਡਾ ਪੇਂਡੂ ਚੌਂਕੀਦਾਰ ਯੂਨੀਅਨ (ਸੀਟੂ) ਪੰਜਾਬ ਵੱਲੋਂ ਆਪਣੀਆਂ ਮੰਗਾਂ ਦੇ ਹੱਕ 'ਚ ਅਵਾਜ ਬੁਲੰਦ ਕਰਦਿਆਂ ਟਾਂਡਾ ਵਿਖੇ ਸੂਬਾ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਯੂਨੀਅਨ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਨੀਲੋਂ ਤੇ ਸੂਬਾ ਜਨਰਲ ਸਕੱਤਰ ਦੇਵੀ ਦਾਸ ਮਿਆਣੀ, ਤਹਿਸੀਲ ਪ੍ਰਧਾਨ ਟਾਂਡਾ ਉੜਮੁੜ ਜੋਗਿੰਦਰ ਗਿੱਲ ਦੀ ਅਗਵਾਈ ਹੋਏ ਇਸ ਰੋਸ ਪ੍ਰਦਰਸ਼ਨ ਦੌਰਾਨ ਵੱਖ-ਵੱਖ ਪਿੰਡਾਂ ਤੋਂ ਇਕੱਤਰ ਹੋਏ ਪੇਂਡੂ ਚੌਕੀਦਾਰਾਂ ਨੇ ਉਨ੍ਹਾਂ ਦੀਆਂ ਮੰਗਾਂ ਸੂਬਾ ਸਰਕਾਰ ਵੱਲੋਂ ਨਾ ਮੰਨਣ ਦੇ ਵਿਰੋਧ ਵਿੱਚ ਸਰਕਾਰ ਖਿਲਾਫ ਰੋਹ ਭਰਪੂਰ ਨਾਅਰੇਬਾਜੀ ਕੀਤੀ। ਸੂਬਾ ਪ੍ਰਧਾਨ ਪਰਮਜੀਤ ਸਿੰਘ ਨੀਲੋਂ ਨੇ ਕਿਹਾ ਕਿ ਪੇਂਡੂ ਚੌਕੀਦਾਰਾਂ ਵੱਲੋਂ ਆਪਣੀਆਂ ਵੱਖ-ਵੱਖ ਮੰਗਾਂ ਜਿਵੇਂ ਕਿ ਹਰਿਆਣਾ ਦੀ ਤਰਜ ਤੇ ਪੇਂਡੂ ਚੌਕੀਦਾਰਾਂ ਦੀ ਤਨਖਾਹ 7500 ਰੁ.ਪ੍ਰਤੀ ਮਹੀਨਾ ਕਰਨਾ, ਚੌਕੀਦਾਰਾਂ ਨੂੰ ਡਿਊਟੀ ਕਰਨ ਲਈ ਮੌਸਮ ਅਨੁਸਾਰ ਦੋ ਵਰਦੀਆਂ ਤੇ ਹੋਰ ਲੋੜੀਂਦਾ ਸਮਾਨ ਦੇਣਾ, ਪਿੰਡਾਂ ਵਿਚ 5-5 ਮਰਲੇ ਦੇ ਪਲਾਟ ਦੇਣਾ, ਜਨਮ ਅਤੇ ਮੌਤ ਨਾਲ ਸਬੰਧਤ ਰਜਿਸਟ੍ਰੇਸ਼ਨ ਕਰਨ ਦਾ ਅਧਿਕਾਰ ਦੇਣ ਦੀ ਮੰਗ ਨੂੰ ਲੈ ਕੇ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ, ਪ੍ਰੰਤੂ ਪਹਿਲਾਂ ਦੀ ਕਾਂਗਰਸ ਸਰਕਾਰ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਆਦਮੀ ਪਾਰਟੀ ਨੇ ਚੌਕੀਦਾਰਾਂ ਨੂੰ ਲਾਰੇ ਲੱਪਿਆ ਵਿਚ ਰੱਖ ਕੇ ਡੰਗ-ਟਪਾਊ ਨੀਤੀ ਨਾਲ ਕੰਮ ਕੀਤਾ ਪ੍ਰੰਤੂ ਹੁਣ ਯੂਨੀਅਨ ਸਰਕਾਰ ਦੇ ਲਾਰੇ ਲੱਪਿਆ ਵਿੱਚ ਨਹੀਂ ਆਵੇਗੀ ਤੇ ਸੂਬਾ ਸੰਘਰਸ ਖਿਲਾਫ ਸੂਬਾ ਪੱਧਰੀ ਸੰਘਰਸ ਕਰੇਗੀ। ਇਸ ਮੌਕੇ ਸੂਬਾ ਜਨਰਲ ਸਕੱਤਰ ਦੇਵੀ ਦਾਸ ਮਿਆਣੀ ਨੇ ਕਿਹਾ ਕਿ ਆਪਣੀਆਂ ਮੰਗਾਂ ਨੂੰ ਲੈ ਕੇ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕਰਦੀ ਆ ਰਹੀ ਹੈ ਅਤੇ ਇਸੇ ਲੜੀ ਤਹਿਤ ਹੀ ਯੂਨੀਅਨ ਦੇ ਇਕ ਵਫਦ ਵੱਲੋਂ ਮੁਕੇਰੀਆਂ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਮੰਗ ਨੂੰ ਪੱਤਰ ਸੌਂਪਿਆ ਗਿਆ ਜਿਸ ਦੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ 7 ਮਈ ਨੂੰ ਯੂਨੀਅਨ ਦੇ ਅਹੁਦੇਦਾਰਾਂ ਨਾਲ ਮੀਟਿੰਗ ਕਰਨ ਦਾ ਸੱਦਾ ਦਿੱਤਾ ਸੀ, ਪ੍ਰੰਤੂ ਇਹ ਮੀਟਿੰਗ ਖੁਦ ਲੈਣ ਦੀ ਬਜਾਏ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਸਿੱਖਿਆ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਨੂੰ ਭੇਜ ਦਿੱਤਾ ਜਿਸ ਕਾਰਨ ਹੀ ਪੰਜਾਬ ਦੇ ਸਮੁੱਚੇ ਪਿੰਡ ਚੌਕੀਦਾਰਾਂ ਵਿੱਚ ਸੂਬਾ ਸਰਕਾਰ ਖਿਲਾਫ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਜਿਲ੍ਹਾ ਪ੍ਰਧਾਨ ਰਛਪਾਲ ਸਿੰਘ , ਜਸਵਿੰਦਰ ਸਿੰਘ ਜਨਰਲ ਸਕੱਤਰ ਨੈਨੋ ਪਰਮਜੀਤ ਸਿੰਘ ਪ੍ਰੈਸ ਸਕੱਤਰ, ਚਮਨ ਲਾਲ ਭੂਲਪੁਰ ,ਬਲਵੀਰ ਸਿੰਘ ਜੌੜਾ, ਕਸ਼ਮੀਰ ਸਿੰਘ ਬੈਂਸ ਅਵਾਣ, ਪਿਆਰ ਲਾਲ ਜਾਜਾ, ਮਹਿੰਦਰ ਲਾਲ ਕੋਟਲੀ, ਬਲਬੀਰ ਸਿੰਘ ਠਾਕਰੀ, ਮਹਿੰਦਰ ਸਿੰਘ ਦੇਹਰੀਵਾਲ, ਓਕਾਰ ਸਿੰਘ ਬੈਂਚਾਂ, ਰੂਪਲਾਲ ਲੋਪੀਚੱਕ, ਚਮਨ ਲਾਲ, ਹਰਕੀਰਤ ਸਿੰਘ, ਸੁਰਿੰਦਰ ਸਿੰਘ ਪਰਮਜੀਤ ਸਿੰਘ, ਅਮਰੀਕ ਸਿੰਘ ,ਹਰਕੀਰਤ ਸਿੰਘ, ਲਾਭ ਸਿੰਘ, ਬਲਵੀਰ ਸਿੰਘ ਜੋੜਾਂ, ਜਸਦੇਵ ਸਿੰਘ ਜੱਸੀ, ਪਿਆਰਾ ਸਿੰਘ ਗੁਰਵੇਲ ਸਿੰਘ ਕਲੇਰ, ਜਗਦੀਸ਼ ਸਿੰਘ ਮੂਨਕ, ਪਰਮਜੀਤ ਸਿੰਘ ਆਦਿ ਹਾਜ਼ਰ ਸ਼ਾਮਲ ਸਨ।

# ਸਰਕਾਰੀ ਹਸਪਤਾਲ ਮੁਕੰਦਪੁਰ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ

**ਨਵਾਂਸ਼ਹਿਰ ,( ਕੁਲਵਿੰਦਰ ਸਿੰਘ ਦੁਰਗਾਪੁਰੀਆ )** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ ਐਮ ਓ ਡਾ. ਰਵਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰੀ ਹਸਪਤਾਲ ਮੁਕੰਦਪੁਰ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਮਨਾਇਆ ਗਿਆ। ਸਿਵਿਲ ਸਰਜਨ ਦਫਤਰ ਤੋਂ ਆਏ ਸਿਹਤ ਅਤੇ ਪਰਵਾਰ ਭਲਾਈ ਅਫਸਰ ਡਾ. ਰਾਕੇਸ਼ ਚੰਦਰ ਨੇ ਦੱਸਿਆ ਕਿ ਇਹ ਅਭਿਆਨ ਹਰ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਸੀ ਐਚ ਸੀ ਮੁਕੰਦਪੁਰ ਵਿਖੇ ਚਲਾਇਆ ਜਾਂਦਾ ਹੈ। ਇਸ ਅਭਿਆਨ ਦੇ ਤਹਿਤ ਸਰਕਾਰੀ ਹਸਪਤਾਲ ਵਿੱਚ ਗਰਭਵਤੀ ਔਰਤਾਂ ਨੂੰ ਮੁਫਤ ਸੁਵਿਧਾਵਾਂ ਦਿੱਤੀਆਂ ਜਾਂਦੀਆਂ ਹਨ। ਲੇਡੀ ਡਾਕਟਰ ਵਲੋਂ ਗਰਭਵਤੀ ਔਰਤ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਕੋਈ ਦਰਦ ਜਾਂ ਜੋਖਿਮ ਹੋਣ ਤੇ ਮਰੀਜ ਦਾ ਪੂਰਾ ਇਲਾਜ ਕੀਤਾ ਜਾਂਦਾ ਹੈ। ਇਸ ਹਸਪਤਾਲ ਵਿੱਚ ਗਰਭਵਤੀ ਔਰਤਾਂ



ਦੇ ਮੁਫਤ ਟੈਸਟ ਕੀਤੇ ਜਾਂਦੇ ਹਨ ਅਤੇ ਖੂਨ ਦੀ ਘਾਟ ਹੋਣ ਤੇ ਜ਼ਰੂਰੀ ਦਵਾਈਆਂ ਜਿਵੇਂ ਕਿ ਆਇਰਨ ਦੀ ਗੋਲੀਆਂ ਅਤੇ ਸਿਰਪ ਦਿੱਤਾ ਜਾਂਦਾ ਹੈ। ਗਰਭਵਤੀ ਔਰਤ ਦੀ ਇਕ ਸਕੈਨਿੰਗ ਵੀ ਕਿਸੀ ਵੀ ਸਕੈਨਿੰਗ ਸੈਂਟਰ 'ਚ ਮੁਫਤ ਕੀਤੀ ਜਾਂਦੀ ਹੈ। ਡਿਲੀਵਰੀ ਫ੍ਰੀ ਕਰਨ ਦੇ ਨਾਲ ਗਰਭਵਤੀ ਨੂੰ ਤਿੰਨੋ ਵਕਤ ਦਾ ਖਾਣਾ ਵੀ ਸਰਕਾਰੀ ਹਸਪਤਾਲ ਵਿੱਚ ਹੀ ਦਿੱਤਾ ਜਾਂਦਾ ਹੈ। ਮਰੀਜ 108 ਨੰਬਰ ਡਾਯਲ ਕਰਕੇ ਐਂਬੂਲੈਂਸ ਦੀ ਸੇਵਾ ਦਾ ਫ੍ਰੀ ਲਾਭ ਲੈ ਸਕਦਾ ਹੈ। ਡਿਲੀਵਰੀ ਹੋਣ ਉਪਰੰਤ ਪਰਿਵਾਰ ਨਿਯੋਜਨ ਦੇ ਤਰੀਕੇ ਵੀ ਹਸਪਤਾਲ ਸਟਾਫ ਵੱਲੋਂ ਮਰੀਜ ਨੂੰ ਦੱਸੇ ਅਤੇ ਲਾਗੂ ਕੀਤੇ ਜਾਂਦੇ ਹਨ।

ਇਸ ਮੌਕੇ ਤੇ ਡਾ. ਪੂਨਮਦੀਪ ਨੇ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਨੂੰ ਸਫਲ ਬਣਾਉਣ ਲਈ 'ਮੀਸਿੰਗ ਗਰਲ ਚਾਈਲਡ' ਬਾਰੇ ਲੋਕਾਂ ਨੂੰ ਦਸਿਆ ਅਤੇ ਬੇਟੀ ਨੂੰ ਪੁੱਤਰਾਂ ਦੇ ਸਮਾਨ ਦਰਜਾ ਦੇਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਸਾਰਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਭਰੂਣ ਹੱਤਿਆ ਪ੍ਰੀ ਲੋਕਾਂ ਨੂੰ ਜਾਗਰੂਕ ਕਰੀਏ ਅਤੇ ਸਾਡੇ ਸਮਾਜ ਵਿਚੋਂ ਗਲਤ ਤਰੀਕੇ ਨਾਲ ਗਾਇਬ ਹੋ ਰਹੀਆਂ ਬੇਟੀਆਂ ਨੂੰ ਸੁਰੱਖਿਅਤ ਰੱਖੀਏ। ਉਨ੍ਹਾਂ ਕਿਹਾ ਕਿ ਲੜਕੀਆਂ ਨੂੰ ਸਿੱਖਿਅਤ ਕਰਕੇ ਹੀ ਚੰਗੇ ਅਤੇ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਇਸ ਮੌਕੇ 'ਤੇ ਹਰਪ੍ਰੀਤ ਸਿੰਘ ਬਲਾਕ ਐਕਸਟੈਨਸ਼ਨ ਐਜੂਕੈਟਰ, ਹਰਨੇਕ ਸਿੰਘ, ਕੁਲਵਿੰਦਰ ਕੌਰ ਅਤੇ ਬਲਵਿੰਦਰ ਕੌਰ ਐੱਲ ਐਚ ਵੀ, ਅਮਰਜੀਤ ਕੌਰ ਏ ਐਨ ਐਮ ਅਤੇ ਮਨੀਸ਼ ਮੌਜੂਦ ਸਨ।

# ਤੇਜ਼ ਹਨੇਰੀ ਨੇ ਕੀਤਾ ਜਨਜੀਵਨ ਪ੍ਰਭਾਵਿਤ



**ਕਾਲਾ ਸੰਘਿਆਂ (ਮਨਜੀਤ ਮਾਨ)**-ਬੀਤੀ ਰਾਤ ਆਈ ਤੂਫਾਨ ਵਰਗੀ ਤੇਜ ਹਨੇਰੀ ਨੇ ਕੁੱਝ ਕੁ ਸਮੇਂ ਲਈ ਸੜਕੀ ਆਵਾਜਾਈ ਰੋਕ ਦਿੱਤੀ। ਇਸ ਹਨੇਰੀ ਨਾਲ ਜਿਥੇ ਬਹੁਤ ਸਾਰੇ ਰੁੱਖ ਦਰੱਖਤ ਸੜਕਾਂ ਵਿਚ ਡਿੱਗੇ ਉਥੇ ਅੰਬ ਦੇ ਦਰੱਖਤਾਂ ਨੂੰ ਲੱਗਾ ਬੇਤਹਾਸ਼ਾ ਫਲ ਤਹਿਸ ਨਹਿਸ ਕਰ ਕੇ ਰੱਖ ਦਿੱਤਾ। ਸਥਾਨਕ ਕਸਬੇ 'ਚ ਸੀਮੈਂਟ ਦੇ ਸ਼ੈੱਡ ਨੂੰ ਉਡਾਏ ਜਾਣ ਦੀ ਖਬਰ ਹੈ। ਸੜਕਾਂ 'ਤੇ ਡਿੱਗੇ ਦਰੱਖਤਾਂ ਕਾਰਨ ਵਾਹਨਾਂ ਨੂੰ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਆਵਾਜਾਈ ਵੀ ਪ੍ਰਭਾਵਤ ਰਹੀ। ਦੋਪਹੀਆ ਵਾਹਨਾਂ ਦੇ ਨਾਲ ਰਾਤ ਸਮੇਂ ਗੱਡੀਆਂ ਵਿੱਚ ਸਫਰ ਕਰਨ ਵਾਲਿਆਂ ਨੂੰ ਵੀ ਹਨੇਰੀ ਨੇ ਪ੍ਰਭਾਵਿਤ ਕੀਤਾ। ਪਾਵਰਕਾਮ ਵੱਲੋਂ ਬਹੁਤੇ ਥਾਵਾਂ 'ਤੇ ਬਿਜਲੀ ਦੀ ਸਪਲਾਈ ਵੀ ਬੰਦ ਰੱਖੀ ਗਈ ਅਤੇ ਲੋਕਾਂ ਨੂੰ ਗਰਮੀ ਤੇ ਮੱਛਰਾਂ ਵਿੱਚ ਰਾਤ ਬਸਰ ਕਰਨੀ ਪਈ।

# ਜ਼ਿਲ੍ਹਾ ਪ੍ਰਸ਼ਾਸਨ,ਖੇਤੀਬਾੜੀ ਵਿਭਾਗ ਤੇ ਕਿਸਾਨਾਂ ਦੇ ਸਾਂਝੇ ਯਤਨਾਂ ਨੂੰ ਪਿਆ ਬੂਰ

**ਕਪੂਰਥਲਾ ( ਰਵਿੰਦਰ ਸਿੰਘ)** -ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕਿਸਾਨਾਂ ਨੂੰ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਬਜਾਏ ਖੇਤਾਂ ਵਿਚ ਹੀ ਵਾਹ ਕੇ ਜਮੀਨ ਦੀ ਸਿਹਤ ਵਿਚ ਸੁਧਾਰ ਲਈ ਕੀਤੇ ਯਤਨਾਂ ਦੇ ਸਾਰਥਿਕ ਨਤੀਜੇ ਸਾਹਮਣੇ ਆਏ ਹਨ। ਪਿਛਲੇ ਸਾਲ ਕਣਕ ਦੇ ਸੀਜ਼ਨ ਦੌਰਾਨ ਜਿੱਥੇ 7 ਮਈ ਤੱਕ 512 ਅੱਗ ਲਗਾਉਣ ਦੇ ਮਾਮਲੇ ਸੈਟੇਲਾਈਟ ਰਾਹੀਂ ਸਾਹਮਣੇ ਆਏ ਸਨ,ਉਥੇ ਇਸ ਵਾਰ ਕੇਵਲ 37 ਮਾਮਲੇ ਦਰਜ ਕੀਤਾ ਗਏ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਕਿਸਾਨਾਂ ਨੂੰ ਪਰਾਲੀ ਦੇ ਨਿਪਟਾਰੇ ਲਈ ਉਲਟਾਵੇਂ ਹਲ, ਮਲਚਰ, ਰੋਟਾਵੇਟਰ ਆਦਿ ਸੰਦਾਂ 'ਤੇ ਸਬਸਿਡੀ ਦੇਣ ਦੇ ਨਾਲ-ਨਾਲ ਪਿੰਡਾਂ ਵਿਚ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਕੈਂਪ ਲਗਾ ਕੇ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨਾਂ ਵਲੋਂ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਪਹਿਲਕਦਮੀਆਂ ਨੂੰ ਵੱਡਾ ਹੁੰਗਾਰਾ ਦਿੱਤਾ ਗਿਆ ਅਤੇ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਥਾਂ ਖੇਤਾਂ ਵਿਚ ਹੀ ਨਿਪਟਾਉਣ ਨੂੰ ਪਹਿਲ ਦਿੱਤੀ ਗਈ। ਪਿਛਲੇ ਸਾਲ ਜਿੱਥੇ ਸੁਲਤਾਨਪੁਰ ਲੋਧੀ ਬਲਾਕ ਵਿਖੇ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੇ 47 ਮਾਮਲੇ ਆਏ ਸਨ,ਉਥੇ ਹੀ ਢਿਲਵਾਂ ਬਲਾਕ ਵਿਚ 128, ਨਡਾਲਾ ਬਲਾਕ ਵਿਚ 281,ਕਪੂਰਥਲਾ ਵਿਚ 22 ਅਤੇ ਫਗਵਾੜਾ ਵਿਖੇ 34 ਮਾਮਲੇ ਦਰਜ ਕੀਤੇ ਗਏ ਸਨ। ਇਸਦੇ ਉਲਟ ਚਾਲੂ ਸੀਜਨ ਦੌਰਾਨ ਸੁਲਤਾਨਪੁਰ ਲੋਧੀ ਬਲਾਕ ਵਿਚ ਕੇਵਲ 11,ਢਿਲਵਾਂ ਵਿਚ 4,ਨਡਾਲਾ ਵਿਚ 17,ਕਪੂਰਥਲਾ ਵਿਚ 5 ਅਤੇ ਫਗਵਾੜਾ ਵਿਚ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ।

# ਕਾਂਗਰਸੀ ਉਮੀਦਵਾਰ ਕਰਮਜੀਤ ਚੌਧਰੀ ਨੇ ਚੌਧਰੀ ਸੰਤੋਖ ਸਿੰਘ ਨੂੰ ਦਿਲੀ ਸ਼ਰਧਾਂਜਲੀ ਦੇਣ ਦੀ ਕੀਤੀ ਭਾਵੁਕ ਅਪੀਲ



**ਜਲੰਧਰ, (ਨਿਰਮਲ)**-ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਆਪਣੇ ਪ੍ਰਚਾਰ ਦੀ ਸਮਾਪਤੀ ਮੌਕੇ ਕਾਂਗਰਸ ਉਮੀਦਵਾਰ ਕਰਮਜੀਤ ਕੌਰ ਚੌਧਰੀ ਨੇ ਵੋਟਰਾਂ ਨੂੰ ਭਾਵੁਕ ਅਪੀਲ ਕਰਦਿਆਂ 10 ਮਈ ਨੂੰ ਕਾਂਗਰਸ ਨੂੰ ਵੋਟ ਪਾ ਕੇ ਸਾਬਕਾ ਸੰਸਦ ਮੈਂਬਰ ਸਵਰਗਵਾਸੀ ਸੰਤੋਖ ਸਿੰਘ ਚੌਧਰੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਖਿਆ। ਜਲੰਧਰ ਸੰਸਦੀ ਹਲਕੇ ਦੇ ਅੱਪਰਾ, ਫਿਲੌਰ, ਗੁਰਾਇਆ, ਜਲੰਧਰ ਪੱਛਮੀ ਅਤੇ ਹੋਰ ਇਲਾਕਿਆਂ 'ਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਫਿਲੌਰ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਸਮੇਤ ਪਾਰਟੀ ਆਗੂਆਂ ਨਾਲ ਭਾਰੀ ਇਕੱਠਾਂ ਨੂੰ ਸੰਬੋਧਨ ਕਰਦਿਆਂ ਕਰਮਜੀਤ ਕੌਰ ਚੌਧਰੀ ਨੇ ਸੰਤੋਖ ਸਿੰਘ ਚੌਧਰੀ ਦੇ ਇੱਕ ਖੁਸ਼ਹਾਲ ਜਲੰਧਰ ਸਿਰਜਣ ਦੇ ਸੁਪਨੇ ਨੂੰ ਦੁਹਰਾਇਆ। ਆਪਣੇ ਭਾਵੁਕ ਸੰਬੋਧਨ 'ਚ ਉਨ੍ਹਾ ਆਪਣੇ ਮਰਹੂਮ ਪਤੀ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦੀ ਵਿਰਾਸਤ ਅਤੇ ਅਧੂਰੇ ਸੁਪਨਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾ ਨੇ ਆਪਣਾ ਸਾਰਾ ਜੀਵਨ ਲੋਕਾਂ ਦੀ ਭਲਾਈ ਲਈ ਸਮਰਪਤ ਕਰ ਦਿੱਤਾ ਤੇ ਜ਼ਿੰਦਗੀ ਭਰ ਦੱਬੇ ਕੁਚਲੇ ਸਮਾਜ ਦੀ ਤਰੱਕੀ ਲਈ ਕੰਮ ਕਰਦੇ ਰਹੇ ਅਤੇ ਜਲੰਧਰ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਰਹੇ। ਚੌਧਰੀ ਨੇ ਕਿਹਾ ਕਿ ਉਹ ਆਪਣੇ ਪਤੀ ਦੇ ਅਧੂਰੇ ਰਹੇ ਕੰਮਾਂ ਨੂੰ ਜਾਰੀ ਰੱਖਣ ਲਈ ਸਖਤ ਮਿਹਨਤ ਕਰਨਗੇ ਅਤੇ ਜਲੰਧਰ ਲਈ ਉਨ੍ਹਾ ਦੇ ਦੇਖੇ ਸੁਪਨੇ ਸਾਕਾਰ ਕਰਨਗੇ। ਚੋਣ ਮੁਹਿੰਮ ਦੀ ਸਮਾਪਤੀ ਦੇ ਸਮੇਂ ਕਰਮਜੀਤ ਕੌਰ ਚੌਧਰੀ ਨੇ ਜਲੰਧਰ ਦੇ ਲੋਕਾਂ ਦਾ ਭਰਵੇਂ ਸਮਰਥਨ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ 10 ਮਈ ਨੂੰ ਆਪਣੇ ਵੋਟ ਦੇ ਜਮਹੂਰੀ ਅਧਿਕਾਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ।

# ਸੋਸ਼ਲ ਮੀਡੀਆ 'ਤੇ ਬੇਬੁਨਿਆਦ ਅਫਵਾਹਾਂ ਫੈਲਾਉਣ ਵਾਲਿਆਂ ਖਿਲਾਫ਼ ਹੋਵੇਗੀ ਕਾਰਵਾਈ : ਡੀ ਸੀ

**ਹੁਸ਼ਿਆਰਪੁਰ, (ਓ ਪੀ ਰਾਣਾ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸੋਸ਼ਲ ਮੀਡੀਆ, ਵੈੱਬ ਚੈਨਲਾਂ ਨੂੰ ਬੇਬੁਨਿਆਦ ਅਫਵਾਹਾਂ ਨੂੰ ਖ਼ਬਰਾਂ ਦੇ ਰੂਪ ਵਿੱਚ ਫੈਲਾਉਣ ਤੋਂ ਵਰਜ਼ਦਿਆਂ ਚਿਤਾਵਨੀ ਦਿੱਤੀ ਹੈ ਕਿ ਅਜਿਹਾ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਈ ਵਾਰ ਸੋਸ਼ਲ ਮੀਡੀਆ, ਵੈੱਬ ਚੈਨਲ ਬੇਬੁਨਿਆਦ ਅਫਵਾਹਾਂ ਨੂੰ ਖ਼ਬਰਾਂ ਦੇ ਰੂਪ ਵਿੱਚ ਫੈਲਾ ਦਿੰਦੇ ਹਨ ਅਤੇ ਫਰਜ਼ੀ ਖ਼ਬਰਾਂ ਦਾ ਸਮਰਥਨ ਵੀ ਕਰਦੇ ਹਨ। ਇਹ ਝੂਠੀਆਂ ਖਬਰਾਂ ਜ਼ਿਆਦਾਤਰ ਸਪੱਸ਼ਟ ਤੱਥਾਂ ਅਤੇ ਮੁੱਦੇ ਦੀ ਅਸਲ ਤਸਵੀਰ ਨੂੰ ਸਾਹਮਣੇ ਨਹੀਂ ਰੱਖਦੀਆਂ, ਜਿਸ ਨਾਲ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਕੀਤੇ ਚੰਗੇ ਵਿਕਾਸ ਕਾਰਜਾਂ ਨੂੰ ਨਕਾਰਾਤਮਕ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ



ਜਾਅਲੀ ਖ਼ਬਰਾਂ ਨੂੰ ਸਮੇਂ ਸਿਰ ਨੱਥ ਪਾਉਣ ਲਈ ਸਖ਼ਤ ਅਤੇ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹੀਆਂ ਫਰਜ਼ੀ ਖਬਰਾਂ ਵਿਰੁੱਧ ਨਿਯਮਤ ਤੌਰ 'ਤੇ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਅਜਿਹੀਆਂ ਸੂਚਨਾਵਾਂ, ਨਿੱਜੀ ਹਿੱਤਾਂ ਵਾਲੀਆਂ ਸੰਸਥਾਵਾਂ ਨੂੰ ਰਾਜ ਸਰਕਾਰ ਦੇ ਚੱਲ ਰਹੇ ਵਿਕਾਸ ਦੇ ਏਜੰਡੇ ਵਿੱਚ ਵਿਘਨ ਪਾਉਣ ਤੋਂ ਰੋਕਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਮੁੱਖ ਧਾਰਾ ਦੇ ਅਖ਼ਬਾਰਾਂ, ਚੈਨਲਾਂ ਅਤੇ ਹੋਰ ਮੀਡੀਆ ਮਾਧਿਅਮ ਨਾਲ ਜੁੜੇ ਪੱਤਰਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬੇਬੁਨਿਆਦ ਅਫਵਾਹਾਂ ਫੈਲਾਉਣ ਵਾਲੇ ਅਜਿਹੇ ਸੋਸ਼ਲ ਮੀਡੀਆ ਵੈੱਬ ਚੈਨਲਾਂ ਨੂੰ ਨੱਥ ਪਾਉਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰਨ।

# ਬੰਗਾ ਬਿਜਲੀ ਵੰਡ ਮੰਡਲ 'ਚ 55282 ਪਰਵਾਰਾਂ ਨੂੰ ਮਿਲੀ ਬਿੱਲਾਂ ਤੋਂ ਰਾਹਤ

**ਬਹਿਰਾਮ (ਅਵਤਾਰ ਕਲੇਰ)** ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ ਨੂੰ ਘਰੇਲੂ ਬਿਜਲੀ ਵਰਤੋਂ 'ਚ 600 ਯੂਨਿਟ ਪ੍ਰਤੀ ਬਿਲਿੰਗ ਸਾਈਕਲ ਤੱਕ ਦਿੱਤੀ ਜ਼ੀਰੋ ਬਿੱਲ ਦੀ ਸਹੂਲਤ ਬਿਜਲੀ ਵੰਡ ਮੰਡਲ ਬੰਗਾ ਦੇ ਹਜ਼ਾਰਾਂ ਪਰਵਾਰਾਂ ਲਈ ਵੱਡੀ ਰਾਹਤ ਬਣ ਕੇ ਆਈ ਹੈ। ਸਾਲ 2022-23 ਦੇ ਆਖਰੀ ਬਿਲਿੰਗ ਸਾਈਕਲ (31 ਮਾਰਚ, 2023) ਤੱਕ ਬੰਗਾ ਬਿਜਲੀ ਵੰਡ ਮੰਡਲ ਦੀਆਂ ਪੰਜਾਂ ਬਿਜਲੀ ਸਬ ਡਵੀਜ਼ਨਾਂ 'ਚ 80 ਫ਼ੀਸਦੀ ਘਰੇਲੂ ਬਿਜਲੀ ਖ਼ਪਤਕਾਰਾਂ ਨੂੰ ਇਸ ਸੁਵਿਧਾ ਦਾ ਲਾਭ ਮਿਲ ਚੁੱਕਾ ਹੈ। ਬੰਗਾ ਬਿਜਲੀ ਵੰਡ ਮੰਡਲ ਦੇ ਕਾਰਜਕਾਰੀ ਇੰਜੀਨੀਅਰ ਇੰਦਰਜੀਤ ਸਿੰਘ ਅਨੁਸਾਰ ਪੰਜਾਬ ਸਰਕਾਰ ਵੱਲੋਂ ਘਰੇਲੂ ਬਿਜਲੀ ਵਰਤੋਂ 'ਚ ਸਭਨਾਂ ਖ਼ਪਤਕਾਰਾਂ ਨੂੰ ਇੱਕ ਸਮਾਨ 600 ਯੂਨਿਟ ਤੱਕ ਵਰਤੋਂ ਹੋਣ 'ਤੇ ਜ਼ੀਰੋ ਬਿਜਲੀ ਬਿੱਲ ਦੀ ਦਿੱਤੀ ਸਹੂਲਤ ਦਾ ਇਸ ਬਿਜਲੀ ਵੰਡ ਮੰਡਲ ਦੇ 55282 ਖ਼ਪਤਕਾਰਾਂ ਨੂੰ ਲਾਭ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਪਾਵਰਕਾਮ ਦੇ ਇਸ ਵੰਡ ਮੰਡਲ ਵਿੱਚ ਕੁੱਲ ਘਰੇਲੂ ਸਪਲਾਈ ਖਪਤਕਾਰ 69543 ਹਨ। ਘਰੇਲੂ ਬਿਜਲੀ ਬਿੱਲਾਂ ਕਾਰਨ ਆਮ ਲੋਕਾਂ ਨੂੰ ਮਿਲੀ ਵੱਡੀ ਰਾਹਤ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਬੰਗਾ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਜੀਤ ਸਿੰਘ ਸਰਹਾਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵਾਂਗ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ 300 ਯੂਨਿਟ ਵਰਤੋਂ ਤੱਕ ਪ੍ਰਤੀ ਮਹੀਨੇ ਜ਼ੀਰੋ ਬਿੱਲ ਦੀ ਰਾਹਤ ਦੇਣ ਲੱਗਿਆਂ, ਖ਼ਪਤਕਾਰਾਂ 'ਤੇ ਕਿਸੇ ਵੀ ਕਿਸਮ ਦੀ ਲੋੜ ਦੀ ਸ਼ਰਤ ਵੀ ਨਹੀਂ ਲਾਈ।

# ਜਥੇਦਾਰ ਵਡਾਲਾ ਵੱਲੋਂ ਡਾਕਟਰ ਸੁੱਖੀ ਦੇ ਹੱਕ 'ਚ ਚੋਣ ਪ੍ਰਚਾਰ



**ਕਾਲਾ ਸੰਘਿਆਂ (ਮਨਜੀਤ ਮਾਨ)** ਜ਼ਿਲ੍ਹਾ ਪ੍ਰਧਾਨ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਹੇਠ ਜ਼ਿਮਨੀ ਚੋਣ ਲੋਕ ਸਭਾ ਵਿੱਚ ਸ਼ੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿਚ ਤੂਫਾਨੀ ਦੌਰੇ ਕੀਤੇ ਜਾ ਰਹੇ ਹਨ ਤੇ ਹੋਰ ਸੀਨੀਅਰ ਅਕਾਲੀ ਆਗੂ ਗੁਰਚੇਤਨ ਸਿੰਘ ਟਾਹਲੀ, ਡਾ.ਸੋਡੀ, ਪਰਦੀਪ ਲਾਲੀ,ਰਿਸ਼ੀ,ਰਵੀ,ਲਸ਼ਕਰ ਸਿੰਘ ਰਹੀਮਪੁਰ ਸਰਕਲ ਪ੍ਰਧਾਨ , ਹਰਭਜਨ ਸਿੰਘ ਹੁੰਦਲ ਸਰਕਲ ਪ੍ਰਧਾਨ,ਰੁਪਿੰਦਰ ਸਿੰਘ ਰਾਣਾ ਸਰਕਲ ਪ੍ਰਧਾਨ,ਗੁਰਿੰਦਰ ਸਿੰਘ ਕਾਕਾ ਸਾਬਕਾ ਸਰਪੰਚ ਇਸ ਮੁਹਿਮ ਵਿਚ ਕੁੱਦੇ ਹੋਏ ਹਨ। ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਜਲੰਧਰ ਦੀ ਉਪ ਚੋਣ ਦੇ ਸਬੰਧ ਵਿਚ ਵਿਚਾਰ ਵਟਾਂਦਰਾ ਕੀਤਾ ਗਿਆ। ਲੋਕਾਂ ਵੱਲੋਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਜਾ ਰਿਹਾ ਹੈ।

# ਆਪ ਦੱਸੇ ਕਿ ਇਸ ਨੇ ਦਲਿਤਾਂ ਖਿਲਾਫ ਵਿਤਕਰਾ ਕਿਉਂ ਕੀਤਾ: ਗੜ੍ਹੀ



**ਜਲੰਧਰ (ਸੁਰਿੰਦਰ ਕੁਮਾਰ )** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਪੰਜਾਬ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੱਸੇ ਕਿ ਉਹ ਦਲਿਤਾਂ ਨਾਲ ਵਿਤਕਰਾ ਕਿਉਂ ਕਰ ਰਹੀ ਹੈ ਤੇ ਉਹਨਾਂ ਨੂੰ ਨੌਕਰੀਆਂ ਦੇਣ ਤੋਂ ਨਾਂਹ ਤੇ ਐਸ ਸੀ ਸਬ ਪਲਾਨ ਤਹਿਤ ਅਨੁਸੂਚਿਤ ਜਾਤੀਆਂ ਦੀ ਭਲਾਈ ਵਾਸਤੇ ਫੰਡ ਦੇਣ ਤੋਂ ਨਾਂਹ ਕਿਉਂ ਕਰ ਰਹੀ ਹੈ ਤੇ ਇਹ ਭਾਈਚਾਰੇ ਦੇ ਖਿਲਾਫ ਝੂਠੇ ਦੋਸ਼ ਲਗਾ ਕੇ ਲੋਕਾਂ ਨੂੰ ਮੂਰਖ ਬਣਾਉਣ ਦਾ ਯਤਨ ਕਿਉਂ ਕਰ ਰਹੀ ਹੈ। ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਖਿਲਾਫ ਲਗਾਏ ਦੋਸ਼ਾਂ ਨੂੰ ਝੂਠ ਦਾ ਪੁਲੰਦਾ ਕਰਾਰ ਦਿੰਦਿਆਂ ਬਸਪਾ ਮੁਖੀ ਨੇ ਕਿਹਾ ਕਿ ਸੱਚਾਈ ਇਹ ਹੈ ਕਿ ਆਪ ਨੇ ਕੱਲ੍ਹ ਦਿਆਲਪੁਰਾ ਪਿੰਡ ਵਿਚ ਮੰਤਰੀ ਦੇ ਖਿਲਾਫ ਹੋਏ ਰੋਸ ਮੁਜ਼ਾਹਰੇ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਕਿਹਾ ਕਿ ਹੁਣ ਮਾਮਲੇ ਨੂੰ ਦੂਜੀ ਰੰਗਤ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ ਜੋ ਸਫਲ ਨਹੀਂ ਹੋਣਗੇ ਕਿਉਂਕਿ ਦਲਿਤ ਆਪ ਸਰਕਾਰ ਤੋਂ ਨਿਆਂ ਮੰਗ ਰਹੇ ਹਨ ਤੇ ਵਿਰੋਧੀ ਧਿਰ ਤੋਂ ਨਹੀਂ। ਇਹ ਇਕ ਸੱਚਾਈ ਹੈ ਕਿ ਆਪ ਨੇ ਆਪਣੇ ਦੋਸ਼ਾਂ ਵਿਚ ਜਾਤੀ ਆਧਾਰਿਤ ਰਾਖਵੇਂਕਰਨ ਦਾ ਵਿਰੋਧ ਕੀਤਾ ਹੈ। ਇਹ ਗੱਲ ਰਿਕਾਰਡ ਦਾ ਹਿੱਸਾ ਹੈ। ਉਹਨਾਂ ਕਿਹਾ ਕਿ ਅਜਿਹਾ ਇਸ ਕਰ ਕੇ ਹੈ ਕਿਉਂਕਿ ਸਰਕਾਰ ਵੱਲੋਂ 178 ਲਾਅ ਅਫਸਰ ਨਿਯੁਕਤ ਕਰਨ ਵੇਲੇ ਐਸ ਸੀ ਉਮੀਦਵਾਰਾਂ ਨੂੰ ਰਾਖਵਾਂਕਰਨ ਨਾ ਦੇਣ ਦਾ ਬਸਪਾ ਵੱਲੋਂ ਵਿਰੋਧ ਕੀਤਾ ਗਿਆ ਹੈ ਕਿਉਂਕਿ ਸਰਕਾਰ ਨੇ ਹਾਈ ਕੋਰਟ ਵਿਚ ਲਿਖ ਕੇ ਦਿੱਤਾ ਹੈ ਕਿ ਅਨੁਸੂਚਿਤ ਜਾਤੀ ਵਰਗ ਦੇ ਉਮੀਦਵਾਰ ਅਯੋਗ ਪਾਏ ਗਏ ਹਨ। ਗੜ੍ਹੀ ਨੇ ਕਿਹਾ ਕਿ ਆਪ ਸਰਕਾਰ ਐਸ ਸੀ ਸਬ ਪਲਾਨ ਦੇ ਮੁਕਾਬਲੇ ਅਨੁਸੂਚਿਤ ਜਾਤੀ ਵਰਗ ਨਾਲ ਵਿਤਕਰਾ ਕਰ ਰਹੀ ਹੈ। ਉਹਨਾਂ ਕਿਹਾ ਕਿ ਸਰਕਾਰ ਨੇ ਇਕ ਟੀ ਵੀ ਪੱਤਰਕਾਰ ਨੂੰ ਸਿਰਫ ਇਸ ਕਰ ਕੇ ਜੇਲ੍ਹ ਭੇਜ ਦਿੱਤਾ ਕਿਉਂਕਿ ਉਸਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਦਿੱਲੀ ਵਿਚ 44 ਕਰੋੜ ਰੁਪਏ ਨਾਲ ਬਣਾਏ ਸੀਸ ਮਹਿਲ ਨੂੰ ਬੇਨਕਾਬ ਕੀਤਾ। ਡਾ. ਸੁੱਖੀ ਨੇ ਆਪ ਦੇ ਵਿੱਤ ਮੰਤਰੀ ਨੂੰ ਕਿਹਾ ਕਿ ਉਹ ਵੋਟਾਂ ਮੰਗਣ ਤੋਂ ਪਹਿਲਾਂ ਦਲਿਤਾਂ ਨੂੰ ਉਹਨਾਂ ਦਾ ਬਣਦਾ ਹੱਕ ਦੇਣ। ਉਹਨਾਂ ਕਿਹਾ ਕਿ ਚੀਮਾ ਵੱਲੋਂ ਲਗਾਏ ਦੋਸ ਸਿਰਫ ਨਮੋਸ਼ੀ ਦਾ ਨਤੀਜਾ ਹਨ ਕਿਉਂਕਿ ਉਹਨਾਂ ਨੇ ਮਹਿਸੂਸ ਕਰ ਲਿਆ ਹੈ ਕਿ ਐਸ ਸੀ ਭਾਈਚਾਰਾ ਆਪ ਉਮੀਦਵਾਰ ਨੂੰ ਵੋਟਾਂ ਵਾਲੇ ਦਿਨ ਨਕਾਰ ਦੇਵੇਗਾ। ਉਹਨਾਂ ਨੇ ਚੋਣ ਕਮਿਸ਼ਨ ਨੂੰ ਵੀ ਆਖਿਆ ਕਿ ਉਹ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੱਲ੍ਹ ਕੀਤੀ ਸ਼ਿਕਾਇਤ ਮੁਤਾਬਕ ਦਿਆਲਪੁਰਾ ਘਟਨਾ ਮਾਮਲੇ ਵਿਚ ਕਾਰਵਾਈ ਕਰੇ।

# ਭਾਜਪਾ ਯੁਵਾ ਮੋਰਚੇ ਨੇ ਮੋਟਰਸਾਈਕਲ ਰੈਲੀ ਕੱਢੀ

**ਕਰਤਾਰਪੁਰ (ਹਰਮੇਸ਼ ਦੱਤ )** ਭਾਜਪਾ ਯੁਵਾ ਮੋਰਚਾ ਵਲੋਂ ਵਿਸ਼ਾਲ ਆਨੰਦ, ਪੰਕਜ ਕਲਿਆਣ,ਭੀਮ ਕੁਮਾਰ ਦੀ ਅਗਵਾਈ ਵਿੱਚ ਵਿਸ਼ਾਲ ਮੋਟਰਸਾਈਕਲ ਰੈਲੀ ਕੱਢੀ ਗਈ। ਇਹ ਰੈਲੀ ਵਿਸ਼ਵਕਰਮਾ ਮਾਰਕੀਟ ਦੇ ਨਰਿੰਦਰ ਆਨੰਦ ਦੀ ਦੁਕਾਨ ਤੋਂ ਆਸ਼ੂ ਅੰਬਾ ਸੂਬਾ ਸੈਕਟਰੀ,ਕਪਿਲ ਸਹਿ ਪ੍ਰਭਾਰੀ ਜਲੰਧਰ,ਅਤੇ ਕਰਨ ਜੋਸ਼ੀ ਵਲੋਂ ਰਵਾਨਾ ਕੀਤੀ ਗਈ ਜੋ ਕਰਤਾਰਪੁਰ ਸ਼ਹਿਰ ਦੇ ਪ੍ਰਮੁੱਖ ਬਜਾਰਾਂ, ਮੁਹੱਲਿਆਂ ਵਿੱਚ ਘੁੰਮ ਕੇ ਮੁੜ ਉੱਥੇ ਹੀ ਆ ਕੇ ਸਮਾਪਤ ਹੋਈ। ਰੈਲੀ ਦੌਰਾਨ ਭਾਜਪਾ ਉਮੀਦਵਾਰ ਲਈ ਵੋਟਾਂ ਮੰਗੀਆਂ ਗਈਆ । ਰੈਲੀ ਵਿੱਚ ਸ਼ਿਵ ਦਰਸ਼ਨ ਕੁਮਾਰ, ਨਰਿੰਦਰ ਆਨੰਦ, ਇੰਦਰਜੀਤ ਬਾਬਾ,ਈਸ਼ਵਰ ਫੁੱਲ,ਮੰਗਲ ਪਦਮ,ਮੱਧੂ ਸੂਦਨ,ਵਿਕਾਸ ਆਨੰਦ ਆਦਿ ਸ਼ਾਮਿਲ ਸਨ।



# ਪੀ ਸੀ ਐੱਮ ਐੱਸ ਡੀ ਕਾਲਜ ਵਿਖੇ 'ਪ੍ਰੋਫੈਸ਼ਨਲ ਲਾਈਫ ਐਂਡ ਪਰਸਨਲ ਲਾਈਫ ਮੈਨੇਜਮੈਂਟ' 'ਤੇ ਰਾਸ਼ਟਰੀ ਵੈਬੀਨਾਰ

**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਦੇ ਆਫਿਸ ਮੈਨੇਜਮੈਂਟ ਅਤੇ ਸਕੱਤਰੇਤ ਅਭਿਆਸ ਵਿਭਾਗ ਨੇ 'ਪ੍ਰੋਫੈਸ਼ਨਲ ਲਾਈਫ ਐਂਡ ਪਰਸਨਲ ਲਾਈਫ ਮੈਨੇਜਮੈਂਟ' ਵਿਸ਼ੇ 'ਤੇ ਰਾਸ਼ਟਰੀ ਵੈਬੀਨਾਰ ਦਾ ਆਯੋਜਨ ਕੀਤਾ। ਸ੍ਰੀਮਤੀ ਪਾਰੁਲ ਸ਼ਰਮਾ, ਮੈਨੇਜਰ ਕੈਪੀਟਲ ਸਮਾਲ ਫਾਈਨਾਂਸ ਬੈਂਕ, ਦਿੱਲੀ ਵੈਬੀਨਾਰ ਲਈ ਸਰੋਤ ਵਿਅਕਤੀ ਸਨ। ਉਹਨਾਂ ਨੇ ਢੁੱਕਵੀਆਂ ਉਦਾਹਰਣਾਂ ਦੇ ਨਾਲ ਪੇਸਸ਼ਵਰ ਜੀਵਨ ਅਤੇ ਨਿੱਜੀ ਜੀਵਨ ਦੀ ਪ੍ਰਭਾਵਸ਼ਾਲੀ ਜਾਣ-ਪਛਾਣ ਦੇ ਨਾਲ ਸ਼ੁਰੂਆਤ ਕੀਤੀ। ਰਿਸੋਰਸ ਪਰਸਨ ਨੇ ਇਹ ਵੀ ਦੱਸਿਆ ਕਿ ਪੇਸ਼ੇਵਰ ਅਤੇ ਨਿੱਜੀ ਜੀਵਨ ਦੋਵਾਂ ਵਿੱਚ ਸੰਤੁਲਨ ਕਿਵੇਂ ਬਣਾਈ ਰੱਖਣਾ ਹੈ। ਉਹਨਾਂ ਨੇ ਸੰਕਲਪ ਨੂੰ ਸਮਝਾਉਣ ਲਈ ਕਈ ਅਸਲ ਜੀਵਨ ਦੀਆਂ ਉਦਾਹਰਣਾਂ ਵੀ ਦਿੱਤੀਆਂ। ਅੰਤ ਵਿੱਚ ਸ੍ਰੀਮਤੀ ਸੀਮਾ ਤਿਵਾੜੀ, ਇੰਚਾਰਜ, ਆਫਿਸ ਮੈਨੇਜਮੈਂਟ ਅਤੇ ਸਕੱਤਰੇਤ ਅਭਿਆਸ ਵਿਭਾਗ ਨੇ ਸਰੋਤ ਵਿਅਕਤੀ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ। ਵੈਬੀਨਾਰ ਵਿੱਚ ਵੱਖ-ਵੱਖ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਸਮੇਤ ਲਗਭਗ 50 ਪ੍ਰਤੀਭਾਗੀਆਂ ਨੇ ਭਾਗ ਲਿਆ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਵੈਬੀਨਾਰ ਦੇ ਸਫਲਤਾਪੂਰਵਕ ਆਯੋਜਨ ਲਈ ਵਿਭਾਗ ਨੂੰ ਵਧਾਈ ਦਿੱਤੀ।

# ਚੇਅਰਮੈਨ ਢਿੱਲੋਂ ਨੇ ਫਿਲੌਰ ਹਲਕੇ 'ਚ ਮੀਟਿੰਗਾਂ ਕਰਕੇ ਭਖਾਇਆ ਚੋਣ ਅਖਾੜਾ



**ਜਲੰਧਰ ( ਸ਼ੈਲੀ ਅਲਬਰਟ, ਸੁਰਿੰਦਰ ਕੁਮਾਰ)**-ਆਮ ਆਦਮੀ ਪਾਰਟੀ ਵਲੋਂ ਜਲੰਧਰ ਜ਼ਿਮਨੀ ਚੋਣ ਨੂੰ ਲੈਕੇ ਪਾਰਟੀ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਕੀਤਾ ਜਾ ਰਿਹਾ ਚੋਣ ਪ੍ਰਚਾਰ ਪੂਰੇ ਜੋਬਨ 'ਤੇ ਹੈ। ਸਮਾਲ ਸਕੇਲ ਇੰਡਸਟਰੀਜ ਪੰਜਾਬ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਵੱਲੋਂ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਿਲੌਰ ਅਤੇ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਕੀਤੇ ਗਏ ਚੋਣ ਪ੍ਰਚਾਰ ਨਾਲ ਜਲੰਧਰ ਜ਼ਿਮਨੀ ਚੋਣ ਲਈ ਚੋਣ ਅਖਾੜਾ ਪੂਰੀ ਤਰ੍ਹਾਂ ਭਖਾ ਦਿੱਤਾ। ਉਨ੍ਹਾਂ ਵੱਲੋਂ ਫਿਲੌਰ ਹਲਕੇ ਦੇ ਵੱਖ ਵੱਖ ਵਾਰਡਾਂ ਅਤੇ ਪਿੰਡਾਂ ਦਾ ਤੁਫਾਨੀ ਦੌਰਾ ਕਰਕੇ ਉਥੋਂ ਦੇ ਲੋਕਾਂ ਨੂੰ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਸ਼ਲਾਘਾਯੋਗ ਕੰਮਾਂ ਬਾਰੇ ਜਾਣੂ ਕਰਵਾਇਆ। ਇਸ ਦੌਰਾਨ ਉਨ੍ਹਾਂ ਹਲਕੇ ਦੇ ਲੋਕਾਂ ਨੂੰ ਦੱਸਿਆ ਕਿ ਮਾਨ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ 80 ਪ੍ਰਤੀਸ਼ਤ ਵਾਅਦੇ ਸਰਕਾਰ ਬਣਨ ਤੋਂ ਇੱਕ ਸਾਲ ਦੇ ਅੰਦਰ ਹੀ ਪੂਰੇ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਜਲਦ ਹੀ ਬਾਕੀ ਰਹਿੰਦੇ ਵਾਅਦੇ ਵੀ ਪੂਰੇ ਕੀਤੇ ਜਾ ਰਹੇ ਹਨ। ਭਗਵੰਤ ਮਾਨ ਪੰਜਾਬ ਦੇ ਪਹਿਲੇ ਅਜਿਹੇ ਮੁੱਖ ਮੰਤਰੀ ਹਨ ਜਿਹੜੇ ਲੋਕਾਂ ਲਈ 12-12 ਘੰਟੇ ਕੰਮ ਕਰਦੇ ਹਨ ਅਤੇ ਹਰ ਰੋਜ ਲੋਕ ਹਿੱਤ ਵਿੱਚ ਲਗਾਤਾਰ ਫੈਸਲੇ ਲੈ ਰਹੇ ਹਨ। ਇਸ ਮੌਕੇ ਸੈਂਕੜਿਆਂ ਦੀ ਗਿਣਤੀ ਵਿੱਚ ਹਲਕੇ ਦੇ ਲੋਕਾਂ ਵੱਲੋਂ ਮਾਨ ਸਰਕਾਰ ਦੇ ਕੰਮਾਂ ਤੋਂ ਖੁਸ਼ ਹੋ ਕੇ ਇਸ ਵਾਰ ਜਲੰਧਰ ਜ਼ਿਮਨੀ ਚੋਣ ਵਿੱਚ ਸੁਸੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਵੋਟ ਪਾਉਣ ਦਾ ਵਾਅਦਾ ਕੀਤਾ ਹੈ। ਹਲਕੇ ਦੇ ਲੋਕਾਂ ਵਲੋਂ 'ਆਪ' ਨੂੰ ਲਗਾਤਾਰ ਮਿਲ ਰਹੇ ਸਮਰਥਨ ਤੋਂ ਬਾਅਦ ਵਿਰੋਧੀ ਪਾਰਟੀਆਂ ਜਲੰਧਰ ਜ਼ਿਮਨੀ ਚੋਣ ਪਿੜ ਵਿੱਚ ਪੱਛੜਦੀਆਂ ਨਜ਼ਰ ਆ ਰਹੀਆਂ ਹਨ। ਇਸ ਮੌਕੇ ਸੁਖਦੀਪ ਸਿੰਘ ਅੱਪਰਾ, ਗੁਰਮੁੱਖ ਸਿੰਘ ਅਤੇ ਵੱਖ ਵੱਖ ਹੋਰ ਪਿੰਡਾਂ ਦੇ ਪਤਵੰਤੇ ਸੱਜਣ ਹਾਜਰ ਸਨ।

# ਗੁਰਜੰਟ ਸਿੰਘ ਕੱਟੂ ਦੇ ਹੱਕ 'ਚ ਫਤਵਾ ਦਿੱਤਾ ਜਾਵੇ-ਸਿਮਰਨਜੀਤ ਮਾਨ

**ਭੋਗਪੁਰ:-(ਗੁਰਪ੍ਰੀਤ ਸਿੰਘ ਭੋਗਲ)**ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਲੋਕ ਸਭਾ ਹਲਕਾ ਜਲੰਧਰ ਤੋਂ ਪਾਰਟੀ ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਆਦਮਪੁਰ ਹਲਕੇ ਅਧੀਨ ਆਉਂਦੇ ਭੋਗਪੁਰ ਵੱਖ-ਵੱਖ ਇਲਾਕਿਆਂ ਵਿੱਚ ਪਾਰਟੀ ਆਗੂਆਂ ਨਾਲ ਮੀਟਿੰਗ ਕੀਤੀ ਗਈ ਅਤੇ ਭੋਗਪੁਰ ਵਾਸੀਆਂ ਨੂੰ ਕਿਹਾ ਕਿ ਜੇਕਰ ਪੰਜਾਬ ਨੂੰ ਖੁਸ਼ਹਾਲ ਬਣਾਉਣਾ ਹੈ ਤਾਂ ਇਸ ਵਾਰ ਪਾਰਟੀਬਾਜੀ ਤੋਂ ਉੱਪਰ





ਉਠ ਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਬੇਦਾਗ ਦਿੱਖ ਵਾਲੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਦੇ ਹੱਕ ਵਿੱਚ ਫਤਵਾ ਦਿੱਤਾ ਜਾਵੇ। ਐੱਮ.ਪੀ. ਮਾਨ ਨੇ ਕਿਹਾ ਕਿ ਬਾਦਲ ਦਲ, ਕਾਂਗਰਸ ਦੀਆਂ ਨੀਤੀਆਂ ਤੋਂ ਅੱਕੇ ਪੰਜਾਬ ਦੇ ਲੋਕਾਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ 'ਚ ਆਪਣਾ ਭਰੋਸਾ ਦਿਖਾਇਆ ਸੀ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਭਰੋਸੇ ਨੂੰ ਬਰਕਰਾਰ ਰੱਖਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਸੀ ਐੱਮ ਭਗਵੰਤ ਸਿੰਘ ਮਾਨ ਲੋਕਾਂ ਨਾਲ ਕੀਤੇ ਵਾਅਦੇ ਭੁੱਲ ਕੇ ਆਪਣੇ ਦਿੱਲੀ ਵਾਲੇ ਸਿਆਸੀ ਆਕਾਵਾਂ ਦੀ ਇੱਛਾ ਪੂਰਨ ਤੱਕ ਹੀ ਸੀਮਤ ਰਹਿ ਗਏ ਹਨ। ਵੋਟਾਂ ਤੋਂ ਪਹਿਲਾਂ ਹੋਰਨਾਂ ਪਾਰਟੀਆਂ ਦੇ ਕਾਰਜਕਾਲ ਦੌਰਾਨ ਲੱਗਣ ਵਾਲੇ ਧਰਨਿਆਂ 'ਤੇ ਤਿੱਖੇ ਵਿਅੰਗ ਕਰਕੇ ਲੋਕਾਂ ਦੀ ਵਾਹ-ਵਾਹੀ ਤੇ ਸਮਰਥਨ ਹਾਸਲ ਕਰਨ ਵਾਲੇ ਸੀਐੱਮ ਭਗਵੰਤ ਮਾਨ ਅੱਜ ਆਪਣੀ ਰਿਹਾਇਸ਼ ਅੱਗਿਓਂ ਧਰਨੇ ਖਤਮ ਕਰਨ ਵਿੱਚ ਅਸਮਰੱਥ ਹਨ।

ਧਰਨਿਆਂ ਦੌਰਾਨ ਲਾਠੀਚਾਰਜਾਂ 'ਤੇ ਤੰਜ ਕੱਸਣ ਵਾਲੇ ਭਗਵੰਤ ਮਾਨ ਅੱਜ ਖੁਦ ਧਰਨਾਕਾਰੀਆਂ ਦੀ ਆਵਾਜ ਨੂੰ ਦਬਾਉਣ ਲਈ ਸਰਕਾਰੀ ਡੰਡੇ ਦਾ ਸਹਾਰਾ ਲੈ ਰਹੇ ਹਨ, ਜਦੋਂ ਕਿ ਕੋਈ ਵੀ ਵਾਅਦਾ ਪੂਰਾ ਹੁੰਦਾ ਨਾ ਦੇਖ ਪੰਜਾਬ ਦੇ ਲੋਕ ਖੁਦ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਮਾਨ ਨੇ ਕਿਹਾ ਕਿ ਵੱਖ-ਵੱਖ ਵਰਗਾਂ ਖਾਸ ਕਰਕੇ ਸਿੱਖ ਕੌਮ ਨਾਲ ਹੋਣ ਵਾਲੇ ਵਿਤਕਰੇ ਦੇ ਖਾਤਮੇ, ਹਲਕੇ ਦੀ ਤਰੱਕੀ ਤੇ ਖੁਸ਼ਹਾਲੀ ਲਈ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਗੁਰਜੰਟ ਸਿੰਘ ਕੱਟੂ ਦੀ ਜਿੱਤ ਯਕੀਨੀ ਬਣਾਈ ਜਾਵੇ ਤਾਂ ਜੋ ਵਾਅਦੇ ਕਰਕੇ ਮੁੱਕਰਨ ਵਾਲੀਆਂ ਬਾਦਲ ਦਲ, ਕਾਂਗਰਸ, 'ਆਪ' ਤੇ ਭਾਜਪਾ ਵਰਗੀਆਂ ਸਿਆਸੀ ਪਾਰਟੀਆਂ ਨੂੰ ਸਬਕ ਸਿਖਾਇਆ ਜਾ ਸਕੇ। ਪਾਰਟੀ ਉਮੀਦਵਾਰ ਗੁਰਜੰਟ ਸਿੰਘ ਕੱਟੂ ਨੇ ਕਿਹਾ ਕਿ ਉਹ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਆਦੇਸ਼ਾਂ ਅਨੁਸਾਰ ਹਮੇਸ਼ਾ ਇਲਾਕੇ ਦੇ ਲੋਕਾਂ ਦੀ ਸੇਵਾ ਲਈ ਹਾਜਰ ਰਹਿਣਗੇ।

# ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਮਨਾਇਆ



**ਅਲਾਵਲਪੁਰ, (ਮਦਨ ਬੰਗੜ )**- ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ 132ਵਾਂ ਜਨਮ ਉਤਸਵ ਡਾਕਟਰ ਬੀ ਆਰ ਅੰਬੇਦਕਰ ਵੈਲਫੇਅਰ ਸੁਸਾਇਟੀ ਰਜਿ: ਬੁਲੰਦਪੁਰ ਵੱਲੋਂ ਆਯੋਜਿਤ ਕਰਵਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਕੇਕ ਕੱਟ ਕੇ ਜਨਮ ਉਤਸਵ 'ਤੇ ਖੁਸ਼ੀ ਦਾ ਇਜਹਾਰ ਕੀਤਾ ਗਿਆ। ਮਿਸ਼ਨਰੀ ਗਾਇਕ ਕਮਲ ਤੱਲਣ ਵਲੋਂ ਗੀਤ ਪੇਸ਼ ਕੀਤੇ। ਉਪਰੰਤ ਪ੍ਰਗਤੀ ਕਲਾ ਕੇਂਦਰ ਦੇ ਕਲਾਕਾਰਾਂ ਵੱਲੋਂ ਬਾਬਾ ਸਾਹਿਬ ਦੇ ਮਿਸ਼ਨ ਨਾਲ ਸਬੰਧਤ ਨਾਟਕਾਂ ਦੀ ਪੇਸ਼ਕਾਰੀ ਅਤੇ ਕੋਰੀਓਗ੍ਰਾਫੀ ਦੁਆਰਾ ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾ ਦਿੱਤਾ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਭਾਰਤੀ ਸਵਿਧਾਨ ਸਮਾਜਕ ਆਰਥਕ ਅਤੇ ਪ੍ਰਜਾਤੰਤਰ ਨਿਆਂ ਪ੍ਰਣਾਲੀ ਦੀ ਮਜਬੂਤੀ ਦੀ ਨੀਂਹ ਰੱਖੀ ਗਈ। ਇਸ ਮੌਕੇ ਪ੍ਰਬੰਧਕਾਂ ਵਿੱਚ ਮਾਣਕ ,ਟੇਕ ਚੰਦ ਕਲੇਰ, ਐਡਵੋਕੇਟ ਨਰੇਸ਼ ,ਹਰਜਿੰਦਰ ਕਲੇਰ, ਨਿੰਦਰ , ਕਸਤੂਰੀ ਲਾਲ ਕਲੇਰ ,ਕੁਲਦੀਪ ਕਲੇਰ, ਸੱਤਪਾਲ ਕਾਲਾ ,ਮੁਕੇਸ਼ ਕਲੇਰ , ਸੋਨੀ ਲਾਲ, ਪ੍ਰਸ਼ੋਤਮ ਲਾਲ ,ਸਰਵਨ ਲਾਲ ,ਸੁਰਿੰਦਰ ਸਿੰਘ, ਰਣਜੀਤ ਮਾਹੀ, ਬੋਬੀ ਕਲੇਰ, ਜੋਬਨ ਕਲੇਰ ਆਦਿ ਹਾਜ਼ਰ ਸਨ। ਸਮਾਗਮ ਸਮੇਂ ਸਟੇਜ ਸਕੱਤਰ ਦੀ ਭੂਮਿਕਾ ਪ੍ਰਿੰਸੀਪਲ ਪਰਮਜੀਤ ਜੱਸਲ ਵੱਲੋਂ ਨਿਭਾਈ ਗਈ।

10-May-PAGE- 9.qxd 5/9/2023 10:35 PM Page 1

10-MAY-PAGE-10.qxd 5/9/2023 10:29 PM Page 1



# ਨਸ਼ਿਆਂ ਨੂੰ ਰੋਕਣ ਲਈ ਨੌਜਵਾਨਾਂ ਤੇ ਸੰਘਰਸੀ ਜਥੇਬੰਦੀਆਂ ਵੱਲੋਂ ਥਾਣੇ ਦਾ ਘਿਰਾਓ

## ਡੀ ਐੱਸ ਪੀ ਵੱਲੋਂ ਮੰਚ ਤੋਂ ਨਸ਼ਿਆਂ ਦਾ ਧੰਦਾ ਕਰਨ ਵਾਲੇ ਅਨਸਰਾਂ ਖਿਲਾਫ ਸਖਤ ਕਾਰਵਾਈ ਦੇ ਭਰੋਸੇ ਉਪਰੰਤ ਧਰਨਾ ਮੁਲਤਵੀ

**ਮਾਨਸਾ (ਆਤਮਾ ਸਿੰਘ ਪਮਾਰ)**

ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ, ਮਜ਼ਦੂਰ ਮੁਕਤੀ ਮੋਰਚਾ, ਪੰਜਾਬ ਕਿਸਾਨ ਯੂਨੀਅਨ ਇਨਕਲਾਬੀ ਨੌਜਵਾਨ ਸਭਾ, ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਤੇ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮਾਨਸਾ ਸ਼ਹਿਰ ਅੰਦਰ ਨਸ਼ੀਲੀਆਂ ਗੋਲੀਆਂ, ਚਿੱਟੇ ਤੇ ਸਮੈਕ ਦੇ ਖੁੱਲੇਆਮ ਚੱਲ ਰਹੇ ਗੈਰ-ਕਾਨੂੰਨੀ ਕਾਰੋਬਾਰ ਨੂੰ ਰੋਕਣ ਲਈ ਸ਼ਹਿਰ ਵਿੱਚ ਮੁਜ਼ਾਹਰਾ ਕਰਨ ਤੋਂ ਬਾਅਦ ਸਿਟੀ ਥਾਣੇ-1 ਦਾ ਘਿਰਾਓ ਕੀਤਾ ਗਿਆ। ਇਸ ਘਿਰਾਓ ਨੂੰ ਸੰਬੋਧਨ ਕਰਦਿਆਂ ਲਿਬਰੇਸ਼ਨ ਦੇ ਕੇਂਦਰੀ ਆਗੂ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਮਾਨਸਾ ਸ਼ਹਿਰ ਅੰਦਰ ਖੁੱਲੇਆਮ ਕੈਮਿਸਟਾਂ ਦੀਆਂ ਦੁਕਾਨਾਂ 'ਤੇ ਨਸ਼ੀਲੀਆਂ ਗੋਲੀਆਂ ਤੇ ਗਲੀ ਮੁਹੱਲਿਆਂ ਵਿੱਚ ਚਿੱਟਾ ਵਿਕ ਰਿਹਾ ਹੈ, ਜਿਸ ਦਾ ਸ਼ਿਕਾਰ ਹੋਰਨਾਂ ਤੋਂ ਇਲਾਵਾ ਸਕੂਲ ਪੜ੍ਹਦੇ ਨਬਾਲਿਗ ਮੁੰਡੇ-ਕੁੜੀਆਂ ਤੱਕ ਵੀ ਹੋ ਰਹੇ ਹਨ। ਨਸ਼ਿਆਂ ਕਾਰਨ ਦਰਜਨਾਂ ਨੌਜਵਾਨ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ। ਇਸ ਲਈ ਪਾਰਟੀ ਨੇ ਸਮੂਹ ਸੰਘਰਸ਼ੀ ਜਥੇਬੰਦੀਆਂ ਦੇ ਸਹਿਯੋਗ ਨਾਲ 'ਨਸ਼ੇ ਨਹੀਂ, ਰੁਜ਼ਗਾਰ ਦਿਓ' ਮੁਹਿੰਮ ਆਰੰਭ ਕੀਤੀ ਹੋਈ ਹੈ। ਇਹ ਘਿਰਾਓ ਵੀ ਉਸੇ ਮੁਹਿੰਮ ਦਾ ਹਿੱਸਾ ਹੈ, ਤਾਂ ਜੋ ਸਰਕਾਰ ਤੇ ਪੁਲਸ ਪ੍ਰਸ਼ਾਸਨ 'ਤੇ ਨਸ਼ੇ ਵੇਚਣ ਵਾਲਿਆਂ ਤੇ ਉਨ੍ਹਾਂ ਦੇ ਸਰਪ੍ਰਸਤਾਂ ਖਿਲਾਫ ਕਾਰਵਾਈ ਲਈ ਜਨਤਕ ਦਬਾਅ ਬਣਾਇਆ ਜਾ ਸਕੇ। ਘਿਰਾਓ ਨੂੰ ਮਜ਼ਦੂਰ ਮੁਕਤੀ ਮੋਰਚਾ ਦੇ ਵਿਜੈ ਕੁਮਾਰ ਭੀਖੀ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਭੀਖੀ, ਗੁਰਜੰਟ ਸਿੰਘ ਮਾਨਸਾ, ਕਾਮਰੇਡ ਸੁਖਦਰਸ਼ਨ ਸਿੰਘ ਨੱਤ, ਅਸਿਸਟੈਂਟ ਸੁਪਰਡੈਂਟ ਜੇਲ੍ਹ (ਰਿਟਾ.) ਪ੍ਰੀਤਮ ਸਿੰਘ ਖਾਲਸਾ, ਜਮਹੂਰੀ ਕਿਸਾਨ ਸਭਾ ਵੱਲੋਂ ਮੇਜਰ ਸਿੰਘ ਦੂਲੋਵਾਲ, ਉੱਤਰਾਧਿਕਾਰੀ ਫਰੀਡਮ ਫਾਈਟਰਜ਼ ਕਮੇਟੀ ਵੱਲੋਂ ਬਲਜੀਤ ਸਿੰਘ ਸੇਠੀ, ਮੁਸਲਿਮ ਕਮੇਟੀ ਮਾਨਸਾ ਵੱਲੋਂ ਹਬੀਬ ਖਾਨ, ਗੋਗੀ ਸਿੰਘ ਸੱਦੇ ਵਾਲਾ, ਪਾਰਟੀ ਦੀ ਤਹਿਸੀਲ ਕਮੇਟੀ ਝੁਨੀਰ ਵੱਲੋਂ ਬਲਵਿੰਦਰ ਘਰਾਂਗਣਾ, ਨੌਜਵਾਨ ਆਗੂ ਪਰਮਿੰਦਰ ਝੋਟਾ, ਗੁਰਦੀਪ ਸਿੰਘ ਝੁਨੀਰ, ਬਲਵੀਰ ਗੁਲੂ, ਐਡਵੋਕੇਟ ਲਖਵਿੰਦਰ ਲਖਨਪਾਲ, ਆਇਸਾ ਆਗੂ ਸੁਖਜੀਤ ਸਿੰਘ ਰਾਮਾਨੰਦੀ, ਪੈਰਾ ਮੈਡੀਕਲ ਐਸੋਸੀਏਸ਼ਨ ਦੇ ਆਗੂ ਕੇਵਲ ਸਿੰਘ, ਸੀ ਪੀ ਆਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਸੋਸ਼ਲਿਸਟ ਪਾਰਟੀ ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਮਾਨਸ਼ਾਹੀਆ, ਕ੍ਰਿਸ਼ਨਾ ਕੌਰ ਮਾਨਸਾ, ਟਰਾਲੀ ਯੂਨੀਅਨ ਦੇ ਪ੍ਰਧਾਨ ਪ੍ਰਦੀਪ ਸਿੰਘ, ਇਨਕਲਾਬੀ ਨੌਜਵਾਨ ਸਭਾ ਵੱਲੋਂ ਹਰਦਮ ਸਿੰਘ ਮਾਨਸਾ, ਲਿਬਰੇਸ਼ਨ ਮਾਨਸਾ ਸਿਟੀ ਕਮੇਟੀ ਦੇ ਸਕੱਤਰ ਸੁਰਿੰਦਰ ਪਾਲ ਸ਼ਰਮਾ, ਦੋਧੀ ਯੂਨੀਅਨ ਦੇ ਪ੍ਰਧਾਨ ਸੱਤ ਪਾਲ ਭੈਣੀ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਰੂਪ ਸਿੰਘ ਢਿੱਲੋਂ, ਹੈਲਪਿੰਗ ਹੈਂਡ ਵੱਲੋਂ ਸਾਰਾ ਸਿੰਘ ਜੋਗਾ, ਔਰਤ ਆਗੂ ਹਰਵਿੰਦਰ ਕੌਰ ਸੱਦਾ ਸਿੰਘ ਵਾਲਾ, ਬਲਵਿੰਦਰ ਕੌਰ ਮਾਨਸਾ ਨੇ ਵੀ ਸੰਬੋਧਨ ਕੀਤਾ। ਮੰਚ ਸੰਚਾਲਨ ਕਾਮਰੇਡ ਗੁਰਸੇਵਕ ਸਿੰਘ ਮਾਨ ਵੱਲੋਂ ਕੀਤਾ ਗਿਆ। ਉਧਰ ਦੂਜੇ ਪਾਸੇ ਪੁਲਸ ਤੇ ਪ੍ਰਦਰਸ਼ਨਕਾਰੀਆਂ ਦੇ ਵਫਦ ਦਰਮਿਆਨ ਲੰਬੀ ਗੱਲਬਾਤ ਤੋਂ ਬਾਅਦ ਡੀ ਐੱਸ ਪੀ ਸਿਟੀ ਸੰਜੀਵ ਗੋਇਲ ਨੇ ਮੰਚ ਤੋਂ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਧੰਦੇ ਵਿੱਚ ਲੱਗੇ ਪੁਲਸ ਮੁਲਾਜ਼ਮਾਂ ਸਮੇਤ ਨਸ਼ੇ ਵੇਚਣ ਦਾ ਧੰਦਾ ਕਰਨ ਵਾਲੇ ਮੈਡੀਕਲ ਸਟੋਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉੱਚ ਅਧਿਕਾਰੀਆਂ ਨਾਲ ਗੱਲ ਕਰਕੇ ਮੈਡੀਕਲ ਸਟੋਰਾਂ ਦੇ ਖੁੱਲ੍ਹਣ ਤੇ ਬੰਦ ਕਰਨ ਦਾ ਸਮਾਂ ਵੀ ਨਿਸਚਤ ਕੀਤਾ ਜਾਵੇਗਾ, ਪਾਬੰਦੀ-ਸ਼ੁਦਾ ਦਵਾਈਆਂ ਵੇਚਣ ਵਾਲਿਆਂ ਤੇ ਡਾਕਟਰ ਦੀ ਪਰਚੀ ਤੋਂ ਬਿਨਾਂ ਦਰਦ ਨਿਵਾਰਕ ਦਵਾਈਆਂ ਵੇਚਣ ਵਾਲੇ ਕੈਮਿਸਟਾਂ ਖਿਲਾਫ ਕੇਸ ਦਰਜ ਕੀਤੇ ਜਾਣਗੇ ਤੇ ਉਨ੍ਹਾਂ ਦੇ ਲਾਈਸੈਂਸ ਰੱਦ ਕਰਵਾਏ ਜਾਣਗੇ। ਵਿਜੀਲੈਂਸ ਤੋਂ ਜਾਲ੍ਹੀ ਲਾਈਸੈਂਸਾਂ ਬਾਰੇ ਵੀ ਜਾਂਚ ਕਰਵਾਉਣ ਦੀ ਗੱਲ ਕਹੀ। ਡੀ ਐੱਸ ਪੀ ਵੱਲੋਂ ਦਿੱਤੇ ਇਸ ਭਰੋਸੇ ਤੋਂ ਬਾਅਦ ਥਾਣੇ ਦਾ ਘਿਰਾਓ ਮੁਲਤਵੀ ਕਰ ਦਿੱਤਾ ਗਿਆ।



# ਗਿਆਸਪੁਰਾ ਗੈਸ ਲੀਕ ਮਾਮਲਾ : ਐੱਨ ਜੀ ਟੀ ਦੀ ਤੱਥ ਖੋਜ ਕਮੇਟੀ ਵੱਲੋਂ ਜਾਂਚ ਸ਼ੁਰੂ

**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)**-ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ.ਜੀ.ਟੀ.) ਦੁਆਰਾ ਗਠਿਤ ਅੱਠ ਮੈਂਬਰੀ ਤੱਥ ਖੋਜ ਕਮੇਟੀ ਵੱਲੋਂ ਲੁਧਿਆਣਾ ਦੇ ਗਿਆਸਪੁਰਾ ਇਲਾਕੇ ਦਾ ਦੌਰਾ ਕੀਤਾ ਗਿਆ ਅਤੇ 30 ਅਪ੍ਰੈਲ 2023 ਨੂੰ 11 ਵਿਅਕਤੀਆਂ ਦੀ ਮੌਤ ਦਾ ਕਾਰਨ ਬਣਨ ਵਾਲੇ ਗੈਸ ਲੀਕ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਕਮੇਟੀ ਦੀ ਅਗਵਾਈ ਪੀ.ਪੀ.ਸੀ.ਬੀ. ਦੇ ਚੇਅਰਮੈਨ ਡਾਕਟਰ ਆਦਰਸ਼ ਪਾਲ ਵਿਗ ਕਰ ਰਹੇ ਹਨ ਤੇ ਇਸ ਵਿੱਚ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਚੰਡੀਗੜ੍ਹ ਦੇ ਖੇਤਰੀ ਨਿਰਦੇਸ਼ਕ (ਉੱਤਰ), ਗੁਰਨਾਮ ਸਿੰਘ, ਸੀ.ਐੱਸ.ਆਈ.ਆਰ-ਇੰਡੀਅਨ ਇੰਸਟੀਚਿਊਟ ਆਫ਼ ਟੌਕਸੀਕੋਲੋਜੀ ਰਿਸਰਚ, ਲਖਨਊ ਤੋਂ ਸ਼ੀਲੇਂਦਰ ਪ੍ਰਤਾਪ ਸਿੰਘ, ਪੀ.ਜੀ.ਆਈ.ਐੱਮ.ਈ.ਆਰ. ਚੰਡੀਗੜ੍ਹ ਤੋਂ ਡਾ. ਲਕਸ਼ਮੀ, ਨੈਸ਼ਨਲ ਡਿਜਾਸਟਰ ਰਿਸਪਾਂਸ ਫੋਰਸ (ਐੱਨ.ਡੀ.ਆਰ.ਐੱਫ.) ਤੋਂ ਉੱਤਮ ਚੰਦ, ਜ਼ਿਲ੍ਹਾ ਮੈਜਿਸਟਰੇਟ ਸੁਰਭੀ ਮਲਿਕ, ਨਗਰ ਨਿਗਮ ਕਮਿਸ਼ਨਰ ਡਾ. ਸ਼ੇਨਾ ਅਗਰਵਾਲ, ਮੈਂਬਰ ਸਕੱਤਰ ਪੀ.ਪੀ.ਸੀ.ਬੀ. ਇੰਜੀ: ਜੀ. ਐੱਸ. ਮਜੀਠੀਆ ਸ਼ਾਮਲ ਹਨ। ਕਮੇਟੀ ਵੱਲੋਂ ਮੈਨਹੋਲ, ਮਿਲਕ ਬੂਥ ਤੇ ਹੋਰਾਂ ਸਮੇਤ ਦੁਰਘਟਨਾ ਵਾਲੀ ਥਾਂ ਦੇ ਨੇੜੇ ਸਾਰੀਆਂ ਥਾਵਾਂ ਦਾ ਜਾਇਜ਼ਾ ਲਿਆ। ਕਮੇਟੀ ਵੱਲੋਂ ਘਟਨਾਸਥੱਲ ਦੇ ਨੇੜੇ ਰਹਿਣ ਵਾਲੇ ਲੋਕਾਂ, ਬਚਾਅ ਕਰਨ ਵਾਲਿਆਂ ਤੇ ਚਸ਼ਮਦੀਦ ਗਵਾਹਾਂ ਦੇ ਬਿਆਨ ਵੀ ਦਰਜ ਕੀਤੇ, ਜਿਨ੍ਹਾਂ ਵੱਲੋਂ ਮੈਂਬਰਾਂ ਨੂੰ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ। ਕਮੇਟੀ ਮੈਂਬਰਾਂ ਵੱਲੋਂ ਘਟਨਾ ਸਬੰਧੀ ਵਾਇਰਲ ਹੋਈਆਂ ਵੱਖ-ਵੱਖ ਵੀਡੀਓਜ਼ ਦੀ ਰਿਕਾਰਡਿੰਗ ਵੀ ਲਈ। ਪੈਨਲ ਦੇ ਮੁਖੀ ਡਾ. ਆਦਰਸ਼ ਪਾਲ ਵਿਗ ਨੇ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੈਸ ਲੀਕ ਹਾਦਸੇ ਸਬੰਧੀ ਕਿਸੇ ਵੀ ਤਰ੍ਹਾਂ ਦੇ ਸਬੂਤ ਇਸ ਘਟਨਾ ਦੀ ਵਿਸ਼ੇਸ਼ ਤੌਰ 'ਤੇ ਜਾਂਚ ਵਿੱਚ ਸਹਿਯੋਗ ਲਈ ਕਮੇਟੀ ਕੋਲ ਜਮ੍ਹਾਂ ਕਰਵਾਉਣ।

ਡਾ. ਵਿਗ ਨੇ ਕਿਹਾ ਕਿ ਪੈਨਲ ਇੱਕ ਵਿਸਤ੍ਰਿਤ ਤੇ ਤੱਥਾਂ 'ਤੇ ਅਧਾਰਤ ਰਿਪੋਰਟ ਤਿਆਰ ਕਰੇਗਾ ਤਾਂ ਜੋ ਭਵਿੱਖ ਵਿੱਚ ਅਜਿਹਾ ਮੰਦਭਾਗਾ ਤੇ ਦੁੱਖਦਾਈ ਹਾਦਸਾ ਨਾ ਵਾਪਰੇ। ਇਹ ਇੱਕ ਪਲੇਠੀ ਮੀਟਿੰਗ ਸੀ ਤੇ ਸਾਰੀਆਂ ਤਕਨੀਕੀ ਏਜੰਸੀਆਂ ਨੂੰ ਤੱਥ ਖੋਜ ਕਮੇਟੀ ਦੁਆਰਾ ਹੋਰ ਵਿਚਾਰ/ਵਿਸ਼ਲੇਸ਼ਣ ਲਈ ਆਪਣੇ ਆਦੇਸ਼ ਅਨੁਸਾਰ ਆਪਣੀਆਂ ਰਿਪੋਰਟਾਂ ਪੇਸ਼ ਕਰਨ ਲਈ ਕਿਹਾ ਗਿਆ ਹੈ।



## ਕਾਤਰਾਂ

### ਖੇਤਾਂ 'ਚੋਂ ਮੋਟਰਾਂ ਚੋਰੀ ਹੋਣ ਦਾ ਸਿਲਸਿਲਾ ਜਾਰੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਇਲਾਕੇ ਵਿੱਚ ਕਿਸਾਨਾਂ ਦੇ ਖੇਤਾਂ 'ਚ ਲੱਗੀਆਂ ਮੋਟਰਾਂ ਚੋਰੀ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਤੇ ਬੀਤੇ ਕੱਲ੍ਹ ਰਾਤ ਫਿਰ ਚੋਰਾਂ ਨੇ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪਿੰਡ ਤੱਖਰਾਂ ਦੇ ਕਿਸਾਨ ਨਾਇਬ ਸਿੰਘ, ਸੁਖਦੇਵ ਸਿੰਘ, ਹਰਦੀਪ ਸਿੰਘ ਤੇ ਸੰਤੋਖ ਸਿੰਘ ਨੇ ਦੱਸਿਆ ਕਿ ਚੋਰ ਉਨ੍ਹਾਂ ਦੇ ਖੇਤਾਂ 'ਚ ਲੱਗੀਆਂ ਮੋਟਰਾਂ 'ਚੋਂ ਤਾਂਬਾ ਚੋਰੀ ਕਰਕੇ ਲੈ ਗਏ। ਉਨ੍ਹਾ ਦੱਸਿਆ ਕਿ ਜਦੋਂ ਉਹ ਰੋਜ਼ਾਨਾ ਦੀ ਤਰ੍ਹਾਂ ਖੇਤਾਂ ਵਿੱਚ ਗੇੜਾ ਮਾਰਨ ਆਏ ਤਾਂ ਦੇਖਿਆ ਕਿ ਮੋਟਰਾਂ ਨੂੰ ਖੋਲ੍ਹ ਕੇ ਉਸ ਵਿੱਚੋਂ ਤਾਂਬਾ ਕੱਢਿਆ ਹੋਇਆ ਸੀ, ਜਦਕਿ ਬਾਕੀ ਸਾਮਾਨ ਉੱਥੇ ਹੀ ਛੱਡ ਦਿੱਤਾ ਗਿਆ। ਕਿਸਾਨਾਂ ਨੇ ਪੁਲਸ ਤੋਂ ਮੰਗ ਕੀਤੀ ਕਿ ਇਨ੍ਹਾਂ ਚੋਰਾਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਇਸ ਗਰੋਹ ਤੋਂ ਨਿਜ਼ਾਤ ਦਿਵਾਈ ਜਾਵੇ।

### ਉਪ ਚੋਣ ਦੇ ਮੱਦੇਨਜ਼ਰ ਸਰਚ ਅਪ੍ਰੇਸ਼ਨ



**ਮੂਨਕ (ਰਾਜਪਾਲ ਸਿੰਗਲਾ)**-10 ਮਈ ਨੂੰ ਜਲੰਧਰ ਦੀ ਲੋਕ ਸਭਾ ਉਪ ਚੋਣ ਦੇ ਮੱਦੇਨਜ਼ਰ ਡੀ ਜੀ ਪੀ ਪੰਜਾਬ ਦੇ ਹੁਕਮਾਂ ਅਨੁਸਾਰ ਐਸ ਐਚ ਓ ਮੂਨਕ ਸੁਰਿੰਦਰ ਭੱਲਾ ਦੀ ਅਗਵਾਈ ਹੇਠ ਨਸ਼ੇ ਦੇ ਸੁਦਾਗਰਾਂ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਅਤੇ ਇਲਾਕੇ ਦੀ ਅਮਨ ਸ਼ਾਂਤੀ ਨੂੰ ਬਰਕਰਾਰ ਰੱਖਣ ਦੇ ਮੰਤਵ ਨਾਲ ਚਲਾਏ ਗਏ ਸਰਚ ਅਪ੍ਰੇਸ਼ਨ ਦੌਰਾਨ ਤਲਾਸ਼ੀ ਮੁਹਿੰਮ ਆਰੰਭੀ ਗਈ। ਜਿਸ ਦੌਰਾਨ ਬੱਸ ਅੱਡਿਆਂ, ਭੀੜ ਭੜੱਕੇ ਵਾਲੀਆਂ ਥਾਵਾਂ, ਧਾਰਮਕ ਸਥਾਨਾਂ, ਹੋਟਲਾਂ, ਬਾਹਰਲੇ ਰਾਜਾਂ ਤੋਂ ਆਉਣ ਵਾਲੇ ਵਾਹਨਾਂ ਆਦਿ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਪੁਲਸ ਵੱਲੋਂ ਹੋਟਲ ਮਾਲਕ ਅਤੇ ਧਾਰਮਕ ਸਥਾਨਾਂ ਦੇ ਮੁਖੀਆਂ ਨੂੰ ਹਦਾਇਤਾਂ ਵੀ ਜਾਰੀ ਕੀਤੀਆਂ ਕਿ ਰੁਕਣ ਵਾਲੇ ਲੋਕਾਂ ਤੋਂ ਆਈ ਡੀ ਪਰੂਫ਼ ਲਏ ਜਾਣ ਅਤੇ ਰੁਕਣ ਵਾਲੇ ਲੋਕਾਂ ਦੀ ਪੂਰੀ ਜਾਣਕਾਰੀ ਰੱਖੇ ਗਏ ਰਜਿਸਟਰ ਵਿੱਚ ਦਰਜ ਹੋਏ। ਜੇਕਰ ਕੋਈ ਸ਼ੱਕੀ ਵਿਅਕਤੀ ਨਜ਼ਰ ਆਉਂਦਾ ਹੈ, ਉਸ ਦੀ ਸੂਚਨਾ ਤੁਰੰਤ ਥਾਣੇ 'ਚ ਦਿੱਤੀ ਜਾਵੇ। ਚਲਾਏ ਗਏ ਸਰਚ ਅਪ੍ਰੇਸ਼ਨ ਦੌਰਾਨ ਕਿਤੋਂ ਵੀ ਕੋਈ ਇਤਰਾਜ਼ਯੋਗ ਸਮੱਗਰੀ ਨਹੀਂ ਮਿਲੀ। ਇਸ ਸੰਬੰਧੀ ਮੂਨਕ ਦੇ ਐਸ ਐਚ ਓ ਭੱਲਾ ਨੇ ਦੱਸਿਆ ਕਿ ਸਮਾਜ ਵਿਰੋਧੀ ਅਨਸਰਾਂ 'ਤੇ ਸਖਤ ਨਜ਼ਰ ਰੱਖੀ ਜਾ ਰਹੀ ਹੈ। ਪੁਲਸ ਦੀ ਗਸ਼ਤ ਵਧਾ ਦਿੱਤੀ ਹੈ ਤਾਂ ਕਿ ਕੋਈ ਅਣਸੁਖਾਵੀਂ ਘਟਨਾ ਵਾਪਰਨ ਤੋਂ ਰੋਕੀ ਜਾ ਸਕੇ।

### ਮੁਕਤਸਰ ਵਿਕਾਸ ਮਿਸ਼ਨ ਦੀ ਮੀਟਿੰਗ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੀ ਵਿਸ਼ੇਸ਼ ਮੀਟਿੰਗ 10 ਮਈ ਨੂੰ ਸ਼ਾਮ 5:00 ਵਜੇ ਸਥਾਨਕ ਨਾਮਦੇਵ ਭਵਨ ਵਿਖੇ ਹੋਵੇਗੀ। ਮੀਟਿੰਗ ਦੀ ਪ੍ਰਧਾਨਗੀ ਮਿਸ਼ਨ ਮੁਖੀ ਜਗਦੀਸ਼ ਰਾਏ ਢੋਸੀਵਾਲ ਕਰਨਗੇ। ਮੀਟਿੰਗ 'ਚ ਦਿੱਲੀ ਦੇ ਜੰਤਰ ਮੰਤਰ ਵਿਖੇ ਕੁਸ਼ਤੀ ਪਹਿਲਵਾਨਾਂ ਦੇ ਸੰਘਰਸ਼ ਬਾਰੇ ਤੇ ਮਿਸ਼ਨ ਵੱਲੋਂ ਪ੍ਰਿੰਸੇਸ ਆਫ਼ ਮੁਕਤਸਰ ਮੁਕਾਬਲੇ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਢੋਸੀਵਾਲ ਨੇ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।

### ਮਾਣਹਾਨੀ ਕੇਸ 'ਚ ਅਗਰਵਾਲ ਸਭਾ ਦੇ ਸਾਬਕਾ ਪ੍ਰਧਾਨ ਸਮੇਤ 9 ਸੈਕਟਰੀਆਂ ਨੂੰ ਸੰਮਨ ਜਾਰੀ

**ਸੰਗਰੂਰ (ਪ੍ਰਵੀਨ ਸਿੰਘ)**-ਵਿਜੈ ਕੁਮਾਰ ਗੁਪਤਾ ਸਾਬਕਾ ਪ੍ਰਧਾਨ ਅਗਰਵਾਲ ਸਭਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਵਲ ਜੱਜ ਲਵਲੀਨ ਸੰਧੂ ਦੀ ਅਦਾਲਤ ਨੇ ਮੁਦਈ ਪੱਖ ਦੇ ਵਕੀਲ ਸੰਜੀਵ ਗੋਇਲ ਵੱਲੋਂ ਕੀਤੀ ਪੈਰਵੀ ਤੋਂ ਬਾਅਦ ਮਾਣਹਾਨੀ ਦੇ ਇੱਕ 6 ਸਾਲ ਪੁਰਾਣੇ ਕੇਸ 'ਚ ਅਗਰਵਾਲ ਸਭਾ ਸੰਗਰੂਰ ਦੇ ਸਾਬਕਾ ਪ੍ਰਧਾਨ ਵੇਦ ਗੁਪਤਾ, ਸੈਕਟਰੀ ਦੀਪਕ ਅਗਰਵਾਲ, ਸਰਪ੍ਰਸਤ ਅਸ਼ੋਕ ਕੁਮਾਰ ਰਾਜਾ, ਰਾਮ ਲਾਲ ਗਰਗ, ਰਾਮ ਲਾਲ ਰਾਮਾ, ਵਨੀਤ ਗੋਇਲ, ਪ੍ਰਮੋਦ ਕੁਮਾਰ, ਸੰਦੀਪ ਕੁਮਾਰ ਅਤੇ ਦੀਨ ਦਿਆਲ ਨੂੰ 17 ਮਈ ਲਈ ਸੰਮਨ ਜਾਰੀ ਕੀਤੇ ਹਨ। ਗੁਪਤਾ ਨੇ ਇਕ ਸ਼ਿਕਾਇਤ ਸਾਲ 2017 'ਚ ਅਦਾਲਤ 'ਚ ਦਾਖਲ ਕੀਤੀ ਸੀ ਕਿ ਉਪਰੋਕਤ ਵਿਅਕਤੀਆਂ ਨੇ ਇੱਕ ਸਾਜਿਸ਼ ਤਹਿਤ ਬਦਨਾਮ ਕਰਨ ਦੀ ਮਨਸਾ ਹਿੱਤ ਅਗਰਵਾਲ ਸਭਾ ਦਾ ਨਾਂਅ ਵਰਤ ਕੇ ਬਿਨਾਂ ਕੋਈ ਮਤਾ ਪਾਸ ਕੀਤੇ ਵਿਜੈ ਗੁਪਤਾ ਦੇ ਖਿਲਾਫ ਆਮ ਆਦਮੀ ਪਾਰਟੀ ਦੇ ਕਨਵੀਨਰ ਨੂੰ ਝੂਠੇ ਦੋਸ਼ ਲਗਾ ਕੇ ਚਿੱਠੀ ਲਿਖੀ ਸੀ ਅਤੇ ਉਹ ਚਿੱਠੀ ਇਨ੍ਹਾਂ ਨੇ ਸਾਰੇ ਅਖਵਾਰਾਂ ਵਿੱਚ ਛਪਾ ਦਿੱਤੀ ਸੀ। ਅਦਾਲਤ ਨੇ ਸ਼ਿਕਾਇਤ ਕਰਤਾ ਦੀਆਂ ਦਲੀਲਾਂ, ਦਸਤਾਵੇਜ਼ ਅਤੇ ਪੇਸ਼ ਕੀਤੇ ਗਵਾਹਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਉਪਰੋਕਤ 9 ਵਿਅਕਤੀਆਂ ਨੂੰ 17 ਮਈ ਨੂੰ ਮਾਣਹਾਨੀ ਕੇਸ ਵਿੱਚ ਸੰਮਨ ਜਾਰੀ ਕੀਤੇ ਹਨ।

# ਖਿਡਾਰੀਆਂ ਦੇ ਸਮਰਥਨ 'ਚ ਹਜ਼ਾਰਾਂ ਕਿਸਾਨ ਜੰਤਰ ਮੰਤਰ ਪੁੱਜੇ

## ਮਹਿਲਾ ਖਿਡਾਰੀਆਂ ਨੂੰ ਇਨਸਾਫ ਮਿਲਣ ਤੱਕ ਸਮਰਥਨ ਜਾਰੀ ਰਹੇਗਾ : ਡੱਲੇਵਾਲ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਦਿੱਲੀ ਦੇ ਜੰਤਰ ਮੰਤਰ ਵਿਖੇ ਧਰਨੇ 'ਤੇ ਬੈਠੀਆਂ ਮਹਿਲਾ ਖਿਲਾੜੀਆਂ ਦੇ ਸਮਰਥਨ ਵਿੱਚ ਪੰਜਾਬ ਤੋਂ ਵੱਖ ਵੱਖ ਜਥੇਬੰਦੀਆਂ ਨਾਲ ਸਬੰਧ ਰੱਖਦੇ ਹਜ਼ਾਰਾਂ ਕਿਸਾਨ ਕਾਫਲੇ ਬੰਨ੍ਹ ਕੇ ਦਿੱਲੀ ਵੱਲ ਨੂੰ ਰਵਾਨਾ ਹੋ ਰਹੇ ਹਨ। ਮਿਲੀ ਜਾਣਕਾਰੀ ਅਨੁਸਾਰ ਸੰਯੁਕਤ ਕਿਸਾਨ ਮੋਰਚਾ ਭਾਰਤ (ਗੈਰ-ਰਾਜਨੀਤਕ) ਦੀ ਅਗਵਾਈ ਵਿੱਚ ਅੱਜ ਹਜ਼ਾਰਾਂ ਕਿਸਾਨਾਂ ਨੇ ਦਿੱਲੀ ਜੰਤਰ-ਮੰਤਰ ਉੱਤੇ ਪਹਿਲਵਾਨਾਂ ਦੇ ਹੱਕ ਵਿੱਚ ਪਹੁੰਚ ਕੇ ਪਹਿਲਵਾਨਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਬੋਲਦਿਆਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਮਹਿਲਾ ਖਿਡਾਰੀਆਂ ਨੂੰ ਇਨਸਾਫ ਮਿਲਣ ਤੱਕ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦਾ ਸਮਰਥਨ ਜਾਰੀ ਰਹੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਨਾਰੀ ਸਨਮਾਨ ਨੂੰ ਮੁੱਖ ਰੱਖਦੇ ਹੋਏ ਤੇ ਦੇਸ਼ ਲਈ ਗੋਲਡ ਮੈਡਲ ਜਿੱਤ ਕੇ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੇ ਖਿਡਾਰੀਆਂ ਦੀ ਕਦਰ ਕਰਦੇ ਦੋਸ਼ੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਤੁਰੰਤ ਗ੍ਰਿਫਤਾਰ ਕਰਕੇ ਖਿਡਾਰੀਆਂ ਨੂੰ ਇਨਸਾਫ ਦੇਣਾ ਚਾਹੀਦਾ ਹੈ। ਆਗੂਆਂ ਨੇ ਕਿਹਾ ਕਿ ਪੋਕਸੋ ਜਿਹੀਆਂ ਸੰਗੀਨ ਧਾਰਾਵਾਂ ਤਹਿਤ ਮਾਮਲਾ ਦਰਜ ਹੋਣ ਦੇ ਬਾਵਜੂਦ ਦੋਸ਼ੀ ਸਾਂਸਦ ਤੋਂ ਪੁੱਛਗਿੱਛ ਜਾਂ ਗ੍ਰਿਫਤਾਰੀ ਨਾ ਹੋਣੀ ਕੇਂਦਰ ਸਰਕਾਰ ਦੀ ਬਹੁਤ ਹੀ ਨਿੰਦਣਯੋਗ ਕਾਰਵਾਈ ਹੈ। ਇਸ ਮੌਕੇ ਬੋਲਦਿਆਂ ਅਭੀਮੰਨਿਊ ਕੋਹਾੜ ਨੇ ਕਿਹਾ ਕਿ ਦੋਸ਼ੀਆਂ ਨੂੰ ਬਚਾਉਣਾ ਤੇ ਪੀੜਤਾਂ ਨਾਲ ਧੱਕਾ ਕਰਨਾ ਸਰਕਾਰਾਂ ਦੀ ਸ਼ੁਰੂ ਤੋਂ ਹੀ ਪਿਰਤ ਰਹੀ ਹੈ, ਪ੍ਰੰਤੂ ਕਿਸਾਨ ਮੋਰਚਾ ਸਰਕਾਰ ਦੀਆਂ ਅਜਿਹੀਆਂ ਧੱਕੇਸ਼ਾਹੀਆਂ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਇਸ ਮੌਕੇ ਜਗਜੀਤ ਸਿੰਘ ਡੱਲੇਵਾਲ, ਸ਼ਿਵ ਕੁਮਾਰ ਕੱਕਾ, ਬਲਦੇਵ ਸਿੰਘ ਸਿਰਸਾ, ਅਭੀਮੰਨਿਊ ਕੋਹਾੜ, ਕੇ ਵੀ ਬੀਜੂ, ਸੁਖਦੇਵ ਸਿੰਘ ਭੋਜਰਾਜ, ਸੁਖਪਾਲ ਸਿੰਘ ਡੱਫਰ, ਕਾਕਾ ਸਿੰਘ ਕੋਟੜਾ, ਸੇਵਾ ਸਿੰਘ ਆਰੀਆ, ਜਰਨੈਲ ਸਿੰਘ ਚਾਹਲ, ਲਖਵਿੰਦਰ ਸਿੰਘ ਔਲਖ, ਮਾਸਟਰ ਆਤਮਾ ਰਾਮ ਝੋਰੜ, ਗੁਰਦਾਸ ਸਿੰਘ ਲੱਕੜਵਾਲ, ਗਗਨ ਚੌਧਰੀ, ਐਡਵੋਕੇਟ ਕੰਵਰਜੀਤ ਸਿੰਘ ਨੇ ਵੀ ਧਰਨੇ ਨੂੰ ਸੰਬੋਧਨ ਕੀਤਾ।

## ਜ਼ਿਲ੍ਹਾ ਕੁਸ਼ਤੀ ਸੰਸਥਾ ਵੱਲੋਂ ਪਹਿਲਵਾਨਾਂ ਦੇ ਸੰਘਰਸ਼ ਦੀ ਹਮਾਇਤ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਕੁਸ਼ਤੀ ਅਸੋਸੀਏਸ਼ਨ ਮੋਗਾ ਵੱਲੋਂ ਦਿੱਲੀ ਵਿਖੇ ਚੱਲ ਰਹੇ ਪਹਿਲਵਾਨਾਂ ਦੇ ਸੰਘਰਸ਼ ਦੀ ਸਪਸ਼ਟ ਹਮਾਇਤ ਕਰ ਦਿੱਤੀ ਗਈ ਹੈ। ਹਮਾਇਤ ਦਾ ਐਲਾਨ ਕਰਦੇ ਹੋਏ ਸੰਸਥਾ ਦੇ ਪ੍ਰਧਾਨ ਡਾ. ਹਰਗੁਰਪਰਤਾਪ ਸਿੰਘ (ਦੀਪ ਹਸਪਤਾਲ ਨਿਹਾਲ ਸਿੰਘ ਵਾਲਾ) ਨੇ ਕਿਹਾ ਕਿ ਭਾਰਤ ਦੀ ਕੇਂਦਰ ਸਰਕਾਰ ਨੂੰ ਕਾਨੂੰਨ ਅਨੁਸਾਰ ਵਿਵਹਾਰ ਕਰਨਾ ਚਾਹੀਦਾ ਹੈ ਤੇ ਕੁਸ਼ਤੀ ਖਿਡਾਰੀ ਲੜਕੀਆਂ ਪਹਿਲਵਾਨਾਂ ਦੇ ਦੁੱਖਾਂ-ਦਰਦਾਂ 'ਤੇ ਮਰਹਮ ਲਾਉਣੀ ਚਾਹੀਦੀ ਹੈ, ਪਰ ਹੋ ਇਸ ਤੋਂ ਉਲਟ ਰਿਹਾ ਹੈ, ਜਿਨ੍ਹਾਂ ਪਹਿਲਵਾਨਾਂ ਨੇ ਪੂਰੇ ਸੰਸਾਰ ਵਿੱਚ ਦੇਸ਼ ਦਾ ਨਾਂਅ ਰੌਸ਼ਨ ਕੀਤਾ, ਸੋਨੇ ਦੇ ਤਮਗੇ ਜਿੱਤ ਦੇਸ਼ ਕੌਮ ਦਾ ਝੰਡਾ ਪੂਰੇ ਸੰਸਾਰ 'ਚ ਬੁਲੰਦ ਕੀਤਾ, ਉਨ੍ਹਾਂ ਪਹਿਲਵਾਨਾਂ ਨੂੰ ਸੜਕਾਂ 'ਤੇ ਰੋਲਣਾ ਕੇਂਦਰ ਸਰਕਾਰ ਦੀ ਨਿਰੀ ਪੁਰੀ ਨਲਾਇਕੀ ਹੈ। ਇਸ ਮੌਕੇ ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਮਾ. ਰਵਿੰਦਰ ਸਿੰਘ ਧੂੜਕੋਟ ਨੇ ਪੂਰੇ ਸੰਸਾਰ ਵਿੱਚ ਵਸਦੇ ਖੇਡ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਉਹ ਪਹਿਲਵਾਨਾਂ ਦੇ ਦਿੱਲੀ ਸੰਘਰਸ਼ ਦੀ ਹਮਾਇਤ ਕਰਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਕੈਸ਼ੀਅਰ ਮਨਪ੍ਰੀਤ ਸਿੰਘ ਅਪੋਲੋ ਲੈਬ ਤੇ ਨਵਦੀਪ ਸਿੰਘ ਨੰਗਲ ਹਾਜ਼ਰ ਸਨ।

# ਬਾਬਾ ਫ਼ਰੀਦ ਕਾਲਜ 'ਚ ਮਾਪੇ-ਅਧਿਆਪਕ ਮਿਲਣੀ ਕਰਵਾਈ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਕਾਲਜ ਵੱਲੋਂ ਮਾਪੇ-ਅਧਿਆਪਕ ਮਿਲਣੀ ਕਰਵਾਈ ਗਈ, ਜਿਸ ਦਾ ਮੰਤਵ ਮਾਪਿਆਂ ਤੇ ਅਧਿਆਪਕਾਂ ਨਾਲ ਆਪਸੀ ਗੱਲਬਾਤ ਕਰਨਾ ਸੀ, ਕਿਉਂਕਿ ਦੋਵਾਂ ਵਿਚਕਾਰ ਆਪਸੀ ਗੱਲਬਾਤ ਵਿਦਿਆਰਥੀ ਦਾ ਮਿਆਰ ਬਣਾਉਂਦੀ ਹੈ। ਆਏ ਹੋਏ ਮਾਪਿਆਂ ਨੂੰ ਸਭ ਤੋਂ ਪਹਿਲਾਂ ਰਿਫਰੈਸ਼ਮੈਂਟ ਦਿੱਤੀ ਗਈ। ਇਸ ਉਪਰੰਤ ਵਿਦਿਆਰਥੀਆਂ ਦੇ ਵਿਸ਼ੇ ਮੁਤਾਬਿਕ ਅਧਿਆਪਕਾਂ ਨਾਲ ਮਿਲਣੀ ਕਰਵਾਈ ਗਈ। ਇਸ ਮਿਲਣੀ ਲਈ ਕੁੱਝ ਵਿਦਿਆਰਥੀਆਂ ਦੇ ਮਾਪੇ ਆਏ ਤੇ ਸਬੰਧਤ ਅਧਿਆਪਕਾਂ ਨਾਲ ਲਾਭਦਾਇਕ ਗੱਲਬਾਤ ਕੀਤੀ। ਮਾਪੇ ਆਪਣੇ ਬੱਚੇ ਦੇ ਵਿਹਾਰ ਬਾਰੇ ਜਾਣਨ ਲਈ ਉਤਸੁਕ ਸਨ ਤੇ ਉਨ੍ਹਾਂ ਨੇ ਵਿਦਿਆਰਥੀਆਂ ਦੀ ਪੜ੍ਹਾਈ, ਸਰਵਪੱਖੀ ਵਿਕਾਸ ਤੇ ਐੱਮ.ਐੱਸ.ਟੀ. ਪ੍ਰੀਖਿਆਵਾਂ ਵਿੱਚ ਪ੍ਰਾਪਤ ਅੰਕਾਂ ਬਾਰੇ ਬਹੁਤ ਸਾਰੇ ਆਮ ਸਵਾਲ ਪੁੱਛੇ, ਜਿਸ ਵਿੱਚ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਪ੍ਰਗਤੀ ਰਿਪੋਰਟ ਮਾਪਿਆਂ ਨਾਲ ਸਾਂਝੀ ਕੀਤੀ ਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਤੇ ਕਮਜ਼ੋਰੀਆਂ ਤੋਂ ਜਾਣੂ ਕਰਵਾਇਆ। ਮਾਪਿਆਂ ਨੇ ਅਧਿਆਪਕਾਂ ਨਾਲ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਲੋੜੀਂਦੇ ਮਾਰਗ ਦਰਸ਼ਨ ਉੱਪਰ ਵਿਚਾਰ ਵਟਾਂਦਰਾ ਕੀਤਾ। ਮਾਪਿਆਂ ਨੂੰ ਇਸ ਮਿਲਣੀ ਰਾਹੀਂ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਦਾ ਗਿਆਨ ਹੋਇਆ, ਜਿਸ ਦੀ ਉਨ੍ਹਾਂ ਨੇ ਭਰਪੂਰ ਸ਼ਲਾਘਾ ਕੀਤੀ।

ਕੁੱਝ ਮਾਪੇ ਵਿਦਿਆਰਥੀਆਂ ਦੀ ਅਕਾਦਮਿਕ ਤਾਕਤਾਂ ਤੇ ਕਮਜ਼ੋਰੀਆਂ, ਯੋਗਤਾ ਤੇ ਵਿਹਾਰ ਬਾਰੇ ਚਿੰਤਤ ਸਨ। ਮਾਪਿਆਂ ਦੇ ਸਾਰੇ ਸਵਾਲਾਂ ਦੇ ਸਬੰਧਤ ਅਧਿਆਪਕਾਂ ਵੱਲੋਂ ਵਧੀਆ ਢੰਗ ਨਾਲ ਜਵਾਬ ਦਿੱਤੇ ਗਏ। ਅਧਿਆਪਕਾਂ ਨੂੰ ਮਿਲ ਕੇ ਤੇ ਆਪਣੇ ਬੱਚੇ ਦੀ ਪ੍ਰਗਤੀ ਸੁਣ ਕੇ ਸਾਰੇ ਮਾਪੇ ਬਹੁਤ ਖ਼ੁਸ਼ ਹੋਏ। ਮਾਪਿਆਂ ਨੇ ਕਾਲਜ ਦੇ ਅਧਿਆਪਕਾਂ ਤੇ ਪ੍ਰਿੰਸੀਪਲ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਕਰ ਕੇ ਹੀ ਸਾਡੇ ਬੱਚਿਆਂ ਦੇ ਉੱਜਵਲ ਭਵਿੱਖ ਦਾ ਨਿਰਮਾਣ ਹੋ ਰਿਹਾ ਹੈ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਕਾਲਜ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਹੈ।



# ਗਰਮ ਲੋਹਾ ਪੈਣ ਕਾਰਨ ਪੰਜ ਮਜ਼ਦੂਰ ਝੁਲਸੇ



ਹਾਦਸੇ 'ਚ ਜ਼ਖ਼ਮੀ ਹੋਏ ਇੱਕ ਮਜ਼ਦੂਰ ਦੀ ਤਸਵੀਰ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮੰਡੀ ਗੋਬਿੰਦਗੜ੍ਹ ਦੇ ਇੱਕ ਲੋਹਾ ਉਦਯੋਗ 'ਚ ਵਾਪਰੇ ਇੱਕ ਹਾਦਸੇ 'ਚ 5 ਮਜ਼ਦੂਰਾਂ ਦੇ ਝੁਲਸ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸੂਤਰਾਂ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਮੰਡੀ ਗੋਬਿੰਦਗੜ੍ਹ ਦੇ ਕੁੰਭ ਰੋਡ 'ਤੇ ਸਥਿਤ ਇੱਕ ਫਰਨੇਸ 'ਚ ਇਹ ਹਾਦਸਾ ਵਾਪਰਿਆ, ਜਿਸ ਵਿੱਚ ਭੱਠੀ 'ਚ ਆਏ ਉਬਾਲ ਕਾਰਨ ਭੱਠੀ ਨੇੜੇ ਕੰਮ ਕਰ ਰਹੇ 5 ਮਜ਼ਦੂਰਾਂ 'ਤੇ ਗਰਮ-ਗਰਮ ਲੋਹਾ ਪੈ ਗਿਆ, ਜਿਨ੍ਹਾਂ 'ਚੋਂ ਇੱਕ ਮਜ਼ਦੂਰ ਦੇ ਜ਼ਿਆਦਾ ਝੁਲਸ ਜਾਣ ਕਾਰਨ ਉਸ ਨੂੰ ਲੁਧਿਆਣਾ ਦੇ ਇੱਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ।

# ਸਾਬਕਾ ਵਿਧਾਇਕ ਮਾਨਸ਼ਾਹੀਆ ਸੁਖਪਾਲ ਖਹਿਰਾ ਦੇ ਹੱਕ 'ਚ ਡਟੇ



**ਮਾਨਸਾ (ਆਤਮਾ ਸਿੰਘ ਪਮਾਰ)**-ਸੁਖਪਾਲ ਸਿੰਘ ਖਹਿਰਾ ਵੱਲੋਂ ਲੋਕਾਂ ਨੂੰ ਧਿਆਨ ਹਿੱਤ ਰੱਖਦਿਆਂ ਪਿਛਲੇ ਸਮੇਂ ਤੋਂ ਹੀ ਲਗਾਤਾਰ ਸਬੂਤਾਂ ਸਮੇਤ ਮੁੱਦੇ ਚੁੱਕੇ ਜਾਂਦੇ ਰਹੇ ਹਨ। ਉਨ੍ਹਾਂ ਵੱਲੋਂ ਚੁੱਕੇ ਗਏ ਮੁੱਦੇ ਅਸਲੀਅਤ ਦੇ ਨੇੜੇ ਹੀ ਨਹੀਂ, ਸਗੋਂ ਕਾਨੂੰਨ ਦੀ ਕਸੌਟੀ 'ਤੇ ਵੀ ਖਰੇ ਉਤਰਣ ਵਾਲੇ ਹੁੰਦੇ ਹਨ ਅਤੇ ਸਰਕਾਰ ਵੀ ਮੁੱਦਿਆਂ ਦੀ ਸੱਚਾਈ ਅਤੇ ਅਸਲੀਅਤ ਤੋਂ ਭੱਜ ਨਹੀਂ ਸਕਦੀ। ਸਰਕਾਰ ਕੋਈ ਵੀ ਹੋਵੇ ਅਜਿਹੇ ਬੇਬਾਕ ਤੇ ਤਰਕਸ਼ੀਲ ਲੀਡਰਾਂ ਤੋਂ ਹਮੇਸ਼ਾਂ ਹੀ ਖ਼ੌਫ਼ ਖਾਂਦੀ ਰਹਿੰਦੀ ਹੈ। ਇਸੇ ਬੁਖਲਾਹਟ ਵਿੱਚ ਇਹੋ ਜਿਹੇ ਸੁੱਚੇ ਕਿਰਦਾਰ ਵਾਲੇ ਲੀਡਰਾਂ ਦੀ ਅਵਾਜ਼ ਨੂੰ ਦਬਾਉਣ ਲਈ ਝੂਠੇ ਮੁਕੱਦਮੇ ਦਰਜ ਕਰਕੇ ਉਨ੍ਹਾਂ ਨੂੰ ਚੁੱਪ ਕਰਾਉਣ ਦਾ ਕੋਝਾ ਰਾਹ ਅਖਤਿਆਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਹੀ। ਭਾਵੇਂ ਇਹ ਨੀਤੀ ਕਈ ਵਾਰ ਸਰਕਾਰ ਨੂੰ ਪੁੱਠੀ ਵੀ ਪੈ ਜਾਂਦੀ ਹੈ। ਇਸੇ ਤਰ੍ਹਾਂ ਪਿਛਲੇ ਦਿਨੀਂ ਸੁਖਪਾਲ ਸਿੰਘ ਖਹਿਰਾ ਵੱਲੋਂ ਆਪਣੇ ਹਲਕੇ ਦੇ ਕਿਸਾਨਾਂ ਦੀ ਕਣਕ ਦੀ ਫ਼ਸਲ ਖਰਾਬ ਹੋਣ ਉਪਰੰਤ ਮੁਆਵਜ਼ਾ ਦੇਣ ਦਾ ਮੁੱਦਾ ਉਠਾਉਣ ਲਈ ਕਿਸਾਨਾਂ ਨਾਲ ਐਸ ਡੀ ਐਮ ਦਫ਼ਤਰ ਗਏ, ਪਰ ਐਸ ਡੀ ਐਮ ਵਿੱਚ ਮੌਜੂਦ ਨਾ ਹੋਣ ਕਰਕੇ ਉਹ ਕਿਸਾਨਾਂ ਸਮੇਤ ਉੱਥੇ ਬੈਠ ਕੇ ਐਸ ਡੀ ਐਮ ਦਾ ਇੰਤਜ਼ਾਰ ਕਰਦੇ ਰਹੇ। ਐਸ ਡੀ ਐਮ ਨੇ ਉਥੇ ਆ ਕੇ ਬਾਹਰ ਖੜ੍ਹੇ ਕਿਸਾਨਾਂ ਤੇ ਖਹਿਰਾ ਨਾਲ ਗੱਲਬਾਤ ਕਰਦਿਆਂ ਹਰ ਪੱਖੋਂ ਕਿਸਾਨਾਂ ਦੀ ਮਦਦ ਕਰਨ ਦਾ ਭਰੋਸਾ ਵੀ ਦਿਵਾਇਆ। ਉਥੇ ਕਿਸੇ ਕਿਸਮ ਦੀ ਇਤਰਾਜ਼ਯੋਗ ਜਾਂ ਅਸੱਭਿਅਕ ਘਟਨਾ ਨਹੀਂ ਵਾਪਰੀ, ਪਰ ਕੁਝ ਦਿਨ ਬਾਅਦ ਐਸ ਡੀ ਐਮ ਨੇ ਕਿਸੇ ਸਾਜ਼ਿਸ਼ ਤਹਿਤ ਖਹਿਰਾ 'ਤੇ ਆਈ ਪੀ ਸੀ ਦੀ ਧਾਰਾ 186, 189, 342, 500 ਤੇ 506 ਤਹਿਤ ਕੇਸ ਦਰਜ ਕਰਾ ਦਿੱਤਾ। ਉਸ ਤੋਂ ਬਾਅਦ ਖਹਿਰਾ ਨੂੰ ਚੰਗੀ ਤਰ੍ਹਾਂ ਸਬਕ ਸਿਖਾਉਣ ਦੀ ਨੀਅਤ ਨਾਲ ਪਹਿਲਾਂ ਦਰਜ ਕੀਤੇ ਕੇਸ ਵਿੱਚ ਆਈ ਪੀ ਸੀ ਦੀ ਧਾਰਾ 353 (ਗੈਰ ਜ਼ਮਾਨਤੀ) ਦਾ ਵੀ ਵਾਧਾ ਕਰ ਦਿੱਤਾ, ਜੋ ਸਰਾਸਰ ਧੱਕੇਸ਼ਾਹੀ ਤੇ ਝੂਠ ਦਾ ਪੁਲੰਦਾ ਹੈ। ਇਸੇ ਦੌਰਾਨ ਨਾਜਰ ਸਿੰਘ ਮਾਨਸ਼ਾਹੀਆ ਵੱਲੋਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੂੰ ਧੜੱਲੇ ਨਾਲ ਸੁਖਪਾਲ ਖਹਿਰਾ ਦਾ ਸਮਰਥਨ ਕਰਨਾ ਚਾਹੀਦਾ ਹੈ ਤਾਂ ਜੁ ਡਟ ਕੇ ਸਰਕਾਰ ਦੀਆਂ ਗਲਤ ਨੀਤੀਆਂ ਦਾ ਮੁਕਾਬਲਾ ਕੀਤਾ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਭਾਵੇਂ ਜਿੰਨੇ ਮਰਜ਼ੀ ਝੂਠੇ ਕੇਸਾਂ ਵਿੱਚ ਫਸਾਉਣ ਦੀ ਕੋਸ਼ਿਸ਼ ਕਰੇ, ਪਰ ਸੁਖਪਾਲ ਖਹਿਰਾ ਲੋਕ ਪੱਖੀ ਮੁੱਦੇ ਚੁੱਕਣੇ ਤੋਂ ਪਿਛਾਂਹ ਨਹੀਂ ਹਟਣਗੇ।

# ਵੱਖ-ਵੱਖ ਸੰਸਥਾਵਾਂ ਵੱਲੋਂ ਐੱਸ ਪੀ ਸੰਧੂ ਸਨਮਾਨਤ



**ਜਗਰਾਉਂ (ਅਮਿਤ ਖੰਨਾ)**-ਜਗਰਾਉਂ ਵੈਲਫੇਅਰ ਸੁਸਾਇਟੀ, ਗ੍ਰੀਨ ਪੰਜਾਬ ਮਿਸ਼ਨ, ਗੁਰੂ ਨਾਨਕ ਸਹਾਰਾ ਸੁਸਾਇਟੀ ਤੇ ਸਨਮਤੀ ਮੰਤਰੀ ਸੇਵਾ ਸੰਘ ਵੱਲੋਂ ਨਵੇਂ ਬਣੇ ਐਸ ਪੀ ਪ੍ਰਦੀਪ ਸੰਧੂ ਨਾਲ ਮੀਟਿੰਗ ਕਰਕੇ ਰਜਿੰਦਰ ਜੈਨ, ਕੈਪਟਨ ਨਰੇਸ਼ ਵਰਮਾ, ਕੇਵਲ ਕ੍ਰਿਸ਼ਨ ਮਲਹੋਤਰਾ ਤੇ ਵਿਨੋਦ ਰਾਮ ਵੱਲੋਂ ਐਸ ਪੀ ਸੰਧੂ ਨੂੰ ਸਨਮਾਨਤ ਕੀਤਾ ਗਿਆ। ਵਰਨਣਯੋਗ ਯੋਗ ਹੈ ਕਿ ਐਸ ਪੀ ਪ੍ਰਦੀਪ ਸੰਧੂ ਦੀ ਅਗਵਾਈ ਹੇਠ ਕੁਝ ਮਹੀਨੇ ਪਹਿਲਾਂ ਪੁਸਤਕ ਮੇਲੇ ਦਾ ਆਯੋਜਨ ਕੀਤਾ ਗਿਆ ਸੀ। ਇਸ ਮੌਕੇ ਐਨ ਜੀ ਉਜ ਨੂੰ ਸੰਬੋਧਤ ਕਰਦੇ ਐਸ ਪੀ ਸੰਧੂ ਨੇ ਕਿਹਾ ਕਿ ਲੁਧਿਆਣਾ ਦਿਹਾਤੀ ਦੇ ਐਸ ਐਸ ਪੀ ਨਵਤੇਜ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ ਹੇਠ ਜਗਰਾਉਂ ਦੇ ਸਕੂਲਾਂ-ਕਾਲਜਾਂ ਦੇ ਬੱਚਿਆਂ ਨੂੰ ਕ੍ਰਾਈਮ ਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਵੱਖ-ਵੱਖ ਗਤੀਵਿਧੀਆਂ ਤੇ ਸੈਮੀਨਾਰ ਕਰਾਏ ਜਾਣਗੇ। ਇਸ ਮੌਕੇ ਐਸ ਪੀ ਸੰਧੂ ਨੇ ਕੈਪਟਨ ਨਰੇਸ਼ ਵਰਮਾ ਦੀ ਸਕੂਲਾਂ ਨਾਲ ਰਾਤਬਾ ਰੱਖਣ ਦੀ ਡਿਊਟੀ ਲਾਈ। ਇਸ ਮੌਕੇ ਸਭ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਇਸ ਕੰਮ ਵਿੱਚ ਭਰਪੂਰ ਸਹਿਯੋਗ ਦੇਣ ਦੀ ਗੱਲ ਆਖੀ। ਇਸ ਮੌਕੇ ਐਸ ਪੀ ਪ੍ਰਦੀਪ ਸੰਧੂ ਨੂੰ ਸਮਾਜ ਨੂੰ ਵਧੀਆ ਸੇਵਾਵਾਂ ਦੇਣ ਲਈ ਸਨਮਾਨਤ ਕੀਤਾ ਗਿਆ। ਸਾਬਕਾ ਪ੍ਰਿੰਸੀਪਲ ਕੈਪਟਨ ਨਰੇਸ਼ ਵਰਮਾ ਨੇ ਕਿਹਾ ਕਿ ਉਹ ਜਲਦੀ ਹੀ ਵੱਖ-ਵੱਖ ਸਕੂਲਾਂ, ਕਾਲਜਾਂ ਦੇ ਪ੍ਰਿੰਸੀਪਲਾਂ ਨਾਲ ਇਸ ਪ੍ਰੋਜੈਕਟ ਸਬੰਧੀ ਗੱਲਬਾਤ ਕਰਨਗੇ।

# ਖਾਲਸਾ ਸਕੂਲ 'ਚ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਕੁਲਵਿੰਦਰ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਤੇ ਪ੍ਰੋਗਰਾਮ ਅਫ਼ਸਰ ਗੁਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਕੌਮੀ ਸੇਵਾ ਯੋਜਨਾ ਯੂਨਿਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਸਾਲਾਨਾ ਪ੍ਰੋਗਰਾਮ ਅਨੁਸਾਰ ਸਥਾਨਕ ਖਾਲਸਾ ਸਕੂਲ ਵਿੱਚ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ ਗਿਆ। ਲੈਕਚਰ ਦੌਰਾਨ ਸਕੂਲ ਪ੍ਰਿੰਸੀਪਲ ਬਿਕਰਮਜੀਤ ਸਿੰਘ ਸਿੱਧੂ ਨੇ ਰੈੱਡ ਕਰਾਸ ਸੰਸਥਾ ਬਾਰੇ ਵਲੰਟੀਅਰਾਂ ਤੇ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸੰਸਥਾ ਦਾ ਜਨਮ ਇਟਲੀ ਦੇ ਉੱਤਰੀ ਹਿੱਸੇ ਦੇ ਇੱਕ ਕਸਬੇ ਸਾਲਫਰੀਨੋ ਦੀ ਜੰਗ ਦੇ ਮੈਦਾਨ ਵਿੱਚ ਜ਼ਖ਼ਮੀ ਸੈਨਿਕਾਂ ਦੀ ਤਰਸਯੋਗ ਹਾਲਤ ਵੇਖ ਕੇ ਸਵਿਟਜ਼ਰਲੈਂਡ ਦੇ ਸਰ ਹੈਨਰੀ ਡਿਊਨਾ ਦੇ ਯਤਨਾਂ ਸਦਕਾ ਹੋਇਆ। ਇਸ ਲਈ ਹਰ ਸਾਲ ਇਸ ਸੰਸਥਾ ਦੇ ਬਾਨੀ ਸਰ ਹੈਨਰੀ ਡਿਊਨਾ ਦੇ ਜਨਮ ਦਿਨ 8 ਮਈ ਨੂੰ ਵਿਸ਼ਵ ਰੈੱਡ ਕਰਾਸ ਦਿਵਸ ਵਜੋਂ ਮਨਾਇਆ ਜਾਂਦਾ ਹੈ ਤੇ ਸੰਸਾਰ ਭਰ ਵਿੱਚ ਇਸ ਸੰਸਥਾ ਨਾਲ ਜੁੜੇ ਸਵੈ-ਸੇਵਕ ਉਨ੍ਹਾਂ ਦੇ ਦਰਸਾਏ ਮਾਰਗ ਸਮਾਜ ਸੇਵਾ ਤੇ ਮਨੁੱਖਤਾ ਦੀ ਭਲਾਈ ਤੇ ਚੱਲਣ ਦਾ ਪ੍ਰਣ ਲੈਂਦੇ ਹਨ। ਪ੍ਰੋਗਰਾਮ ਅਫ਼ਸਰ ਗੁਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕਿ ਜਿੱਥੇ ਰੈੱਡ ਕਰਾਸ ਸੰਸਥਾ ਦੇ ਬਾਨੀ ਸਰ ਹੈਨਰੀ ਡਿਊਨਾ ਨੇ ਮਾਨਵਤਾ ਦੀ ਸੇਵਾ ਦੀ ਲੀਹ ਸੰਨ 1859 ਵਿੱਚ ਸਾਲਫਰੀਨੋ ਦੀ ਲੜਾਈ ਦੌਰਾਨ ਪਾਈ, ਉਥੇ ਹੀ ਸੰਨ 1704 ਵਿੱਚ ਪੰਜਾਬ ਦੀ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਯੁੱਧ ਦੌਰਾਨ ਜ਼ਖ਼ਮੀਆਂ ਦੀ ਮੱਲ੍ਹਮ ਪੱਟੀਆਂ ਅਤੇ ਪਾਣੀ ਪਿਲਾ ਕੇ ਸੇਵਾ ਦੇ ਪੁੰਜ ਭਾਈ ਘਨੱਈਆ ਜੀ ਨੇ ਪੰਜਾਬ ਵਿੱਚ ਰੈੱਡ ਕਰਾਸ ਦੀ ਵਿਚਾਰਧਾਰਾ ਨੂੰ ਬਹੁਤ ਸਮਾਂ ਪਹਿਲਾਂ ਹੀ ਜਨਮ ਦੇ ਦਿੱਤਾ ਸੀ।

## ਪੱਤਰਕਾਰ ਚੌਹਾਨ ਦੀ ਭਤੀਜੀ ਦੇ ਵਿਆਹ ਮੌਕੇ ਉੱਘੀਆਂ ਸ਼ਖਸੀਅਤਾਂ ਨੇ ਕੀਤੀ ਸ਼ਿਰਕਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ)**-ਮਾਛੀਵਾੜਾ ਸਾਹਿਬ ਤੋਂ ਅਜੀਤ ਦੇ ਪੱਤਰਕਾਰ ਗੁਰਦੀਪ ਸਿੰਘ ਚੌਹਾਨ ਦੀ ਭਤੀਜੀ ਅਰਸ਼ਦੀਪ ਕੌਰ ਤੇ ਜਵਾਈ ਕਰਨਜੀਤ ਸਿੰਘ ਪਿੰਡ ਸਲਾਹਪੁਰ ਜ਼ਿਲ੍ਹਾ ਰੋਪੜ ਦੇ ਵਿਆਹ ਮੌਕੇ ਅਸ਼ੀਰਵਾਦ ਦੇਣ ਲਈ ਸਿਆਸੀ ਤੇ ਗੈਰ-ਸਿਆਸੀ ਜਥੇਬੰਦੀਆਂ ਪਹੁੰਚੀਆਂ। ਪੱਤਰਕਾਰ ਗੁਰਦੀਪ ਸਿੰਘ ਚੌਹਾਨ ਨੂੰ ਵਧਾਈਆਂ ਦੇਣ ਮੌਕੇ ਉੱਘੇ ਸੱਦਾ ਸੌਦਾ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਸਾਬਕਾ ਐੱਮ ਐੱਲ ਏ ਜਗਜੀਵਨ ਸਿੰਘ ਖੀਰਨੀਆਂ, ਹਰਜਤਿੰਦਰ ਸਿੰਘ ਬਾਜਵਾ, ਚਰਨਜੀਤ ਸਿੰਘ ਥੋਪਿਆ, ਉੱਘੇ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ, ਇਕਬਾਲ ਸਿੰਘ, ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਜਗਦੀਪ ਸਿੰਘ ਗਿੱਲ, ਅਰਵਿੰਦਰਪਾਲ ਸਿੰਘ ਵਿੱਕੀ, ਜਗਤਾਰ ਸਿੰਘ ਜੱਸੋਵਾਲ, ਭਾਰਤੀ ਕਮਿਊਨਿਸਟ ਪਾਰਟੀ ਬਲਾਕ ਮਾਛੀਵਾੜਾ ਦੇ ਸਕੱਤਰ ਜਗਦੀਸ਼ ਰਾਏ ਬੌਬੀ, ਰੰਗਕਰਮੀ ਸਦਬਲਿਹਾਰ ਕੰਗ ਤੇ ਸਮੂਹ ਪੱਤਰਕਾਰ ਭਾਈਚਾਰਾ ਸ਼ਾਮਲ ਹੋਏ।

# ਡਾ. ਰਾਜੇਸ਼ ਅੱਤਰੀ ਨੇ ਬਤੌਰ ਸਿਵਲ ਸਰਜਨ ਦਾ ਅਹੁਦਾ ਸੰਭਾਲਿਆ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਰਕਾਰ ਤੇ ਸਿਹਤ ਵਿਭਾਗ ਪੰਜਾਬ ਵੱਲੋਂ ਕੀਤੇ ਗਏ ਹੁਕਮਾਂ ਅਨੁਸਾਰ ਡਾ. ਰਾਜੇਸ਼ ਕੁਮਾਰ ਅੱਤਰੀ ਨੇ ਸਿਵਲ ਸਰਜਨ ਦਾ ਅਹੁਦਾ ਸੰਭਾਲ ਲਿਆ। ਡਾ. ਅੱਤਰੀ ਦੇ ਸਿਵਲ ਸਰਜਨ ਦਾ ਅਹੁਦਾ ਸੰਭਾਲਣ ਮੌਕੇ ਸਿਹਤ ਵਿਭਾਗ ਦੇ ਸਮੂਹ ਪ੍ਰੋਗਰਾਮ ਅਫ਼ਸਰਾਂ, ਦਫਤਰੀ ਕ੍ਰਮਚਾਰੀਆਂ ਤੇ ਯੂਨੀਅਨਾਂ ਦੇ ਨੁਮਾਇੰਦਿਆਂ ਨੇ ਡਾ. ਅੱਤਰੀ ਦੇ ਸਵਾਗਤ ਮੌਕੇ ਖੁਸ਼ੀ ਜ਼ਾਹਰ ਕਰਦਿਆਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ। ਮੋਗਾ ਦੇ ਨਵੇਂ ਬਣੇ ਸਿਵਲ ਸਰਜਨ ਡਾ. ਰਾਜੇਸ਼ ਅੱਤਰੀ ਨੇ ਸਮੂਹ ਸੀਨੀਅਰ ਮੈਡੀਕਲ ਅਫ਼ਸਰਾਂ ਅਤੇ ਸਟਾਫ਼ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਸਮੂਹ ਸਿਹਤ ਸਟਾਫ਼ ਵੱਲੋਂ ਸਮੇਂ ਸਿਰ ਡਿਊਟੀ ਕਰਦੇ ਹੋਏ ਹਰ ਇੱਕ ਮਰੀਜ਼ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਪੂਰਣ ਰੂਪ ਵਿੱਚ ਲਾਭ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਡ੍ਰੀਮ ਪ੍ਰੋਜੈਕਟ ਅਤੇ ਆਮ ਲੋਕਾਂ ਲਈ ਵਰਦਾਨ ਸਿੱਧ ਹੋ ਰਹੇ ਆਮ ਆਦਮੀ ਕਲੀਨਿਕਾਂ ਦਾ ਨਿਰੀਖਣ ਅਫ਼ਸਰ ਸਾਹਿਬਾਨ ਵੱਲੋਂ ਸਮੇਂ-ਸਮੇਂ ਸਿਰ ਕੀਤਾ ਜਾਵੇ ਤਾਂ ਜੁ ਆਮ ਆਦਮੀ ਕਲੀਨਿਕ ਤੇ ਆਏ ਕਿਸੇ ਵੀ ਮਰੀਜ਼ ਤੇ ਤੈਨਾਤ ਕੀਤੇ ਗਏ ਸਟਾਫ਼ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸਿਵਲ ਸਰਜਨ ਮੋਗਾ ਡਾ. ਰਾਜੇਸ਼ ਅੱਤਰੀ ਵੱਲੋਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਕਿ ਸਿਹਤ ਸਹੂਲਤਾਂ ਸਬੰਧੀ ਜੇਕਰ ਕਿਸੇ ਨੂੰ ਵੀ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਸਿੱਧਾ ਮੈਨੂੰ ਮਿਲ ਕੇ ਆਪਣੀ ਸੱਮਸਿਆ ਦੱਸ ਸਕਦੇ ਹਨ। ਜ਼ਿਕਰਯੋਗ ਹੈ ਕਿ ਡਾ. ਰਾਜੇਸ਼ ਅੱਤਰੀ ਇਸ ਤੋਂ ਪਹਿਲਾਂ ਡਿਪਟੀ ਮੈਡੀਕਲ ਕਮਿਸ਼ਨਰ ਮੋਗਾ ਤੇ ਸਿਹਤ ਬਲਾਕ ਕੋਟ ਈਸੇ ਖਾਂ ਵਿਖੇ ਬਤੌਰ ਸੀਨੀਅਰ ਮੈਡੀਕਲ ਅਫ਼ਸਰ ਦੇ ਅਹੁਦੇ ਤੇ ਤਾਇਨਾਤ ਰਹੇ ਹਨ।

# ਪੰਜਾਬੀ ਲਿਖਾਰੀ ਸਭਾ ਦੀ ਮੀਟਿੰਗ 'ਚ ਤਿੰਨ ਕਿਤਾਬਾਂ ਰਿਲੀਜ਼

**ਸਮਰਾਲਾ (ਸੁਰਜੀਤ ਸਿੰਘ)**

ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਮਈ ਮਹੀਨੇ ਦੀ ਮਾਸਕ ਮੀਟਿੰਗ ਸਭਾ ਦੀ ਲਾਇਬ੍ਰੇਰੀ ਦੇ ਸੈਮੀਨਾਰ ਹਾਲ ਵਿੱਚ ਹੋਈ। ਇਕੱਤਰਤਾ ਦੀ ਪ੍ਰਧਾਨਗੀ ਸਭਾ ਦੇ ਨਵੇਂ ਚੁਣੇ ਗਏ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇ ਕੀਤੀ।

ਇਸ ਇਕੱਤਰਤਾ ਵਿੱਚ ਤਿੰਨ ਪੁਸਤਕਾਂ, ਕਰਨੈਲ ਸਿੰਘ ਮਾਂਗਟ ਦਾ ਗ਼ਜ਼ਲ ਸੰਗ੍ਰਿਹ 'ਫਜ਼ਲ ਇਲਾਹੀ', ਕਿਰਪਾਲ ਘੁਡਾਣੀ ਦਾ ਨਿਬੰਧ ਸੰਗ੍ਰਿਹ 'ਬਾਪੂ ਕਹਿੰਦਾ ਗਿਆ', ਮੈਂ ਸੁਣਦਾ ਗਿਆ' ਤੇ ਡਾ. ਸੋਮ ਪਾਲ ਹੀਰਾ ਦੀ ਆਲੋਚਨਾ ਪੁਸਤਕ 'ਆਤਮਜੀਤ , ਸਤੀਸ਼ ਕੁਮਾਰ ਵਰਮਾ ਤੇ ਸਵਰਾਜਬੀਰ ਦੀਆਂ ਰੰਗਮੰਚੀ ਜੁਗਤਾਂ ਰਿਲੀਜ਼ ਕੀਤੀਆਂ ਗਈਆਂ। ਇਕੱਤਰਤਾ ਦੇ ਆਰੰਭ ਵਿੱਚ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇ ਆਏ ਲੇਖਕਾਂ ਦਾ ਸਵਾਗਤ ਕੀਤਾ। ਇਸ ਤੋਂ ਬਾਅਦ ਜਨਰਲ ਸਕੱਤਰ ਬਲਵੰਤ ਮਾਂਗਟ ਨੇ ਪਿਛਲੇ ਮਹੀਨੇ ਦੀ ਇਕੱਤਰਤਾ ਦੀ ਕਾਰਵਾਈ ਰਿਪੋਰਟ ਪੜ੍ਹੀ ਅਤੇ ਕਾਰਜਕਾਰਨੀ ਦੇ ਫੈਸਲੇ ਪੇਸ਼ ਕੀਤੇ ਜੋ ਸਰਬਸੰਮਤੀ ਨਾਲ ਪ੍ਰਵਾਨ ਕੀਤੇ ਗਏ । ਇਸਤੋਂ ਬਾਅਦ ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਕਰਨੈਲ ਸਿਵੀਆ ਦੇ ਗੀਤ 'ਧੰਨਵਾਦ ਹਰ ਸਾਲ ਬੂਟੇ ਜਿਹੜੇ ਲਾਉਂਦੇ ਨੇ' ਨਾਲ ਹੋਈ। ਕਮਲਜੀਤ ਨੀਲੋਂ ਨੇ ਕਹਾਣੀ 'ਚਾਬੀਆਂ', ਤੇਲੂ ਰਾਮ ਕੁਹਾੜਾ ਨੇ ਕਹਾਣੀ 'ਉਪਰੋਥਲੀ' ਤੇ ਗੁਰਦਿਆਲ ਦਲਾਲ ਨੇ ਅਨੁਵਾਦਿਤ ਕਹਾਣੀ 'ਮੂੰਗਫ਼ਲੀ' ਸੁਣਾਈ, ਜਿਸ 'ਤੇ ਨਿੱਠ ਕੇ ਚਰਚਾ ਹੋਈ। ਨੀਤੂ ਰਾਮਪੁਰ ਨੇ ਕਵਿਤਾ 'ਲੇਖਕਾਂ ਦਾ ਪਿੰਡ ਰਾਮਪੁਰ', ਜੱਸੀ ਢਿੱਲਵਾਂ ਨੇ ਗੀਤ 'ਮੁੱਕ ਗਈਆਂ ਤੇਰੀਆਂ ਜੇ ਤਾਲਾਸ਼ਾ ਆਪਾਂ ਹੁਣ ਘਰ ਮੁੜੀਏ', ਹਰਬੰਸ ਮਾਲਵਾ ਨੇ ਗੀਤ 'ਸੋਚ ਤੇ ਚੜ੍ਹਾ ਕੇ ਵੇਖਾ ਲੋਕਾਂ ਦੇ ਪਿਆਰ ਮੈਂ', ਹਰਬੰਸ ਸਿੰਘ ਰਾਏ ਨੇ ਗੀਤ 'ਕੁਰਸੀ ਦੀ ਬੜੀ ਟੌਹਰ ਪਿਆਰੀ', ਗਗਨਦੀਪ ਸਰਮਾ ਨੇ ਕਵਿਤਾ 'ਬੇਇਸ਼ਕੀਆ ਸਮਿਆਂ ਵਿੱਚ ਇਸ਼ਕੀਆ ਕਵਿਤਾ', ਪਰਮਜੀਤ ਸਿੰਘ ਸਿਹੋੜਾ ਨੇ ਕਵਿਤਾ 'ਲਾਲਚ ਛੱਡ ਸੱਜਣਾਂ ਲਾਲਚ ਬੁਰੀ ਬਲਾ, ਮਨਜੀਤ ਸਿੰਘ ਧੰਜਲ ਨੇ ਗੀਤ 'ਬਾਪੂ ਕਹਿੰਦਾ', ਕਿਰਪਾਲ ਸਿੰਘ ਘੁਢਾਣੀ ਨੇ ਮਿੰਨੀ ਕਹਾਣੀ 'ਭਰੂਣ ਦੀ ਪੁਕਾਰ', ਹਰਜਿੰਦਰ ਮਾਂਗਟ ਨੇ ਗੀਤ 'ਹਰ ਰੋਜ਼ ਮੈਨੂੰ ਆਉਂਦੇ ਸੁਪਨੇ', ਭੁਪਿੰਦਰ ਸਿੰਘ ਡਿਊਟ ਨੇ ਗ਼ਜ਼ਲ 'ਮੇਰੇ ਪੀਣ ਦਾ ਢੰਗ ਨਿਰਾਲਾ ਹੈ', ਕੇਵਲ ਸਿੰਘ ਮੰਜਾਲੀ ਨੇ ਮਿੰਨੀ ਕਹਾਣੀ ਕੁੰਡੀ, ਦਲਬੀਰ ਕਲੇਰ ਨੇ ਗੀਤ 'ਵੇ ਚਰਖੇ ਦੀ ਘੂਕ ਸੁਣ ਕੇ', ਤਰਨਜੀਤ ਕੌਰ ਗਰੇਵਾਲ ਨੇ ਗੀਤ 'ਕਿਸੇ ਮੰਜ਼ਲ ਦੀਆਂ ਲੋਕੋ ਸੌਖੀਆਂ ਰਾਹਾਂ ਨਹੀਂ ਹੁੰਦੀਆਂ', ਲਾਭ ਸਿੰਘ ਬੇਗੋਵਾਲ ਨੇ ਗ਼ਜ਼ਲ 'ਦਿਲ ਦੀ ਗੱਲ ਜਦ ਕਰਦਾ ਹਾਂ ਲੋਕ ਦੀਵਾਨਾਂ ਕਹਿੰਦੇ ਨੇ', ਲਿਖਾਰੀ ਸਭਾ ਰਾਮਪੁਰ ਦੀ ਬਿਲਕੁਲ ਨਵੀ ਪੀੜ੍ਹੀ ਭਵਨਪ੍ਰੀਤ ਨੇ ਕਵਿਤਾ 'ਹੱਸਣਾ ਤਾਂ ਮੈਂ ਚਾਹੁੰਦੀ ਹਾਂ', ਮਨਪ੍ਰੀਤ ਕੌਰ ਨੇ ਕਵਿਤਾ 'ਮਾਂ ਪਿਉ', ਤਰਨਵੀਰ ਸਿੰਘ ਨੇ ਕਵਿਤਾ 'ਲਿਖਾਰੀ ਕੋਲ ਕਾਗ਼ਜ਼ 'ਤੇ ਕਲਮ ਹੁੰਦੀ', ਵਿਸ਼ਵਿੰਦਰ ਨੇ ਕਵਿਤਾ 'ਨੰਗੀਆਂ ਸੜਕਾਂ' ਸੁਣਾਈ। ਸਾਰੀਆਂ ਰਚਨਾਵਾਂ 'ਤੇ ਉਸਾਰੂ ਚਰਚਾ ਵਿੱਚ ਸੁਰਿੰਦਰ ਰਾਮਪੁਰੀ, ਸ਼ਮਸ਼ੇਰ ਸਿੰਘ ਖੱਟੜਾਂ, ਗੁਰਭਗਤ, ਗੁਰਦੀਪ ਮਹੌਣ, ਸੋਮਪਾਲ ਹੀਰਾ, ਕੰਵਲਜੀਤ ਕੌਰ, ਭਗਵੰਤ ਸਿੰਘ ਲਿੱਟ, ਗੁਰਸੇਵਕ ਸਿੰਘ ਢਿੱਲੋਂ, ਪੰਮੀ ਹਬੀਬ, ਪਰਮਿੰਦਰ ਅਲਬੇਲਾ, ਜ਼ੋਰਾਵਰ ਸਿੰਘ ਪੰਛੀ, ਤਰਨ ਬੱਲ, ਗੁਰਮੀਤ ਆਰਿਫ, ਸਿਕੰਦਰ ਸਿੰਘ, ਸਰਬਜੀਤ ਸਿੰਘ, ਬੁੱਧ ਸਿੰਘ ਨੀਲੋਂ, ਰਣਜੀਤ ਸਿੰਘ ਭੁੱਟਾ, ਮੁਖਤਿਆਰ ਸਿੰਘ, ਪ੍ਰਭਜੋਤ ਸਿੰਘ, ਜੋਗਿੰਦਰ ਓਬਰਾਏ, ਲਾਲ ਸਿੰਘ ਮਾਂਗਟ, ਡਾ. ਟਹਿਲ ਸਿੰਘ, ਲਖਵੀਰ ਸਿੰਘ ਲੱਬਾ ਤੇ ਢਾਡੀ ਬਲਵਿੰਦਰ ਸਿੰਘ ਰੌਣੀ ਨੇ ਭਾਗ ਲਿਆ। ਸਭਾ ਦੀ ਲਾਇਬ੍ਰੇਰੀ ਨੂੰ ਗੁਰਦਿਆਲ ਦਲਾਲ ਵਲੋਂ 35 ਕਿਤਾਬਾਂ ਤੇ ਕਿਰਪਾਲ ਸਿੰਘ ਘੁਢਾਣੀ ਵੱਲੋਂ 5 ਕਿਤਾਬਾਂ ਭੇਟ ਕੀਤੀਆਂ ਗਈਆਂ। ਸਭਾ ਦੀ ਸਮਾਪਤੀ ਵੇਲੇ ਪ੍ਰੀਤ ਸੰਦਲ ਜੀ ਦੇ ਪਿਤਾ ਜੀ, ਨਾਹਰ ਸਿੰਘ, ਗੀਤਕਾਰ ਕੁੰਢਾ ਸਿੰਘ ਧਾਲੀਵਾਲ, ਡਾ ਗੁਰਚਰਨ ਕੌਰ ਕੋਚਰ ਦੇ ਪਤੀ ਇੰਜ ਜੇ. ਬੀ. ਸਿੰਘ ਕੋਚਰ ਅਤੇ ਹਰਕੀਰਤ ਕੌਰ ਚਾਹਲ ਤੇ ਡਾਕੁਲਦੀਪ ਚਾਹਲ ਦੇ ਬੇਟੇ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ ਕੀਤਾ ਗਿਆ। ਮੀਤ ਪ੍ਰਧਾਨ ਅਮਰਿੰਦਰ ਸੋਹਲ ਨੇ ਮੀਟਿੰਗ ਵਿੱਚ ਸ਼ਾਮਲ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਸਭਾ ਦੀ ਕਾਰਵਾਈ ਬਲਵੰਤ ਮਾਂਗਟ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਚਲਾਈ, ਜਿਸ ਦੀ ਭਰਪੂਰ ਸ਼ਲਾਘਾ ਹੋਈ। ਇਸ ਸਮੇਂ ਸਪਰੈਡ ਪਬਲੀਕੇਸ਼ਨ ਵੱਲੋਂ ਪੁਸਤਕ ਪ੍ਰਦਰਸ਼ਨੀ ਲਾਈ ਗਈ।



# ਪਿੰਗਲਵਾੜਾ ਵਿਖੇ ਸਮਾਗਮ ਕਰਕੇ ਜਨਮ ਦਿਨ ਮਨਾਇਆ

**ਸੰਗਰੂਰ (ਪ੍ਰਵੀਨ ਸਿੰਘ)**

ਪਿੰਗਲਵਾੜਾ ਵਿਖੇ ਪ੍ਰਬੰਧਕੀ ਟੀਮ ਦੇ ਮੈਂਬਰ ਸੁਰਿੰਦਰ ਪਾਲ ਸਿੰਘ ਸਿਦਕੀ ਤੇ ਇੰਦਰਪਾਲ ਕੌਰ ਦੇ ਪਰਿਵਾਰ ਵੱਲੋਂ ਗੁਰਨੂਰ ਕੌਰ ਪੋਤਰੀ ਦੇ ਜਨਮ ਦਿਨ ਮੌਕੇ ਵਿਸ਼ੇਸ਼ ਧਾਰਮਿਕ ਸਮਾਗਮ ਕਰਾਇਆ ਗਿਆ। ਸਾਖਾ ਦੇ ਮੁੱਖ ਪ੍ਰਬੰਧਕ ਤਰਲੋਚਨ ਸਿੰਘ ਚੀਮਾ, ਹਰਜੀਤ ਸਿੰਘ ਅਰੋੜਾ, ਮਾਸਟਰ ਸਤਪਾਲ ਸਰਮਾ, ਮਨਿੰਦਰ ਪਾਲ ਸਿੰਘ, ਰਾਜਵਿੰਦਰ ਸਿੰਘ ਲੱਕੀ ਦੀ ਦੇਖ-ਰੇਖ ਹੇਠ ਹੋਏ। ਇਸ ਸਮਾਗਮ ਵਿੱਚ ਬੱਚੀ ਦੇ ਪਰਵਾਰ ਵੱਲੋਂ ਕੀਤੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਹੋਏ ਕੀਰਤਨ ਦਰਬਾਰ ਵਿੱਚ ਗੁਰਨੂਰ ਕੌਰ ਤੇ ਮਾਤਾ ਕਮਲਪ੍ਰੀਤ ਕੌਰ ਵੱਲੋਂ ਕੀਤੇ ਨਾਮ ਸਿਮਰਨ ਤੋਂ ਬਾਅਦ ਚਰਨਜੀਤ ਪਾਲ ਸਿੰਘ, ਗੁਰਿੰਦਰ ਸਿੰਘ ਗੁਜਰਾਲ, ਹਰਫੂਲ ਸਿੰਘ, ਗੁਰਦਰਸਨ ਸਿੰਘ ਦੇ ਜਥਿਆਂ ਅਤੇ ਕਮਲਜੀਤ ਕੌਰ ਲੁਧਿਆਣਾ ਨੇ ਰਸਭਿੰਨਾ ਕੀਰਤਨ ਕੀਤਾ। ਇਸ ਮੌਕੇ ਡਾਕਟਰ ਇਕਬਾਲ ਸਿੰਘ, ਸੁਖਵਿੰਦਰ ਸਿੰਘ ਫੁੱਲ, ਸਵਾਮੀ ਰਾਵਿੰਦਰ ਗੁਪਤਾ ਨੇ ਵਿਸੇਸ ਤੌਰ 'ਤੇ ਪਹੁੰਚ ਕੇ ਬੱਚੀ ਨੂੰ ਆਸ਼ੀਰਵਾਦ ਦਿੱਤਾ। ਪਿੰਗਲਵਾੜਾ ਸਾਖਾ ਦੇ ਆਨਰੇਰੀ ਪ੍ਰਬੰਧਕ ਮੁਖਤਿਆਰ ਸਿੰਘ, ਪ੍ਰਿੰਸੀਪਲ ਬਲਵੰਤ ਸਿੰਘ, ਡਾਕਟਰ ਬਲਦੇਵ ਸਿੰਘ, ਜਰਨੈਲ ਸਿੰਘ, ਜੁਗਰਾਜ ਸਿੰਘ ਇੰਸਪੈਕਟਰ ਤੋਂ ਬਿਨਾਂ ਮਨਮੋਹਨ ਸਿੰਘ, ਬਲਜੋਤ ਸਿੰਘ, ਗੁਰਮੀਤ ਪਾਲ ਸਿੰਘ, ਤੇਜਿੰਦਰ ਸਿੰਘ, ਸਿਮਰ ਸਿੰਘ , ਚਮਨਪ੍ਰੀਤ ਕੌਰ ਸਾਹਕੋਟ, ਰਾਜਵੰਤ ਕੌਰ, ਹਰਵਿੰਦਰ ਕੌਰ, ਮਨਪ੍ਰੀਤ ਕੌਰ, ਸੁਰਿੰਦਰ ਕੌਰ, ਅਮਰਜੀਤ ਕੌਰ, ਗੁਰਮੀਤ ਕੌਰ, ਰਵਨੀਤ ਕੌਰ, ਸਮਰਪ੍ਰੀਤ ਸਿੰਘ ਆਦਿ ਨੇ ਸਮੂਲੀਅਤ ਕੀਤੀ। ਪ੍ਰਿੰਸੀਪਲ ਡਾ ਇਕਬਾਲ ਸਿੰਘ ਨੇ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਸਿਦਕੀ ਸਾਹਿਬ ਵੱਲੋਂ ਕਰਾਏ ਸਮਾਗਮ ਦੀ ਸਲਾਘਾ ਕੀਤੀ। ਤਰਲੋਚਨ ਸਿੰਘ ਚੀਮਾ, ਹਰਜੀਤ ਸਿੰਘ ਅਰੋੜਾ ਨੇ ਪਿੰਗਲਵਾੜਾ ਵੱਲੋਂ ਬੱਚੀ ਗੁਰਨੂਰ ਕੌਰ ਤੇ ਪਰਵਾਰ ਨੂੰ ਸਨਮਾਨਤ ਕੀਤਾ।



CMYK

# ਭੇਦਭਰੀ ਹਾਲਤ 'ਚ ਨੌਜਵਾਨ ਦੀ ਲਾਸ਼ ਮਿਲੀ, ਹੱਤਿਆ ਦਾ ਖ਼ਦਸ਼ਾ



ਗੁਰਦਾਸਪੁਰ-(ਨਜ਼ਸ)—ਨਜ਼ਦੀਕੀ ਪਿੰਡ ਪਾਹੜਾ ਵਿੱਚ ਇੱਕ ਨੌਜਵਾਨ ਦੀ ਲਾਸ਼ ਭੇਦਭਰੀ ਹਾਲਤ ਵਿੱਚ ਖੇਤਾਂ ਵਿੱਚ ਪਈ ਮਿਲੀ। ਮ੍ਰਿਤਕ ਦੀ ਪਹਿਚਾਣ ਸ਼ੁਭਮ (25) ਪੁੱਤਰ ਸੁਭਾਸ਼ ਵਾਸੀ ਪਿੰਡ ਪਾਹੜਾ ਵਜੋਂ ਹੋਈ ਹੈ। ਮ੍ਰਿਤਕ ਦੇ ਵਾਰਸਾਂ ਦਾ ਇਲਜ਼ਾਮ ਹੈ ਕਿ ਪ੍ਰੇਮ ਸਬੰਧਾਂ ਦੇ ਚਲਦਿਆਂ ਸ਼ੁਭਮ ਦੀ ਸ਼ਾਦੀਸ਼ੁਦਾ ਪ੍ਰੇਮਿਕਾ ਦੇ ਪਰਿਵਾਰ ਵਾਲਿਆਂ ਵਲੋਂ ਇਸ ਦੀ ਹੱਤਿਆ ਕੀਤੀ ਗਈ ਹੈ। ਡੈਂਟਿੰਗ ਪੇਂਟਿੰਗ ਦਾ ਕੰਮ ਕਰਦੇ ਸ਼ੁਭਮ ਦੀ ਮਾਂ ਵੀਨਾ ਨੇ ਦੱਸਿਆ ਕਿ ਉਸ ਦੇ ਲੜਕੇ ਦੇ ਅਠਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਪਿੰਡ ਦੀ ਹੀ ਇੱਕ ਲੜਕੀ ਨਾਲ ਪ੍ਰੇਮ ਸਬੰਧ ਸਨ ਜਿਸ ਦੇ ਚੱਲਦਿਆਂ ਕਈ ਵਾਰ ਪਰਿਵਾਰਾਂ ਦਰਮਿਆਨ ਝਗੜੇ ਵੀ ਹੁੰਦੇ ਰਹੇ। ਲੜਕੀ ਦੇ ਪਰਿਵਾਰ ਵਾਲਿਆਂ ਉਸ ਦਾ ਵਿਆਹ ਕਿਤੇ ਹੋਰ ਕਰ ਦਿੱਤਾ ਅਤੇ ਉਸ ਦੇ ਦੋ ਬੱਚੇ ਵੀ ਹਨ। ਵੀਨਾ ਅਨੁਸਾਰ ਲੜਕੀ ਅਜੇ ਵੀ ਸ਼ੁਭਮ ਨੂੰ ਛੱਡ ਨਹੀਂ ਸੀ ਰਹੀ। ਕੁਝ ਦਿਨ ਪਹਿਲਾਂ ਦੋਵਾਂ ਪਰਿਵਾਰਾਂ ਵਿੱਚ ਮੁੜ ਝਗੜਾ ਹੋਇਆ ਅਤੇ ਮਾਮਲਾ ਪੁਲਸ ਦੇ ਧਿਆਨ ਵਿੱਚ ਆਉਣ ਮਗਰੋਂ ਐਤਵਾਰ ਨੂੰ ਦੋਵਾਂ ਧਿਰਾਂ ਦਰਮਿਆਨ ਰਾਜ਼ੀਨਾਵਾਂ ਹੋਇਆ ਸੀ। ਐਤਵਾਰ ਨੂੰ ਹੀ ਰਾਤ 8 ਵਜੇ ਦੇ ਕਰੀਬ ਲੜਕੀ ਦਾ ਭਰਾ ਉਨ੍ਹਾਂ ਦੇ ਘਰ ਬਾਹਰ ਆਇਆ ਅਤੇ ਸ਼ੁਭਮ ਨੂੰ ਆਪਣੇ ਨਾਲ ਕਿਤੇ ਲੈ ਗਿਆ। ਰਾਜ਼ੀਨਾਵਾਂ ਹੋਣ ਕਾਰਨ ਉਨ੍ਹਾਂ ਇਸ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸਾਰੀ ਰਾਤ ਜਦ ਸ਼ੁਭਮ ਘਰ ਨਹੀਂ ਪਰਤਿਆ ਤਾਂ ਉਹ ਉਸ ਨੂੰ ਫੋਨ ਕਰਦੇ ਰਹੇ ਪਰ ਉਸ ਨੇ ਫੋਨ ਨਹੀਂ ਚੁੱਕਿਆ। ਸੋਮਵਾਰ ਸਵੇਰੇ ਸ਼ੁਭਮ ਦੇ ਇੱਕ ਦੋਸਤ ਨੇ ਦੱਸਿਆ ਕਿ ਸ਼ੁਭਮ ਦੀ ਲਾਸ਼ ਪਿੰਡ ਗੋਹਤ ਪੋਖਰ ਨੂੰ ਜਾਣ ਵਾਲੇ ਰਸਤੇ ਦੇ ਖੇਤਾਂ ਵਿੱਚ ਪਈ ਹੈ। ਉਸ ਦੇ ਸਰੀਰ ਤੇ ਸੱਟਾਂ ਦੇ ਨਿਸ਼ਾਨ ਵੀ ਸਨ । ਤਿੱਬੜ ਥਾਣਾ ਮੁਖੀ ਅਮਨਦੀਪ ਕੌਰ ਨੇ ਦੱਸਿਆ ਕਿ ਲਾਸ਼ ਨੂੰ ਪੋਸਟਮਾਰਟਮ ਲਈ ਭੇਜਿਆ ਗਿਆ ਹੈ ਅਤੇ ਪਰਿਵਾਰ ਵਾਲਿਆਂ ਦੇ ਬਿਆਨ ਦਰਜ ਕਰ ਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਜੇਲ੍ਹ 'ਚੋਂ ਫ਼ੋਨ ਮਿਲਣ 'ਤੇ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਪੁਲਸ ਵਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਅੰਦਰੋਂ ਮੋਬਾਇਲ ਫ਼ੋਨ ਬਰਾਮਦ ਹੋਣ 'ਤੇ ਨਾਮਲੂਮ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।

ਸੁਪਰਡੈਂਟ ਕੇਂਦਰੀ ਜੇਲ੍ਹ ਗੁਰਦਾਸਪੁਰ ਦੀ ਹਾਜ਼ਰੀ ਵਿਚ ਜੇਲ ਸਟਾਫ਼ ਵਲੋਂ ਬੈਰਕ ਨੰਬਰ 3 ਦੀ ਤਲਾਸ਼ੀ ਕੀਤੀ ਗਈ ਤਾਂ ਬੈਰਕ ਵਿਚੋਂ ਲਾਵਾਰਿਸ ਬਿਨਾਂ ਬੈਟਰੀ ਤੇ ਸਿੰਮ ਦੇ ਨੋਕੀਆ ਕੰਪਨੀ ਦਾ ਬਟਨਾਂ ਵਾਲਾ ਫ਼ੋਨ ਮਿਲਿਆ। ਪੁਲਸ ਵਲੋਂ ਕਾਰਵਾਈ ਕਰਦਿਆਂ ਨਾਮਲੂਮ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

## 3960 ਐੱਮ ਐੱਲ ਨਾਜਾਇਜ਼ ਸ਼ਰਾਬ ਬਰਾਮਦ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਬਹਿਰਾਮਪੁਰ ਦੇ ਏ.ਐੱਸ.ਆਈ. ਕਰਨੈਲ ਸਿੰਘ ਨੇ ਸਮੇਤ ਪੁਲਸ ਪਾਰਟੀ ਵੀ. ਡੀ. ਪੁਰੀ ਸਕੂਲ ਸਾਂਸੀਆਂ ਮੁਹੱਲਾ ਬਹਿਰਾਮਪੁਰ ਤੋਂ ਦੋਸ਼ਣਾਂ ਵਾਸੀਆਨ ਸਾਂਸੀਆਂ ਮੁਹੱਲਾ ਬਹਿਰਾਮਪੁਰ ਨੂੰ 3960 ਐਮ.ਐਲ. ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਪੁਲਸ ਵਲੋਂ ਇਨ੍ਹਾਂ ਕਥਿਤ ਦੋਸ਼ਣਾਂ ਖ਼ਿਲਾਫ਼ ਆਬਾਕਾਰੀ ਐਕਟ ਅਧੀਨ ਮਾਮਲਾ ਦਰਜ ਕਰਕੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ।

# ਪੰਜਾਬ ਖੇਤ ਮਜ਼ਦੂਰ ਸਭਾ ਦਾ ਗੰਡੀਵਿੰਡ ਵਿਖੇ ਡੈਲੀਗੇਟ ਅਜਲਾਸ ਸੰਪੰਨ



ਗੰਡੀਵਿੰਡ (ਨਜ਼ਸ)-ਪੰਜਾਬ ਖੇਤ ਮਜ਼ਦੂਰ ਸਭਾ ਦਾ ਡੈਲੀਗੇਟ ਅਜਲਾਸ ਗੰਡੀਵਿੰਡ ਵਿਖੇ ਬਲਾਕ ਕਮੇਟੀ ਦੀ ਚੋਣ ਉਪਰੰਤ ਸੰਪੰਨ ਹੋਇਆ। ਡੈਲੀਗੇਟ ਅਜਲਾਸ ਦੀ ਪ੍ਰਧਾਨਗੀ ਸਾਥੀ ਕੁਲਵੰਤ ਸਿੰਘ ਸੋਹਲ, ਸੁਖਦੇਵ ਸਿੰਘ ਗੰਡੀਵਿੰਡ, ਸ਼ੀਲਾ ਕਸੇਲ ਨੇ ਕੀਤੀ। ਅਜਲਾਸ ਵਿੱਚ ਵੱਖ-ਵੱਖ ਪਿੰਡਾਂ ਤੋਂ ਆਏ 104 ਡੈਲੀਗੇਟਾਂ ਨੇ ਹਿੱਸਾ ਲਿਆ। ਬਲਾਕ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਨੇ ਪਿਛਲੇ 4 ਸਾਲਾਂ ਦੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ ਜੋ ਕਿ ਸਰਬਸੰਮਤੀ ਨਾਲ ਪਾਸ ਕੀਤੀ ਗਈ। ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਜ਼ਿਲ੍ਹਾ ਮੀਤ ਪ੍ਰਧਾਨ ਕਾਮਰੇਡ ਰਸ਼ਪਾਲ ਸਿੰਘ ਘੁਰਕਵਿੰਡ, ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਮੇਜਰ ਸਿੰਘ ਦਾਰਾਪੁਰ ਨੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਸਰਮਾਏਦਾਰ ਨੀਤੀਆਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਆਰਐੱਸਐੱਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਭਾਰਤੀ ਸਵਿਧਾਨ ਦੀ ਥਾਂ ਮਨੂੰ ਸਮਰਿਤੀ ਨੂੰ ਆਪਣੇ ਸਰਮਾਏਦਾਰ ਮਿੱਤਰਾਂ ਅੰਬਾਨੀ, ਅਡਾਨੀ ਨੂੰ ਪਬਲਿਕ ਸੈਕਟਰ ਦੇ ਅਦਾਰੇ ਕੌਡੀਆਂ ਦੇ ਭਾਅ ਵੇਚ ਰਹੀ ਹੈ। ਉਨ੍ਹਾਂ ਦੇ ਵੱਡੇ ਕਰਜ਼ੇ ਮੁਆਫ ਕਰਕੇ ਵੱਟੇ ਖਾਤੇ ਪਾਏ ਜਾ ਰਹੀ ਹਨ। ਦੂਜੇ ਪਾਸੇ 2005 ਦੇ ਬਣੇ ਮਨਰੇਗਾ ਕਾਨੂੰਨ ਨੂੰ ਖਤਮ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ। ਮਨਰੇਗਾ ਦੇ ਫੰਡਾਂ ਵਿੱਚ ਕਟੌਤੀ ਕਰਕੇ ਮਨਰੇਗਾ ਕਾਮਿਆਂ ਨਾਲ ਬਹੁਤ ਵੱਡਾ ਧੱਕਾ ਕੀਤਾ ਹੈ। ਖਾਣ-ਪੀਣ ਵਾਲੀਆਂ ਵਸਤਾਂ, ਰਸੋਈ ਗੈਸ ਦੀਆਂ ਕੀਮਤਾਂ ਵਿੱਚ ਅਥਾਹ ਵਾਧਾ ਕਰਕੇ ਗਰੀਬ ਲੋਕਾਂ ਦਾ ਖ਼ੂਨ ਚੂਸਿਆ ਜਾ ਰਿਹਾ ਹੈ। ਭ੍ਰਿਸ਼ਟਾਚਾਰ ਆਪਣੀਆਂ ਸਭ ਹੱਦਾਂ ਪਾਰ ਕਰ ਗਿਆ ਹੈ। ਘੱਟ ਗਿਣਤੀਆਂ, ਦਲਿਤਾਂ ਅਤੇ ਔਰਤਾਂ 'ਤੇ ਹਮਲੇ ਭਾਜਪਾ ਲੀਡਰਾਂ ਵੱਲੋਂ ਹੋ ਰਹੇ ਹਨ। ਦੇਸ਼ ਦਾ ਮਾਣ ਪਹਿਲਵਾਨ ਲੜਕੀਆਂ ਸਬਰ ਦਾ ਪਿਆਲਾ ਭਰ ਜਾਣ ਤੇ ਇਨਸਾਫ ਲੈਣ ਵਾਸਤੇ ਜੰਤਰ-ਮੰਤਰ ਧਰਨਾ ਲਾਉਣ ਲਈ ਮਜਬੂਰ ਹੋਈਆਂ ਹਨ। ਬੇਟੀ ਬਚਾਓ, ਬੇਟੀ ਪੜ੍ਹਾਉ ਦਾ ਨਾਅਰਾ ਦੇਣ ਵਾਲੀ ਭਾਜਪਾ ਸਰਕਾਰ ਦੇ ਆਗੂਆਂ ਤੋਂ ਬੇਟੀ ਸੁਰੱਖਿਅਤ ਨਹੀਂ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਹਿਲਾਂ ਕਾਤਲਾਂ ਨੂੰ ਤੇ ਹੁਣ ਬਲਾਤਕਾਰੀਆਂ ਨੂੰ ਬਚਾਉਣ 'ਤੇ ਲੱਗਾ ਹੋਇਆ ਹੈ। ਪੰਜਾਬ ਖੇਤ ਮਜ਼ਦੂਰ ਸਭਾ ਕੇਂਦਰ ਸਰਕਾਰ ਦੀਆਂ ਨਾਕਾਮੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸੰਘਰਸ਼ ਕਰ ਰਹੀਆਂ ਪਹਿਲਵਾਨ ਲੜਕੀਆਂ ਦੀ ਹਮਾਇਤ ਵਿੱਚ ਜ਼ੋਰਦਾਰ ਆਵਾਜ਼ ਬੁਲੰਦ ਕਰਦੀ ਹੈ। ਉਨ੍ਹਾਂ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਪੰਜਾਬ ਸਰਕਾਰ ਆਪਣੀਆਂ ਕੀਤੀਆਂ ਗਰੰਟੀਆਂ ਪੂਰੀਆਂ ਕਰੇ। ਮਜ਼ਦੂਰ ਲੋਕਾਂ ਦੇ ਕੱਟੇ ਹੋਏ ਰਾਸ਼ਨ ਕਾਰਡ ਤੁਰੰਤ ਬਹਾਲ ਕੀਤੇ ਜਾਣ, ਵਿਧਵਾ ਤੇ ਬੁਢਾਪਾ ਪੈਨਸ਼ਨ 5 ਹਜ਼ਾਰ, ਮਜ਼ਦੂਰ ਲੋਕਾਂ ਨੂੰ ਦਸ-ਦਸ ਮਰਲਿਆਂ ਦੇ ਪਲਾਟ, ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਮੁਆਫ, ਔਰਤਾਂ ਦੇ ਖਾਤਿਆਂ ਵਿੱਚ ਇੱਕ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਤੁਰੰਤ ਪਾਏ ਜਾਣ। ਇਸ ਮੌਕੇ 21 ਮੈਂਬਰੀ ਏਰੀਆ ਕਮੇਟੀ ਦੀ ਚੋਣ ਕੀਤੀ ਗਈ ਜਿਸ ਦੇ ਪ੍ਰਧਾਨ ਸੁਲੱਖਣ ਸਿੰਘ ਗੰਡੀਵਿੰਡ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਡਿਪਟੀ ਜਨਰਲ ਸਕੱਤਰ ਬਲਵਿੰਦਰ ਸਿੰਘ ਠੇਕੇਦਾਰ, ਮੀਤ ਪ੍ਰਧਾਨ ਬਲਦੇਵ ਸਿੰਘ ਨੌਸ਼ਹਿਰਾ ਢਾਲਾ, ਕੁਲਵੰਤ ਸਿੰਘ ਸੋਹਲ, ਸੁਖਦੇਵ ਸਿੰਘ ਮੰਨਣ, ਬਲਵਿੰਦਰ ਸਿੰਘ ਮੂਸੇ, ਮੀਤ ਸਕੱਤਰ ਸੁਖਦੇਵ ਸਿੰਘ ਗੰਡੀਵਿੰਡ, ਸ਼ੀਲਾ ਕਸੇਲ, ਲਵਪ੍ਰੀਤ ਸਿੰਘ ਝਬਾਲ, ਕੈਸ਼ੀਅਰ ਮੇਜਰ ਸਿੰਘ ਕਸੇਲ ਆਦਿ ਚੁਣੇ ਗਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁੱਖਾ ਸਿੰਘ ਮੂਸੇ, ਅਨੂ ਗੰਡੀਵਿੰਡ, ਜੋਗਿੰਦਰ ਸਿੰਘ ਸਰਪੰਚ ਸੋਹਲ, ਗੌਰਵ ਸਰਾਂ, ਕਰਤਾਰ ਸਿੰਘ ਮਾਲੂਵਾਲ, ਸੁਖਦੇਵ ਸਿੰਘ ਮੰਨਣ, ਵਿਜੇਦੀਪ ਗੰਡੀਵਿੰਡ, ਲੁੱਕਾ ਮਸੀਹ, ਬੱਲ ਠੱਠਾ, ਸਹਿਲ ਬੁਰਜ, ਦਵਿੰਦਰ ਸਿੰਘ ਬਘਿਆੜੀ, ਰਾਜਬੀਰ ਸਿੰਘ ਪੰਜਵੜ ਅਤੇ ਐਮੀ ਖੈਰਦੀ ਆਦਿ ਆਗੂ ਹਾਜ਼ਰ ਸਨ।

# ਬੁੱਢਾ ਦਲ ਦੇ ਮੁਖੀ ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ ਦੀ ਬਰਸੀ ਸਬੰਧੀ ਸਮਾਗਮ ਅੱਜ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96 ਕਰੋੜੀ ਦੇ 12ਵੇਂ ਮੁਖੀ ਸੱਚਖੰਡ ਵਾਸੀ ਸਿੰਘ ਸਾਹਿਬ ਬਾਬਾ ਚੇਤ ਸਿੰਘ ਦੀ 55ਵੀਂ ਅਤੇ 13ਵੇਂ ਮੁਖੀ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਦੀ 15ਵੀਂ ਬਰਸੀ ਸਬੰਧੀ ਮੁਖ ਧਾਰਮਿਕ ਸਮਾਗਮ ਅੱਜ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਸੁਯੋਗ ਅਗਵਾਈ ਨਿਰਦੇਸ਼ਨਾ ਤਹਿਤ, ਸ਼੍ਰੋਮਣੀ ਪੰਥ ਬੁੱਢਾ ਦਲ ਦੇ ਮੁੱਖ ਅਸਥਾਨ ਗੁ: ਬੇਰ ਸਾਹਿਬ ਦੇਗਸਰ, ਛਾਉਣੀ ਨਿਹੰਗ ਸਿੰਘਾਂ ਤਲਵੰਡੀ ਸਾਬੋ ਵਿਖੇ ਪਰਸੋਂ ਰੋਜ਼ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਹੋਏ ਸ੍ਰੀ ਆਖੰਡ ਪਾਠ ਸਾਹਿਬ ਦਾ ਭੋਗ ਭਲਕੇ ਪਵੇਗਾ।

ਸ. ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਉਪਰੰਤ ਮੁੱਖ ਧਾਰਮਿਕ ਸਮਾਗਮ ਹੋਣਗੇ ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੋਂ ਇਲਾਵਾ ਤਖ਼ਤਾਂ ਦੇ ਬਾਕੀ ਜਥੇਦਾਰ ਸਾਹਿਬਾਨ, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂ ਸਾਹਿਬਾਨ ਸ਼ਮੂਲੀਅਤ ਕਰਨਗੇ ਉੱਥੇ ਪੰਥ ਪ੍ਰਸਿੱਧ ਰਾਗੀ, ਪ੍ਰਚਾਰਕ ਸਾਹਿਬਾਨ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਨਿਹਾਲ ਕਰਨਗੇ। ਪੰਥ ਪ੍ਰਸਿੱਧ ਢਾਡੀ ਭਾਈ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਸੰਤ ਬਾਬਾ ਜੋਗਾ ਸਿੰਘ ਨਾਨਕਸਰ ਕਰਨਾਲ ਵਾਲੇ ਆਪਣੀਆਂ ਵੀਰਰਸ ਵਾਰਾਂ ਨਾਲ ਸੰਗਤਾਂ ਨੂੰ ਬੁੱਢਾ ਦਲ ਦੇ ਇਤਿਹਾਸ ਤੋਂ ਜਾਣੂ ਕਰਵਾਉਣਗੇ। ਉਨ੍ਹਾਂ ਹੋਰ ਦੱਸਿਆ ਕਿ ਮੁੱਖ ਸਮਾਗਮ ਵਿਚ ਹਾਜ਼ਰੀਆਂ ਭਰਨ ਲਈ ਗੁਰੂ ਕੀਆਂ ਲਾਡਲੀਆਂ ਨਿਹੰਗ ਸਿੰਘ ਫੌਜਾਂ ਦਮਦਮਾ ਸਾਹਿਬ ਪੁੱਜ ਚੁੱਕੀਆਂ ਹਨ ਜਿਨ੍ਹਾਂ ਦੀ ਰਿਹਾਇਸ਼ ਤੇ ਲੰਗਰਾਂ ਦੇ ਸਮੁੱਚੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ 10 ਮਈ ਨੂੰ ਜਿੱਥੇ ਅੰਮ੍ਰਿਤ ਸੰਚਾਰ ਹੋਵੇਗਾ ਉੱਥੇ ਨਿਹੰਗ ਸਿੰਘਾਂ ਦੇ ਲਾਇਸੰਸ ਨਵੇਂ ਬਣਾਏ ਅਤੇ ਰਿਨੀਊ ਕੀਤੇ ਜਾਣਗੇ।

# ਚੈਰੀਟੇਬਲ ਟਰੱਸਟ ਨੇ ਲੋੜਵੰਦ ਪਰਿਵਾਰ ਦਾ ਮਕਾਨ ਬਣਾ ਕੇ ਦਿੱਤਾ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਮਨੁੱਖਤਾ ਦੀ ਸੇਵਾ ਸਭ ਤੋਂ ਵੱਡੀ ਸੇਵਾ ਨੂੰ ਸਮਰਪਿਤ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਵੱਲੋਂ ਪਿੰਡ ਘਰਿਆਲਾ ਵਿਖੇ ਲੋੜਵੰਦ ਪਰਿਵਾਰ ਨੂੰ ਇੱਕ ਕਮਰਾ 1015 ਦਾ ਅਤੇ ਚਾਰ ਦੀਵਾਰੀ ਦਾ ਨਿਰਮਾਣ ਸੰਗਤ ਦੇ ਸਹਿਯੋਗ ਨਾਲ ਕਰਵਾ ਕੇ ਦਿੱਤਾ ਗਿਆ! ਟਰੱਸਟ ਦੇ ਮੁੱਖ ਪ੍ਰਬੰਧਕ ਗੁਰਮੀਤ ਸਿੰਘ ਅਤੇ ਮੈਂਬਰ ਜਗਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੀਪਕ ਸਿੰਘ ਵਾਸੀ ਪਿੰਡ ਘਰਿਆਲਾ ਦੀ ਅੱਖ ਵਿੱਚ ਰਸੌਲੀ ਹੋਣ ਕਰਕੇ ਬਰੇਨ ਫੰਗਸ ਹੋ ਗਈ ਸੀ! ਦੀਪਕ ਸਿੰਘ ਦੇ ਘਰ ਅਤਿ ਦੀ ਗਰੀਬੀ ਹੋਣ ਕਰਕੇ ਇਲਾਜ ਕਰਵਾਉਣ ਤੋਂ ਅਸਮਰੱਥ ਸੀ। ਉਸ ਵੇਲੇ ਵੀ ਸੰਗਤ ਦੇ ਸਹਿਯੋਗ ਨਾਲ ਦੀਪਕ ਸਿੰਘ ਦਾ ਇਲਾਜ ਕਰਵਾਇਆ ਗਿਆ ਸੀ ਪਰ ਬਰੇਨ ਡੈੱਡ ਹੋਣ ਕਰਕੇ ਉਸ ਦੀ ਮੌਤ ਹੋ ਗਈ ਸੀ! ਦੀਪਕ ਸਿੰਘ ਆਪਣੀ ਘਰਵਾਲੀ ਅਤੇ ਛੇ ਸਾਲ ਦੇ ਬੇਟੇ ਨਾਲ ਕੱਚੇ ਘਰ ਵਿੱਚ ਰਹਿੰਦਾ ਸੀ! ਦੀਪਕ ਦੀ ਮੌਤ ਤੋਂ ਬਾਅਦ ਕੋਈ ਵੀ ਕਮਾਈ ਦਾ ਸਾਧਨ ਨਾ ਹੋਣ ਕਰਕੇ ਪਰਿਵਾਰ ਵੱਲੋਂ ਟਰੱਸਟ ਪਾਸ ਬੇਨਤੀ ਕੀਤੀ ਗਈ ਸੀ ਕਿ ਇੱਕ ਕਮਰਾ ਅਤੇ ਚਾਰ ਦੀਵਾਰੀ ਦਾ ਨਿਰਮਾਣ ਕਰਵਾ ਦਿਉ! ਟਰੱਸਟ ਵੱਲੋਂ ਸੰਗਤ ਦੇ ਸਹਿਯੋਗ ਨਾਲ 14 ਅਪ੍ਰੈਲ ਵਿਸਾਖੀ ਵਾਲੇ ਦਿਨ ਨੀਂਹ ਰੱਖ ਕੇ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਸੀ! ਮਕਾਨ ਦਾ ਕਾਰਜ ਮੁਕੰਮਲ ਹੋਣ ਤੇ ਪਰਿਵਾਰ ਵੱਲੋਂ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਅਤੇ ਸਹਿਯੋਗ ਕਰਨ ਵਾਲੀ ਸੰਗਤ ਦਾ ਧੰਨਵਾਦ ਕੀਤਾ ਗਿਆ! ਇਸ ਮੌਕੇ ਸਰਪ੍ਰਸਤ ਡਾ. ਰਜਿੰਦਰ ਸਿੰਘ, ਮੀਤ ਪ੍ਰਧਾਨ ਬਲਬੀਰ ਸਿੰਘ, ਸਕੱਤਰ ਹਰਚਰਨ ਸਿੰਘ, ਅਮਨਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਜਗਜੀਤ ਸਿੰਘ, ਸੁਖਪਾਲ ਸਿੰਘ ਡਿਪਟੀ ਹਾਜ਼ਰ ਸਨ।

# ਅਸ਼ੀਰਵਾਦ ਸਕੀਮ ਤਹਿਤ ਜ਼ਿਲ੍ਹੇ 'ਚ 2779 ਲਾਭਪਾਤਰੀਆਂ ਨੂੰ 1417.29 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ: ਡੀ ਸੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਸਰਕਾਰ ਵੱਲੋਂ ਗਰੀਬ ਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਨੂੰ ਵਿਆਹ ਮੌਕੇ ਅਸ਼ੀਰਵਾਦ ਸਕੀਮ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਦੇ 2779 ਲਾਭਪਾਤਰੀਆਂ ਨੂੰ 14 ਕਰੋੜ 17 ਲੱਖ 29 ਹਜ਼ਾਰ ਰੁਪਏ ਦੀ ਰਾਸ਼ੀ ਅਪ੍ਰੈਲ 2022 ਤੋਂ ਨਵੰਬਰ, 2022 ਤੱਕ ਦੇ ਲਾਭਪਾਤਰੀਆਂ ਨੂੰ ਜਾਰੀ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੇ ਦੱਸਿਆ ਕਿ ਇਕ ਹਫਤੇ ਦੇ ਅੰਦਰ ਅੰਦਰ 2779 ਲਾਭਪਾਤਰੀਆਂ ਦੇ ਖਾਤੇ ਵਿੱਚ ਅਸ਼ੀਰਵਾਦ ਸਕੀਮ ਤਹਿਤ ਆਨਲਾਈਨ ਰਾਸ਼ੀ ਟਰਾਂਸਫਰ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ/ਈਸਾਈ ਬਰਾਦਰੀ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ, ਪੱਛੜੀ ਸ਼੍ਰੇਣੀ ਦੀਆਂ ਲੜਕੀਆਂ ਅਤੇ ਆਰਥਿਕ ਤੌਰ 'ਤੇ ਪੱਛੜੇ ਪਰਿਵਾਰ ਦੀਆਂ ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ/ਤਲਾਕਸ਼ੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ 51000 ਰੁਪਏ ਦੀ ਵਿੱਤੀ ਸਹਾਇਤਾ ਸ਼ਗਨ ਵਜੋਂ ਦਿੱਤੀ ਜਾਂਦੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕ ਹਿੱਤ ਚਲਾਈ ਜਾ ਰਹੀ ਭਲਾਈ ਸਕੀਮ ਅਸ਼ੀਰਵਾਦ ਨੂੰ ਸੁਖਾਲਾ ਬਣਾਉਂਦੇ ਹੋਏ 1 ਅਪ੍ਰੈਲ, 2023 ਤੋਂ ਪੋਰਟਲ ਜਾਰੀ ਕੀਤਾ ਗਿਆ ਹੈ ਜਿਸ ਅਨੁਸਾਰ ਬਿਨੈਕਾਰ ਘਰ ਬੈਠੇ ਹੀ ਇਸ ਸਕੀਮ ਤਹਿਤ ਆਪਣੀ ਫਾਇਲ ਆਨ ਲਾਈਨ ਅਪਲਾਈ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਇਹ ਸਕੀਮ ਦਾ ਲਾਭ ਇਕ ਪਰਿਵਾਰ ਦੀਆਂ 2 ਲੜਕੀਆਂ ਨੂੰ ਹੀ ਦਿੱਤਾ ਜਾ ਸਕਦਾ ਹੈ ਅਤੇ ਲਾਭਪਾਤਰੀ ਦਾ ਪੰਜਾਬ ਦਾ ਵਸਨੀਕ ਹੋਣਾ ਜ਼ਰੂਰੀ ਹੈ ਅਤੇ ਉਸ ਦੀ ਸਲਾਨਾ ਆਮਦਨ 32790 ਰੁਪਏ ਹੋਣੀ ਚਾਹੀਦੀ ਹੈ। ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਸੰਜੀਵ ਮੰਨਣ ਨੇ ਦੱਸਿਆ ਕਿ ਪ੍ਰਾਪਤ ਹੋਈ ਰਾਸ਼ੀ ਡੀ: ਬੀ: ਟੀ. ਮੋਡ ਰਾਹੀਂ ਲਾਭਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾਂਦੀ ਹੈ ਅਤੇ ਸਰਕਾਰ ਵੱਲੋਂ ਬਾਕੀ ਰਹਿੰਦੇ ਮਹੀਨਿਆਂ ਦੀ ਵੀ ਲਾਭਪਾਤਰੀਆਂ ਨੂੰ ਰਾਸ਼ੀ ਜਲਦ ਹੀ ਜਾਰੀ ਕੀਤੀ ਜਾਵੇਗੀ।

# ਹੋਣਹਾਰ ਵਿਦਿਆਰਥੀ ਹਸਨਪ੍ਰੀਤ ਸਿੰਘ ਦਾ ਮਾਣ-ਸਨਮਾਨ



ਮਜੀਠਾ (ਮਨਮੋਹਨ ਸਿੰਘ)-ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਖੋਲ੍ਹੇ ਗਏ ਸਕੂਲ ਜਿਸ ਵਿੱਚ ਗਰੀਬ ਵਿਦਿਆਰਥੀਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਕੂਲਾਂ ਦੇ ਵਿੱਚੋਂ ਵਿਦਿਆਰਥੀਆਂ ਵੱਲੋਂ ਦਾਖਲਾ ਲੈਣ ਲਈ ਟੈਸਟ ਲਏ ਗਏ ਸੀ। ਸੱਤਿਆ ਐਲੀਮੈਂਟਰੀ ਸਕੂਲ ਜਿੰਜੇਆਣੀ ਵਿੱਚ ਹਸਨਪ੍ਰੀਤ ਸਿੰਘ ਵਸਨੀਕ ਪਿੰਡ ਅਠਵਾਲ ਨੂੰ ਸਕੂਲਜ਼ ਆਫ ਐਮੀਨੈਂਸ 'ਚ ਦਾਖਲਾ ਲੈਣ ਸੰਬੰਧੀ ਹੋਏ ਇਮਤਿਹਾਨ ਵਿੱਚ ਸਫਲ ਹੋਣ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀ ਦੇ ਮਾਤਾ-ਪਿਤਾ ਅਤੇ ਪਿੰਡ ਅਠਵਾਲ ਦੇ ਸਰਪੰਚ ਸੁਖਦੇਵ ਸਿੰਘ, ਸਮੂਹ ਸਟਾਫ ਅਤੇ ਵਿਦਿਆਰਥੀ ਵੀ ਸ਼ਾਮਿਲ ਸਨ। ਵਿਦਿਆਰਥੀ ਦੀ ਇਸ ਕਾਮਯਾਬੀ ਪਿੱਛੇ ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਯੋਗਦਾਨ ਹੈ। ਬੱਚੇ ਨੇ ਆਪਣੀ ਮਿਹਨਤ ਨਾਲ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸਦਾ ਸਮੁੱਚਾ ਸਿਹਰਾ ਸਕੂਲ ਦੇ ਪ੍ਰਿੰਸੀਪਲ ਪਵਨਦੀਪ ਕੌਰ ਅਤੇ ਬਾਕੀ ਸਮੂਹ ਸਟਾਫ ਨੂੰ ਜਾਂਦਾ ਹੈ।

## ਜ਼ਿਲਾ ਗੁਰਦਾਸਪੁਰ ਦੀਆਂ ਅਦਾਲਤਾਂ 'ਚ ਕੌਮੀ ਲੋਕ ਅਦਾਲਤ 13 ਨੂੰ ਲੱਗੇਗੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿੱਚ ਅਗਲੀ ਕੌਮੀ ਲੋਕ ਅਦਾਲਤ 13 ਮਈ ਨੂੰ ਲਗਾਈ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਕੌਮੀ ਲੋਕ ਅਦਾਲਤ ਵਿੱਚ 138 ਐੱਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ, ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਈਟ ਪਲਾਨ ਆਦਿ, ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐਮ.ਏ.ਸੀ.ਟੀ. (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ।

ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿਥੇ ਲੋਕਾਂ ਦੇ ਪੈਸੇ ਦੀ ਬੱਚਤ ਹੁੰਦੀ ਹੈ ਉਥੇ ਦੋਹਾਂ ਧਿਰਾਂ ਵਿੱਚ ਪ੍ਰੇਮ ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾਂ ਹਾਰੀ ਮਹਿਸੂਸ ਨਹੀਂ ਕਰਦੀ। ਜੇਕਰ ਲੋਕ ਅਦਾਲਤ ਵਿੱਚ ਕੇਸ ਦਾ ਫੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿੱਚ ਲੱਗੀ ਕੋਰਟ ਫੀਸ ਵਾਪਿਸ ਹੋ ਜਾਂਦੀ ਹੈ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿੱਚ ਫੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

## ਮਹਿਲਾ ਪਹਿਲਵਾਨਾਂ ਦੇ ਹੱਕ 'ਚ ਜੰਤਰ-ਮੰਤਰ ਲਈ ਜਥਾ ਰਵਾਨਾ



ਮਜੀਠਾ (ਸੋਇਮ ਆਨੰਦ)-ਪਹਿਲਵਾਨਾਂ ਨਾਲ ਬੀਜੇਪੀ ਦੇ ਐੱਮਪੀ ਬ੍ਰਿਜ ਭੂਸ਼ਣ ਵੱਲੋਂ ਕੀਤੇ ਗਏ ਗਲਤ ਵਿਵਹਾਰ ਕਰਕੇ ਦਿੱਲੀ ਦੇ ਜੰਤਰ-ਮੰਤਰ ਵਿਖੇ ਮਹਿਲਾ ਪਹਿਲਵਾਨਾਂ ਅਤੇ ਬੀਬੀਆਂ ਵੱਲੋਂ ਮੋਦੀ ਸਰਕਾਰ ਖਿਲਾਫ ਧਰਨਾ ਲਗਾਇਆ ਗਿਆ ਹੈ ਜਿਸ ਵਿੱਚ ਪੰਜਾਬ ਦੀਆ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਮਹਿਲਾ ਪਹਿਲਵਾਨਾਂ ਦਾ ਡਟ ਕੇ ਸਮਰਥਨ ਦਿੱਤਾ ਹੈ ਜਿਸ ਵਿਚ ਸੰਯੁਕਤ ਮੋਰਚੇ ਤਹਿਤ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਬਲਾਕ ਮਜੀਠਾ ਦੇ ਪਰਧਾਨ ਗਰਮੇਜ ਸਿੰਘ ਥਰੀਏਵਾਲ ਤੇ ਜ਼ਿਲਾ ਕਿਸਾਨ ਆਗੂ ਜਤਿੰਦਰ ਸਿੰਘ ਮਾਨ ਦੀ ਅਗਵਾਈ ਵਿੱਚ ਸਮੂਹ ਸਿੱਧੂਪੁਰ ਯੂਨੀਅਨ ਦੇ ਸਾਥੀਆਂ ਦਾ ਵੱਡਾ ਜਥਾ ਦਿੱਲੀ ਦੇ ਜੰਤਰ-ਮੰਤਰ ਲਈ ਰਵਾਨਾ ਹੋਇਆ। ਇਸ ਮੌਕੇ ਕਿਸਾਨ ਆਗੂ ਗਰਮੇਜ ਸਿੰਘ ਥਰੀਏਵਾਲ ਨੇ ਬਲਾਕ ਮਜੀਠਾ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਦੇਸ਼ ਦੀਆਂ ਸਰਕਾਰਾਂ ਚਾਹੇ ਕੇਂਦਰ ਸਰਕਾਰ ਹੋਏ ਜਾਂ ਸੂਬਾ ਸਰਕਾਰ ਇਨ੍ਹਾਂ ਤੋਂ ਹਰੇਕ ਵਿਅਕਤੀ ਨੂੰ ਖਤਰਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਜਦ ਤੱਕ ਸਾਡੀਆਂ ਬੇਟੀਆਂ ਨੂੰ ਇਨਸਾਫ ਨਹੀਂ ਮਿਲਦਾ ਤੇ ਬ੍ਰਿਜ ਭੂਸ਼ਣ ਨੂੰ ਸਲਾਖਾਂ ਪਿਛੇ ਨਹੀਂ ਸੁੱਟਿਆ ਜਾਂਦਾ ਤਦ ਤੱਕ ਇਹ ਇਨਸਾਫ ਮੋਰਚਾ ਜਾਰੀ ਰਹੇਗਾ। ਇਸ ਮੌਕੇ ਧਰਨਾਕਾਰੀਆਂ ਵਿੱਚ ਗੁਰਮੇਹਰ ਸਿੰਘ ਥਰੀਏਵਾਲ ਨਾਲ ਜਤਿੰਦਰ ਸਿੰਘ ਮਾਨ, ਮਲਕੀਤ ਸਿੰਘ, ਜਗਰੂਪ ਸਿੰਘ, ਜਸਪਾਲ ਸਿੰਘ, ਰਛਪਾਲ ਸਿੰਘ, ਭਗਵੰਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

## ਬਿਜਲੀ ਦੀਆਂ ਮੁਸ਼ਕਲਾਂ ਸਬੰਧੀ ਐੱਸ ਡੀ ਓ ਟਾਂਗਰਾ ਨੂੰ ਦਿੱਤਾ ਮੰਗ ਪੱਤਰ



ਟਾਂਗਰਾ (ਲਾਡੀ ਮੱਲ੍ਹੀ)-ਕਿਸਾਨ ਆਗੂ ਅਮਰਦੀਪ ਸਿੰਘ ਬਾਗੀ ਦੀ ਅਗਵਾਈ ਵਿੱਚ ਪਿੰਡ ਵਾਸੀਆਂ ਦੇ ਸੱਦੇ 'ਤੇ ਪਿੰਡ ਜੋਧਾ ਨਗਰੀ ਵਿੱਚ ਵਿਜ਼ਟ ਕਰਨ 'ਤੇ ਐੱਸਡੀਓ ਟਾਂਗਰਾ ਪ੍ਰਦੀਪ ਸਿੰਘ ਦੀ ਟੀਮ ਨੂੰ ਮੰਗ ਪੱਤਰ ਦਿੱਤਾ ਜਿਸ ਰਾਹੀਂ ਬਿਜਲੀ ਸਬੰਧੀ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਮੰਗ ਕੀਤੀ ਕਿ ਚਿਪ ਵਾਲੇ ਮੀਟਰ ਨਾ ਲਾਏ ਜਾਣ, ਪੁਰਾਣੇ ਮਕੈਨੀਕਲ ਮੀਟਰ ਹੀ ਮੰਗਵਾਏ ਜਾਣ, ਪਿੰਡ ਜੱਬੋਵਾਲ, ਜੋਧਾਨਗਰੀ ਵਿੱਚ ਬਕਸਿਆਂ ਤੋਂ ਘਰਾਂ ਤੱਕ ਜਾਂਦੀਆਂ ਕੇਬਲਾਂ ਗਲੀਆਂ ਵਿੱਚ ਸਿਰਾਂ ਨੂੰ ਵੱਜਦੀਆਂ ਹਨ, ਜਿਨ੍ਹਾਂ ਨੂੰ ਕੱਸਿਆ ਜਾਵੇਂ। ਅਜੀਤ ਸਿੰਘ ਵਾਲੇ ਟ੍ਰਾਂਸਫਾਰਮਰ ਨੂੰ ਖਿੱਚਾਂ ਲਗਾ ਕੇ ਸਿੱਧਾ ਕੀਤਾ ਜਾਵੇ ਅਤੇ ਨੀਵੀਆਂ ਤਾਰਾਂ ਚੈਨਲ ਲਗਾ ਕੇ ਉਚੀਆਂ ਕੀਤੀਆਂ ਜਾਣ। ਮੀਟਰਾਂ ਵਾਲੇ ਬਕਸੇ ਖੁੱਲੇ ਪਏ ਹਨ ਅਤੇ ਹੇਠੋਂ ਗਲਣ ਕਰਕੇ ਬੱਚਿਆਂ ਦੀ ਪਹੁੰਚ ਵਿੱਚ ਹਨ, ਇਨ੍ਹਾਂ ਨੂੰ ਬਦਲਿਆਂ ਜਾਵੇ, ਅਣਸੁਖਾਵੀਂ ਘਟਨਾ ਦੀ ਜ਼ਿੰਮੇਵਾਰੀ ਮਹਿਕਮੇ ਦੀ ਹੋਵੇਗੀ। ਤਿੰਨੋਂ ਟਰਾਂਸਫਾਰਮਰਾਂ ਦੀ ਮੈਨਟੀਨੈਂਸ ਕੀਤਾ ਜਾਵੇ। ਸਪਾਰਕਿੰਗ ਕਰਦੀਆਂ ਪੱਤੀਆਂ ਬਦਲੀਆਂ ਜਾਣ ਤੇ ਤੇਲ ਪੂਰਾ ਕੀਤਾ ਜਾਵੇ। ਜੱਬੋਵਾਲ ਤੋਂ ਜੋਧਾਨਗਰੀ, ਗੁਰਦਿੱਤ ਸਿੰਘ ਦੀ ਮੋਟਰ ਲਾਗੇ ਹਨੇਰੀਆਂ ਨਾਲ ਟੁੱਟਾ ਐੱਲ ਟੀ ਸਵਿੱਚ ਲਗਾਇਆ ਜਾਵੇ। ਸਬ ਡਵੀਜ਼ਨ ਟਾਂਗਰਾ ਤੋਂ ਪਿੰਡ ਜੋਧਾਨਗਰੀ ਦੀਆਂ ਮੋਟਰਾਂ ਤੱਕ ਜਾਂਦਾ ਕੁਨੈਕਟਰ ਖਸਤਾ ਹੋ ਗਿਆ ਹੈ ਇਸ ਨੂੰ ਬਦਲਿਆ ਜਾਵੇ। ਗਲੀਆਂ ਵਿੱਚ ਨੀਵੀਆਂ ਤਾਰਾਂ ਨੂੰ ਚੈਨਲ ਇਨਸੂਲੇਟਰ ਲਗਾ ਕੇ ਉਚੀਆਂ ਕੀਤਾ ਜਾਵੇ। ਇਸ ਮੌਕੇ ਐੱਸ ਡੀ ਓ ਨੇ ਜਲਦੀ ਸਾਰੇ ਕੰਮ ਕਰਨ ਦਾ ਭਰੋਸਾ ਦਿੱਤਾ।

## ਲਾਲ ਦੁਆਰਾ ਮੰਦਿਰ ਮਜੀਠਾ ਵਿਖੇ ਮੂਰਤੀਆਂ ਸਥਾਪਤ



ਮਜੀਠਾ(ਸੋਇਮ ਆਨੰਦ)-ਲਾਲਦੁਆਰਾ ਮੰਦਰ ਸ਼੍ਰੀ ਬਾਵਾ ਲਾਲ ਜੀ ਮਜੀਠਾ ਵਿਖੇ ਸ਼੍ਰੀ ਰਾਮ ਸੁੰਦਰ ਦਾਸ ਗੱਦੀਨਸ਼ੀਨ ਮੰਦਰ ਬਾਵਾ ਲਾਲ ਧਿਆਨ ਵਾਲਿਆਂ ਦੇ ਆਸ਼ੀਰਵਾਦ ਸਦਕਾ ਮੰਦਰ ਕਮੇਟੀ ਮੈਂਬਰਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਮੂਰਤੀ ਸਥਾਪਨਾ ਦਿਵਸ ਮਨਾਇਆ। ਹਵਨ ਯੱਗ ਕਰਨ ਤੋਂ ਬਾਅਦ ਮੰਦਰ ਦੇ ਪੁਜਾਰੀ ਪੰਡਤ ਮਨੋਜ ਕੁਮਾਰ ਵੱਲੋਂ ਅਰਦਾਸ ਕੀਤੀ ਗਈ। ਮੂਰਤੀਆਂ ਦੀ ਸਥਾਪਨਾ ਕਰਨ ਵਾਸਤੇ ਲਾਲ ਦੁਆਰਾ ਮੰਦਰ ਬਾਵਾ ਲਾਲ ਧਿਆਨਪੁਰ ਤੋਂ ਮਹਾਰਾਜ ਗੋਪਾਲ ਦਾਸ ਜੀ ਅਤੇ ਸੰਤ ਪ੍ਰੇਮ ਦਾਸ ਜੀ ਵਿਸ਼ੇਸ਼ ਤੌਰ ਪਧਾਰੇ ਜਿਨ੍ਹਾਂ ਨੇ ਆਪਣੇ ਕਰ ਕਮਲਾਂ ਨਾਲ ਲਕਸ਼ਮੀ ਨਾਰਾਇਣ, ਸ਼ਿਵਾਲਾ ਮੰਦਰ ਅਤੇ ਹਨੂੰਮਾਨ ਦੀਆਂ ਮੂਰਤੀਆਂ ਪੂਰਨ ਮਰਯਾਦਾ ਅਨੁਸਾਰ ਸਥਾਪਤ ਕੀਤੀਆਂ।

ਇਲਾਕੇ ਦੀਆਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਨਤਮਸਤਕ ਕੇ ਸੰਤਾਂ ਦਾ ਆਸ਼ੀਰਵਾਦ ਲਿਆ। ਇਸ ਦੇ ਨਾਲ ਹੀ ਗਿਰਧਾਰੀ ਲਾਲ ਵਰਿੰਦਾਵਨ ਵਾਲਿਆਂ ਨੇ ਭਾਗਵਤ ਗੀਤਾ ਦੀ ਲੜੀਵਾਰ ਕਥਾ ਦਾ ਵਿਖਿਆਨ ਕੀਤਾ। ਸੰਗਤਾਂ ਵਾਸਤੇ ਅਤੁੱਟ ਲੰਗਰ ਭੰਡਾਰਾ ਲਗਾਇਆ ਗਿਆ। ਇਸ ਮੌਕੇ ਮੰਦਰ ਕਮੇਟੀ ਚੇਅਰਮੈਨ ਕੁਲਦੀਪ ਕੁਮਾਰ, ਪ੍ਰਧਾਨ ਨਰਿੰਦਰ ਕੁਮਾਰ, ਐਨਕੇ ਬੱਬਰ, ਰਾਜ ਕਿਰਨ ਰਾਜੂ, ਇੰਦਰਜੀਤ ਸ਼ਰਮਾ, ਰਮੇਸ਼ ਪੁਰੀ ਮੀਤ ਪ੍ਰਧਾਨ, ਡਾ: ਬਲਰਾਜ ਸ਼ਰਮਾ, ਰਾਜੇਸ਼ ਕੁਮਾਰ, ਰਵਿੰਦਰ ਕਪਾਹੀ, ਜੈ ਕੁਮਾਰ, ਬਿਮਲ ਸ਼ਰਮਾ, ਅਸ਼ਵਨੀ ਕੁਮਾਰ ਨੀਟਾ, ਮਿੰਕੂ ਨਈਅਰ, ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਜਨਮ ਦਿਹਾੜਾ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)** ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ 18ਵੀਂ ਸਦੀ ਦੇ ਸਿੱਖ ਪੰਥ ਦੇ ਮਹਾਨ ਜੋਧੇ ਸਨ ਜਿਨ੍ਹਾਂ ਨੇ ਦਿੱਲੀ ਫਤਿਹ ਕਰਨ ਉਪਰੰਤ ਮੁਗਲਾਂ ਦੀ ਤਾਜਪੋਸ਼ੀ ਖਾਲੀ ਪੱਥਰ ਦੀ ਸਿੱਲ ਨੂੰ ਬੁੰਗਾ ਰਾਮਗੜ੍ਹੀਆ ਅੰਮ੍ਰਿਤਸਰ ਵਿਖੇ ਲਿਆਂਦਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਈ ਸਤਪਾਲ ਸਿੰਘ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵੱਲੋਂ ਬੁੰਗਾ ਰਾਮਗੜ੍ਹੀਆ ਖੱਡੀਆਂ ਵਾਲਾ ਚੌਕ ਤਰਨ ਤਾਰਨ ਵਿਖੇ ਰਾਮਗੜ੍ਹੀਆ ਸਿੰਘ ਸਭਾ ਅਤੇ ਆਲ ਇੰਡੀਆ ਰਾਮਗੜ੍ਹੀਆ ਬੁੰਗਾ ਕਮੇਟੀ ਤਰਨ ਤਾਰਨ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸਤਾਬਦੀ ਮਨਾਏ ਜਾਣ ਮੌਕੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਵਾਏ ਗਏ। ਭਾਈ ਗੁਰਬਚਨ ਸਿੰਘ ਕਲਸੀ, ਪ੍ਰਚਾਰਕ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਭਾਈ ਗੁਰਸਰਨ ਸਿੰਘ ਪ੍ਰਚਾਰਕ ਸ਼੍ਰੋਮਣੀ ਗੁ: ਪ੍ਰੰਬਧਕ ਕਮੇਟੀ ਅੰਮ੍ਰਿਤਸਰ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਜਦਕਿ ਬੀਬੀ ਮਨਜੀਤ ਕੌਰ ਅੰਮ੍ਰਿਤਸਰ ਦੇ ਰਾਗੀ ਜਥੇ ਵੱਲੋਂ ਸੂਰਬੀਰਤਾ ਦਾ ਗਾਇਨ ਕੀਤਾ ਗਿਆ । ਇਸ ਮੌਕੇ ਡਾ.ਸੁਖਦੇਵ ਸਿੰਘ ਲੁਹੌਕਾ, ਚੇਅਰਮੈਨ ਜੀਵਨ ਬੀਮਾ ਕਲੱਬ ਅਤੇ ਸਾਬਕਾ ਐਮ ਸੀ, ਅਵਤਾਰ ਸਿੰਘ ਤਨੇਜਾ, ਪ੍ਰਧਾਨ ਸੁਖਵਿੰਦਰ ਸਿੰਘ ਪੱਪੂ, ਆਲ ਇੰਡੀਆ ਬੁੰਗਾ ਕਮੇਟੀ ਤਰਨ ਤਾਰਨ ਦੇ ਪ੍ਰਧਾਨ ਹਰਜੀਤ ਸਿੰਘ ਪੇਨੇਸਰ, ਸਰਪ੍ਰਸਤ ਸੂਰਤ ਸਿੰਘ ਪੱਟੀ, ਖਾਜਨਚੀ ਐਡਵੋਕੇਟ ਅਮਨਦੀਪ ਸਿੰਘ ਪਦਮ ਅਤੇ ਜਨਰਲ ਸਕੱਤਰ ਇੰਦਰਪਾਲ ਸਿੰਘ ਨੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਤੋਂ ਮੰਗ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਕਰਮਾ ਵਿਚੋਂ ਰਾਮਗੜ੍ਹੀਆ ਬੁੰਗਾ ਨੂੰ ਰਾਹ ਦਿੱਤਾ ਜਾਵੇ ,ਰਾਮਗੜ੍ਹੀਆ ਦਿਵਸ ਤੇ ਪੰਜਾਬ ਸਰਕਾਰ ਛੁੱਟੀ ਐਲਾਨੇ, ਸਰਕਾਰੀ ਨੌਕਰੀਆਂ ਵਿੱਚ ਰਾਮਗੜ੍ਹੀਆਂ ਕੌਮ ਨੂੰ 25 ਫੀਸਦੀ ਰਿਜ਼ਰਵੇਸ਼ਨ ਦਿੱਤੀ ਜਾਵੇ ਅਤੇ ਪੰਜਾਬ ਸਰਕਾਰ ਰਾਮਗੜ੍ਹੀਆ ਬੁੰਗਾ ਤਰਨ ਤਾਰਨ ਦੇ ਸੁੰਦਰੀਕਰਨ ਲਈ 2 ਕਰੋੜ ਰੁਪਏ ਕੀ ਰਾਸ਼ੀ ਜਾਰੀ ਕਰੇ। ਇਸ ਮੌਕੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ । ਰਾਮਗੜ੍ਹੀਆ ਬੁੰਗਾ, ਬੋਹੜੀ ਵਾਲਾ ਚੌਕ, ਸ੍ਰੀ ਗੁਰੂ ਅਰਜਨ ਦੇਵ ਨਿਵਾਸ ਸਥਾਨ ਨੂੰ ਜਾਂਦੇ ਰਸਤੇ 'ਤੇ ਦੀਪ ਮਾਲਾ ਕੀਤੀ ਜਸਵਿੰਦਰ ਸਿੰਘ ਢਿੱਲੋਂ, ਪੰਜਾਬ ਸੱਭਿਆਚਾਰ ਕੇਂਦਰ, ਕਾਮਰੇਡ ਜਸਵਿੰਦਰ ਸਿੰਘ ਮਾਣੋਚਾਹਲ, ਕਾਮਰੇਡ ਅਜਮੇਰ ਸਿੰਘ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਰਾਮਗੜ੍ਹੀਆ ਸਿੰਘ ਸਭਾ ਤਰਨ ਤਾਰਨ ਦੇ ਐਕਟਿਵ ਪ੍ਰਧਾਨ, ਹੀਰਾ ਸਿੰਘ ਕੰਢਿਆਂ ਵਾਲੇ, ਜਨਰਲ ਸਕੱਤਰ ਅਵਤਾਰ ਸਿੰਘ ਐਦਨ ਸਟਰਿੰਗ ਵਾਲੇ ਸਰਪ੍ਰਸਤ ਮੁਖਤਾਰ ਸਿੰਘ ਸਰਹਾਲੀ ਵਾਲੇ, ਸੀਨੀਅਰ ਵਾਈਸ

# ਬਾਬਾ ਅਮਰਜੀਤ ਸਿੰਘ ਬੇਦੀ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੇ ਸਾਬਕਾ ਕੌਂਸਲਰ ਕੁਲਵਿੰਦਰ ਸਿੰਘ ਬੇਦੀ (ਜੁਗਨੂੰ) ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਤੇ ਪਾਵਰਕਾਮ ਦੇ ਸਾਬਕਾ ਅਸਿਸਟੈਂਟ ਇੰਜ: ਬਾਬਾ ਅਮਰਜੀਤ ਸਿੰਘ ਬੇਦੀ (75) ਅੱਜ ਸਵੇਰੇ ਅਚਾਨਕ ਦਿਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਸਥਾਨਕ ਕਸਬੇ ਦੀ ਸ਼ਿਵਪੁਰੀ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਬਾਬਾ ਜਗਤਾਰ ਸਿੰਘ ਹੈੱਡ ਗ੍ਰੰਥੀ ਦਰਬਾਰ ਸਾਹਿਬ ਵਾਲਿਆਂ ਵੱਲੋਂ ਅਰਦਾਸ ਕਰਨ ਉਪਰੰਤ ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਵੱਡੇ ਸਪੁੱਤਰ ਗੁਰਬਿੰਦਰ ਸਿੰਘ ਬੇਦੀ ਵੱਲੋਂ ਦਿੱਤੀ ਗਈ।

ਇਸ ਅੰਤਿਮ ਯਾਤਰਾ ਮੌਕੇ ਵੱਡੀ ਗਿਣਤੀ ਵਿੱਚ ਰਾਜਨੀਤਕ, ਧਾਰਮਿਕ, ਸਮਾਜ ਸੇਵੀ ਆਗੂਆਂ ਤੋਂ ਇਲਾਵਾ ਇਲਾਕੇ ਦੇ ਲੋਕ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਹਾਜ਼ਰ ਹੋ ਕੇ ਬਾਬਾ ਅਮਰਜੀਤ ਸਿੰਘ ਬੇਦੀ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਤੇ ਉਨ੍ਹਾਂ ਦੇ ਸਪੁੱਤਰ ਕੁਲਵਿੰਦਰ ਸਿੰਘ ਬੇਦੀ ਤੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ।

ਇਸ ਮੌਕੇ ਚੇਅਰਮੈਨ ਬਾਬਾ ਸੁਖਦੀਪ ਸਿੰਘ ਬੇਦੀ, ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਆਮ ਪਾਰਟੀ ਆਗੂ ਸਤਨਾਮ ਸਿੰਘ ਹਰੂਵਾਲ, ਬਾਬਾ ਮਨਜੀਤ ਸਿੰਘ ਬੇਦੀ, ਆਮ ਪਾਰਟੀ ਆਗੂ ਬਿੱਟਾ ਮਹਾਜਨ, ਐਕਸੀਅਨ ਐੱਸਪੀ, ਚੇਅਰਮੈਨ ਮਨਮੋਹਨ ਸਿੰਘ ਪੱਖੋਕੇ, ਗੁਰਮੀਤ ਸਿੰਘ ਖਾਸਾਵਾਲੀ, ਡਾ: ਤਰਲੋਚਨ ਸਿੰਘ ਸੋਖੀ, ਜੇ. ਈ. ਜਸਪਾਲ ਸਿੰਘ ਬੇਦੀ, ਸੁੱਚਾ ਸਿੰਘ ਕਾਹਲਾਂਵਾਲੀ, ਡਾ: ਸੁਧੀਰ ਸ਼ਰਮਾ, ਮਾਸਟਰ ਦਵਿੰਦਰ ਕੁਮਾਰ, ਪ੍ਰਸ਼ੋਤਮ ਲਾਲ ਕਾਨੂੰਗੋ, ਬਾਬਾ ਮੇਜਰ ਦਾਸ, ਪਿੰਟੂ ਬੇਦੀ, ਸੁਰਿੰਦਰ ਸਿੰਘ ਰਿਪਲ, ਸੁਸ਼ੀਲ ਮਹਾਜਨ, ਧਰਮਪਾਲ ਸਿੰਘ ਮੱਤਰੀ, ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਵਿਨੋਦ ਕੁਮਾਰ ਮੱਤਰੀ, ਸਤਿੰਦਰ ਸਿੰਘ ਖਲੀਲਪੁਰ, ਹੈਪੀ ਬੇਦੀ, ਲੱਕੀ ਬੇਦੀ, ਕੁਲਬੀਰ ਸਿੰਘ ਬੇਦੀ, ਸੋਨੂੰ ਬੇਦੀ, ਕਾਂਗਰਸੀ ਆਗੂ ਪਾਲੀ ਬੇਦੀ, ਸਾਬਕਾ ਪ੍ਰਧਾਨ ਨਗਰ ਕੌਂਸਲ ਹਰਭਜਨ ਸਿੰਘ ਬੇਦੀ, ਗੁਰਪ੍ਰੀਤ ਸਿੰਘ ਬਾਦਲ, ਜੇ. ਈ. ਚੰਦਰ ਮੋਹਨ ਮਹਾਜਨ, ਹਰਜੋਤ ਸਿੰਘ ਬੇਦੀ, ਕੁਲਦੀਪ ਸਿੰਘ ਬੇਦੀ, ਅਮਰਦੀਪ ਸਿੰਘ ਬੇਦੀ, ਚਰਨਜੀਤ ਸਿੰਘ ਬੇਦੀ, ਕਰਨੈਲ ਸਿੰਘ ਦਾਉਦੀਆ, ਸਾਬਕਾ ਕੌਂਸਲਰ ਦਲਜੀਤ ਸਿੰਘ ਜੋਸ, ਪ੍ਰਿੰ: ਹਰਜੀਤ ਸਿੰਘ ਬੇਦੀ, ਰਿੰਪੂ ਮਰਵਾਹਾ, ਪ੍ਰੇਮ ਨਾਥ, ਇੰਦਰਜੀਤ ਸਿੰਘ, ਪਰਮਿੰਦਰ ਸਿੰਘ ਬੇਦੀ, ਅੰਮਿਤ ਮਹਾਜਨ, ਰਾਜੇਸ਼ ਹਾਂਡਾ, ਅਰਪਿਤ ਕੁਮਾਰ, ਲਾਡਾ ਬੇਦੀ, ਕੇਵਲ ਫੌਜੀ, ਡਾ: ਵਿਜੇ ਕੁਮਾਰ, ਪਵਨ ਕੁਮਾਰ ਪੰਮਾ, ਅਸ਼ੋਕ ਕੁਮਾਰ ਮਰਵਾਹਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਤੇ ਬੇਦੀ ਪਰਿਵਾਰ ਦੇ ਰਿਸ਼ਤੇਦਾਰ ਹਾਜ਼ਰ ਸਨ।

# ਪਹਿਲਵਾਨ ਲੜਕੀਆਂ ਦੇ ਹੱਕ 'ਚ ਭੰਡਾਰੀ ਪੁਲ ਅੰਮ੍ਰਿਤਸਰ ਵਿਖੇ ਕੱਢਿਆ ਵਿਸ਼ਾਲ ਮਾਰਚ




ਗਹਿਰੀ ਮੰਡੀ (ਮਨਜੀਤ ਸਿੰਘ ਮਿੱਟੂ)-ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਵਰਕਰਾਂ ਤੇ ਲੋਕ ਇਨਸਾਫ ਪ੍ਰੈੱਸ ਕਲੱਬ ਪੰਜਾਬ ਦੀ ਟੀਮ ਨੇ ਭੰਡਾਰੀ ਪੁਲ ਉਪਰ ਦਿੱਲੀ ਵਿਖੇ ਧਰਨਾ ਦੇ ਰਹੀਆਂ ਪਹਿਲਵਾਨ ਲੜਕੀਆਂ ਦੇ ਹੱਕ ਵਿੱਚ ਹਾਲ ਗੇਟ ਤੱਕ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਨੂੰ ਗ੍ਰਿਫਤਾਰ ਕਰਨ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ। ਇਸ ਸਮੇਂ ਬੋਲਦਿਆਂ ਜ਼ਿਲ੍ਹਾ ਪਾਰਟੀ ਆਗੂ ਬਲਬੀਰ ਸਿੰਘ ਮੂਧਲ, ਨਿਰਮਲ ਸਿੰਘ ਛੱਜਲਵੱਡੀ ਅਤੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਕੌਮਾਂਤਰੀ ਪੱਧਰ ਦੀਆਂ ਖਿਡਾਰਨਾਂ ਨਾਲ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਵਲੋਂ ਜਿਣਸੀ ਸ਼ੋਸ਼ਣ ਦੀਆਂ ਆਈਆਂ ਸ਼ਿਕਾਇਤਾਂ ਨੇ ਦੇਸ਼ ਨੂੰ ਸ਼ਰਮਸਾਰ ਕਰ ਦਿੱਤਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਜਿਸ ਆਦਮੀ ਉੱਪਰ 40 ਕੇਸ ਚੱਲ ਰਹੇ ਹਨ, ਨੂੰ ਲੰਬੇ ਸਮੇਂ ਤੋਂ ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਬਣਾ ਰਖਿਆ ਹੈ।

ਇਸ ਮੌਕੇ ਬੱਖਤਪੁਰਾ ਨੇ ਕਿਹਾ ਕਿ ਆਖਰ ਮੋਦੀ ਸਰਕਾਰ ਇਸ ਬਾਹੂਬਲੀ ਪ੍ਰਧਾਨ ਨੂੰ ਕਿਉਂ ਬਚਾ ਰਹੀ ਹੈ ਜਦੋਂਕਿ ਕਾਨੂੰਨ ਮੰਗ ਕਰਦਾ ਹੈ ਕਿ ਹੁਣ ਤੱਕ ਬ੍ਰਿਜ ਭੂਸ਼ਣ ਜੇਲ੍ਹ ਵਿਚ ਸੁੱਟਿਆ ਜਾਣਾ ਚਾਹੀਦਾ ਸੀ। ਬੱਖਤਪੁਰਾ ਨੇ ਕਿਹਾ ਕਿ ਮੋਦੀ ਸਰਕਾਰ ਫੈਡਰੇਸ਼ਨ ਪ੍ਰਧਾਨ ਨੂੰ 'ਪੋਕਸੋ' ਤਹਿਤ ਗ੍ਰਿਫਤਾਰ ਕਰੇ। ਜੇਕਰ ਸਰਕਾਰ ਨੇ ਹੋਰ ਲੰਬਾ ਸਮਾਂ ਇਸ ਮਸਲੇ ਨੂੰ ਲਮਕਾਉਣ ਦੀ ਨੀਤੀ ਜਾਰੀ ਰੱਖੀ ਤਾਂ ਇਸ ਦਾ ਜੁਆਬ ਸਰਕਾਰ ਨੂੰ ਜਨਤਾ ਦੀ ਕਚਹਿਰੀ ਵਿੱਚ ਦੇਣਾ ਪਵੇਗਾ। ਇਸ ਸਮੇਂ ਪ੍ਰਦਰਸ਼ਨ ਵਿਚ ਮੰਗਲ ਸਿੰਘ ਧਰਮਕੋਟ, ਸ਼ਮਸ਼ੇਰ ਸਿੰਘ ਹੇਰ, ਪੱਤਰਕਾਰ ਮਨਜੀਤ ਸਿੰਘ ਗਹਿਰੀ ਮੰਡੀ, ਪੱਤਰਕਾਰ ਜੀਵਨ ਸ਼ਰਮਾ, ਬਲਰਾਜ ਸਿੰਘ ਤਲਾਵਾ, ਸੁਰਿੰਦਰ ਸਿੰਘ ਸੋਨੂੰ, ਜਸਬੀਰ ਕੌਰ ਹੇਰ, ਕੁਲਵੰਤ ਸਿੰਘ, ਪ੍ਰਵੇਸ਼ ਰਾਣੀ, ਸੋਨੀ ਹਲਵਾਈ, ਦੀਪਕ ਵੇਰਕਾ, ਐਮ ਪ੍ਰਕਾਸ਼, ਹਰਦੀਪ ਸਿੰਘ ਬੱਗਾ ਕਲਾਂ, ਰਛਪਾਲ ਸਿੰਘ ਬੱਲਲੱਭਏ, ਵਿਜੇ ਸੋਹਲ, ਦਲਬੀਰ ਭੋਲਾ ਅਤੇ ਕੁਲਦੀਪ ਰਾਜੂ ਆਦਿ ਸ਼ਾਮਲ ਸਨ।

# ਟੀਚਿੰਗ ਫੈਲੋ ਅਧਿਆਪਕਾਂ ਦਾ ਰੋਜ਼ਗਾਰ ਖੋਹਿਆ ਤਾਂ ਸੰਘਰਸ਼ ਕਰਾਂਗੇ: ਅਧਿਆਪਕ ਆਗੂ



ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਬਲਾਕਾਂ ਵਿੱਚ ਕੰਮ ਕਰਦੇ ਰੈਗੂਲਰ ਟੀਚਿੰਗ ਫੈਲੋ ਅਧਿਆਪਕਾਂ ਦੀ ਵਿਸ਼ੇਸ ਇਕੱਤਰਤਾ ਗੁਰੂ ਨਾਨਕ ਪਾਰਕ ਵਿੱਚ ਹੋਈ। ਇਸ ਦੌਰਾਨ ਨਵ ਗਠਿਤ ਰੈਗੂਲਰ ਟੀਚਿੰਗ ਫੈਲੋ ਜਥੇਬੰਦੀ ਦੇ ਆਗੂਆਂ ਵੱਲੋਂ ਮੌਜੂਦਾ ਸਮੇਂ ਵਿੱਚ ਪੰਦਰਾਂ ਸਾਲਾਂ ਤੋਂ ਕੰਮ ਕਰ ਰਹੇ ਅਧਿਆਪਕਾਂ ਨੂੰ ਜਾਣ ਬੁੱਝ ਕੇ ਪ੍ਰੇਸ਼ਾਨ ਕਰਨ ਤੇ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਅਧਿਆਪਕ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਕੋਲੋਂ ਪੰਜ ਪੰਜ ਵਾਰ ਜ਼ਿਲ੍ਹਾ ਪੱਧਰ ਤੇ ਰਿਕਾਰਡ ਇਕੱਠਾ ਕੀਤਾ ਅਤੇ ਨਿੱਜੀ ਤੌਰ ਤੇ ਵੀ ਜਾਂਚ ਕੀਤੀ ਜਾ ਚੁੱਕੀ ਹੈ। ਇਸ ਦੇ ਬਾਵਜੂਦ ਵੀ ਜਾਣਬੁੱਝ ਕੇ ਵਾਰ ਵਾਰ ਅਧਿਆਪਕਾਂ ਨੂੰ ਰਿਕਾਰਡ ਮੁਹੱਈਆਂ ਕਰਵਾਉਣ ਲਈ ਮਜ਼ਬੂਰ ਕੀਤਾ ਜਾਂਦਾ ਹੈ ਜਦਕਿ ਸਾਰਾ ਰਿਕਾਰਡ ਬਲਾਕ ਅਤੇ ਜ਼ਿਲ੍ਹਾ ਦਫਤਰ ਵਿੱਚ ਮੌਜੂਦ ਹੈ। ਇਸ ਮੌਕੇ ਜਥੇਬੰਦੀ ਨੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਪੰਦਰਾਂ ਸਾਲਾਂ ਤੋਂ ਸਕੂਲਾਂ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਅਧਿਆਪਕਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ। ਇਸ ਮੌਕੇ ਅਧਿਆਪਕਾਂ ਵਲੋਂ ਇਸ ਸਬੰਧੀ ਸਿੱਖਿਆ ਮੰਤਰੀ ਤੇ ਉੱਚ ਅਧਿਕਾਰੀਆਂ ਨੂੰ ਜਲਦ ਮਿਲਣ ਦਾ ਫੈਸਲਾ ਲਿਆ ਗਿਆ।

ਇਸ ਮੌਕੇ ਹਰਪ੍ਰੀਤ ਸਿੰਘ, ਕੁਲਦੀਪ ਸਿੰਘ ਪੁਰੇਵਾਲ, ਅਨਿਲ ਕੁਮਾਰ ਲਾਹੌਰੀਆ, ਪਵਨ ਕੁਮਾਰ, ਰਾਮ ਸਿੰਘ, ਗਗਨਦੀਪ ਸਿੰਘ, ਲਵਪ੍ਰੀਤ ਸਿੰਘ, ਸਿਮਾਰਨਜੀਤ ਸਿੰਘ, ਸੁਪਿੰਦਰਜੀਤ ਸਿੰਘ, ਵਿਜੈ ਕੁਮਾਰ, ਕੁਲਦੀਪ ਕੁਮਾਰ, ਚੇਤਨ, ਸੁਖਬੀਰ ਸਿੰਘ , ਚੇਤਨ, ਬਿਕਰਮਜੀਤ ਸਿੰਘ ਅਮਤੇਸ਼ਵਰ, ਕਸ਼ਮੀਰ ਸਿੰਘ, ਪਰਮਿੰਦਰ ਕੌਰ, ਰੁਪਿੰਦਰ ਕੌਰ, ਮਨਜੀਤ ਕੌਰ ਆਦਿ ਹਾਜ਼ਰ ਸਨ।

# ਦਫਤਰ ਡਿਪਟੀ ਕਮਿਸ਼ਨਰ ਪਠਾਨਕੋਟ ਵਿਖੇ ਨਵੀਆਂ ਖੱਡਾਂ ਦੇ ਡਰਾਅ ਕੱਢੇ



ਪਠਾਨਕੋਟ (ਦਵਿੰਦਰ ਸਿੰਘ)-ਮਾਈਨਿੰਗ ਅਤੇ ਜਿਆਲੋਜੀ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੋਟਸ ਅਵੈਲੁਸ਼ਨ ਕਮੇਟੀ ਦੁਆਰਾ 4 ਨੰਬਰ ਟੈਂਡਰਾਂ ਦੇ ਡਰਾਅ ਆਫ ਲੋਟ ਅੱਜ (ਦਿਨ ਮੰਗਲਵਾਰ) ਸਮਾਂ ਬਾਅਦ ਦੁਪਿਹਰ 2 ਵਜੇ ਸਥਾਨ ਮੀਟਿੰਗ ਹਾਲ, ਡਿਪਟੀ ਕਮਿਸ਼ਨਰ ਕੰਪਲੈਕਸ, ਮਲਕਪੁਰ, ਪਠਾਨਕੋਟ ਵਿਖੇ ਕੱਢੇ ਗਏ। ਇਸ ਪ੍ਰਗਟਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਦੀਸ ਰਾਜ ਐਸ.ਈ. ਅੰਮ੍ਰਿਤਸਰ, ਵਿਸ਼ਵਪਾਲ ਗੋਇਲ ਐਕਸੀਅਨ ਡਰੇਨਜ਼ ਮਾਈਨਿੰਗ, ਕਾਲਾ ਰਾਮ ਕਾਂਸਲ ਐਸਡੀਐਮਪਠਾਨਕੋਟ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਵਿਭਾਗੀ ਅਧਿਕਾਰੀ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਮਾਈਨਿੰਗ ਅਤੇ ਜਿਆਲੋਜੀ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਦੇ ਮੀਟਿੰਗ ਹਾਲ ਵਿੱਚ 4 ਵੱਖ-ਵੱਖ ਕਲੱਸਟਰਾਂ ਦੇ ਡਰਾਅ ਕੱਢੇ ਗਏ। ਵਿਭਾਗ ਵੱਲੋਂ ਕਲੱਸਟਰ 9,10,11 ਅਤੇ 12 ਦੇ ਲਈ ਵੱਖ-ਵੱਖ ਪਰਚੀਆਂ ਪਾਈਆਂ ਗਈਆਂ। ਇਸ ਤੋਂ ਪਹਿਲਾਂ ਇੱਕ ਇੱਕ ਪਰਚੀ ਪੜ੍ਹ ਕੇ ਸੁਣਾਈ ਗਈ। ਗੁਰਿੰਦਰ ਸਿੰਘ ਭੱਟੀ ਦੇ ਨਾਮ ਦੀ ਪਰਚੀ ਨਿਕਲੀ, ਇਸੇ ਤਰ੍ਹਾਂ ਕਲੱਸਟਰ 11 ਖੜਕੜਾ ਲਈ ਪਰਚੀਆਂ ਪਾਈਆਂ ਗਈਆਂ ਜਿਸ ਵਿੱਚ ਨਵਯੁਗ ਕੰਪਨੀ ਦੇ ਨਾਮ ਦੀ ਪਰਚੀ ਨਿਕਲੀ ਅਤੇ ਕਲੱਸਟਰ 12 ਚੱਕ ਹਰੀ ਰਾਏ ਦੇ ਡਰਾਅ ਦੌਰਾਨ ਕਿਸਾਨ ਪੈਟ੍ਰੋਲੀਅਮ (ਕੇ.ਐਸ.ਕੇ) ਦੇ ਨਾਮ ਦੀ ਪਰਚੀ ਨਿਕਲੀ। ਉਨ੍ਹਾਂ ਦੱਸਿਆ ਕਿ ਅੱਜ ਦੇ ਡਰਾਅ ਦੀ ਪ੍ਰਕਿਰਿਆ ਨਿਯਮਾਂ ਦੇ ਅਧਾਰ 'ਤੇ ਕੀਤੀ ਗਈ।

# ਪ੍ਰਸ਼ਾਸਨਿਕ ਸੇਵਾਵਾਂ 'ਚ ਸਿੱਖ ਨੌਜੁਆਨਾਂ ਦੀ ਸ਼ਮੂਲੀਅਤ ਲਈ ਸ਼੍ਰੋਮਣੀ ਕਮੇਟੀ ਨੇ ਕੀਤਾ ਵਿਸ਼ੇਸ਼ ਉਪਰਾਲਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਸਿੱਖ ਨੌਜੁਆਨਾਂ ਨੂੰ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਖੋਲ੍ਹੇ ਗਏ 'ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ' ਦੇ ਪਹਿਲੇ ਬੈਚ ਵਾਸਤੇ 11 ਵਿਦਿਆਰਥੀਆਂ ਦੀ ਚੋਣ ਕੀਤੀ ਗਈ ਹੈ। ਇਸ ਅਕੈਡਮੀ ਵਿਚ ਚੁਣੇ ਗਏ ਵਿਦਿਆਰਥੀਆਂ ਦੀਆਂ ਫੀਸਾਂ, ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਬੀਤੇ ਦਿਨਾਂ ਅੰਦਰ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਇਹ ਅਕੈਡਮੀ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਸੀ, ਜਿਸ ਤਹਿਤ ਹਰ ਸਾਲ 25 ਗੁਰਸਿੱਖ ਵਿਦਿਆਰਥੀਆਂ ਨੂੰ ਆਈਏਐੱਸ, ਆਈਪੀਐੱਸ, ਆਈਐੱਫਐੱਸ ਅਤੇ ਪੀਪੀਐੱਸਸੀ ਆਦਿ ਦੀਆਂ ਮੁਕਾਬਲਾ ਪ੍ਰੀਖਿਆਵਾਂ ਵਾਸਤੇ ਤਿਆਰੀ ਕਰਵਾਈ ਜਾਵੇਗੀ। ਅੱਜ ਚੰਡੀਗੜ੍ਹ ਸਥਿਤ ਸ਼੍ਰੋਮਣੀ ਕਮੇਟੀ ਦੇ ਉੱਪ ਦਫ਼ਤਰ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪਹਿਲੇ ਬੈਚ ਲਈ ਚੁਣੇ 11 ਵਿਦਿਆਰਥੀਆਂ ਨੂੰ ਦਾਖਲਾ ਪੱਤਰ ਸੌਂਪੇ ਗਏ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੀ ਨੌਜੁਆਨੀ ਦਾ ਵਿਦੇਸ਼ਾਂ 'ਚ ਜਾ ਕੇ ਪੜ੍ਹਨ ਦਾ ਰੁਝਾਨ ਬੇਹੱਦ ਚਿੰਤਾਜਨਕ ਹੈ, ਜਿਸ ਨਾਲ ਪੰਜਾਬ ਦੇ ਪ੍ਰਸ਼ਾਸਨਿਕ ਹਲਕਿਆਂ ਵਿਚ ਸਿੱਖ ਨੌਜੁਆਨਾਂ ਦਾ ਖਲਾਅ ਪੈਦਾ ਹੋ ਰਿਹਾ ਹੈ। ਇਹ ਸਭ ਲਈ ਸੋਚਣ ਦਾ ਵਿਸ਼ਾ ਹੈ, ਕਿਉਂਕਿ ਜੇਕਰ ਉੱਚ ਅਹੁਦਿਆਂ 'ਤੇ ਆਪਣੇ ਬੱਚੇ ਨਾ ਰਹੇ ਤਾਂ ਸੱਭਿਆਚਾਰਕ ਅਤੇ ਖਿੱਤੇ ਦੀ ਵਿਰਾਸਤ ਦੀ ਤਰਜਮਾਨੀ ਸਹੀ ਨਹੀਂ ਹੋ ਸਕੇਗੀ। ਇਸੇ ਨੂੰ ਲੈ ਕੇ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਸ਼ਾਸਨਿਕ ਸੇਵਾਵਾਂ ਦੀ ਤਿਆਰੀ ਵਾਸਤੇ ਅਕੈਡਮੀ ਖੋਲ੍ਹੀ ਗਈ ਹੈ, ਜਿਸ ਵਿਚ ਹਰ ਸਾਲ 25 ਗੁਰਸਿੱਖ ਨੌਜੁਆਨਾਂ ਨੂੰ ਤਿਆਰੀ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਪਹਿਲੇ ਬੈਚ ਲਈ 11 ਵਿਦਿਆਰਥੀਆਂ ਦੀ ਚੋਣ ਕਰ ਲਈ ਗਈ ਹੈ ਅਤੇ ਬਾਕੀ ਰਹਿੰਦੇ 14 ਵਾਸਤੇ ਮੁੜ ਪ੍ਰਕਿਰਿਆ ਆਰੰਭੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਪਾਸ 350 ਵਿਦਿਆਰਥੀਆਂ ਦੀਆਂ ਅਰਜੀਆਂ ਆਈਆਂ ਸਨ, ਜਿਨ੍ਹਾਂ ਨੂੰ ਵੱਖ-ਵੱਖ ਪੜਾਵਾਂ 'ਚੋਂ ਜਾਂਚਣ ਪਰਖਣ ਬਾਅਦ 11 ਵਿਦਿਆਰਥੀ ਚੁਣੇ ਗਏ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਚੋਣ ਬਿਲਕੁਲ ਪਾਰਦਰਸ਼ੀ ਢੰਗ ਨਾਲ ਮੈਰਿਟ ਦੇ ਅਧਾਰ 'ਤੇ ਕੀਤੀ ਗਈ ਹੈ। ਚੁਣੇ ਗਏ ਬੱਚਿਆਂ ਇਕ ਲੜਕੀ ਭੋਪਾਲ ਅਤੇ ਦੋ ਲੜਕੀਆਂ ਜੰਮੂ ਕਸ਼ਮੀਰ ਤੋਂ ਹਨ, ਜਦਕਿ ਬਾਕੀ ਪੰਜਾਬ ਨਾਲ ਸਬੰਧਤ ਹਨ। ਉਨ੍ਹਾਂ ਦੱਸਿਆ ਕਿ ਫਿਲਹਾਲ ਸ਼੍ਰੋਮਣੀ ਕਮੇਟੀ ਦੀ ਅਕੈਡਮੀ ਵੱਲੋਂ ਚੰਡੀਗੜ੍ਹ ਦੇ ਇਕ ਅਹਿਮ ਕੋਚਿੰਗ ਸੈਂਟਰ ਨਾਲ ਸਮਝੌਤਾ ਸਹੀਬੱਧ ਕੀਤਾ ਗਿਆ ਹੈ, ਜਿਥੇ ਬੱਚਿਆਂ ਨੂੰ ਕੋਚਿੰਗ ਦਿੱਤੀ ਜਾਵੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਵਿੱਚੋਂ ਜਿਹੜੇ ਵਿਦਿਆਰਥੀ ਅੱਗੇ ਪੜ੍ਹਨਾ ਚਾਹੁਣਗੇ ਉਸ ਦਾ ਪ੍ਰਬੰਧ ਵੀ ਸ਼੍ਰੋਮਣੀ ਕਮੇਟੀ ਕਰੇਗੀ। ਐਡਵੋਕੇਟ ਧਾਮੀ ਨੇ ਇਸ ਕਾਰਜ ਲਈ ਸਹਿਯੋਗ ਕਰਨ ਵਾਲੀਆਂ ਸੰਸਥਾਵਾਂ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਕਾਰਜ ਨੂੰ ਹੋਰ ਵਿਸਥਾਰ ਦੇਣਾ ਚਾਹੁੰਦੀ ਹੈ ਅਤੇ ਖੁਸ਼ੀ ਦੀ ਗੱਲ ਹੈ ਕਿ ਬਹੁਤ ਸਾਰੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਸੰਸਥਾਵਾਂ ਸਹਿਯੋਗ ਲਈ ਅੱਗੇ ਆ ਰਹੀਆਂ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਅਜਮੇਰ ਸਿੰਘ ਖੇੜਾ, ਚਰਨਜੀਤ ਸਿੰਘ ਕਾਲੇਵਾਲ, ਚੋਣ ਕਮੇਟੀ ਦੇ ਮੈਂਬਰ ਡਾ. ਕੇਹਰ ਸਿੰਘ, ਪ੍ਰੋ. ਬ੍ਰਿਜਪਾਲ ਸਿੰਘ, ਕਾਹਨ ਸਿੰਘ ਪੰਨੂ, ਪ੍ਰੋ. ਅਜੈਬ ਸਿੰਘ ਬਰਾੜ, ਡਾ. ਮਦਨਜੀਤ ਕੌਰ ਸਹੋਤਾ, ਡਾ. ਅਮਰਜੀਤ ਸਿੰਘ, ਸਕੱਤਰ ਸੁਖਮਿੰਦਰ ਸਿੰਘ ਆਦਿ ਹਾਜ਼ਰ ਸਨ।

10-May-PAGE- 12.qxd 5/9/2023 10:34 PM Page 1



# ਸੀਤਲ ਸਿੰਘ ਗੁੰਨੋਪੁਰੀ ਦੇ ਗਜ਼ਲ ਸੰਗ੍ਰਹਿ 'ਤਾਰਿਆਂ ਦਾ ਹਜੂਮ' 'ਤੇ ਵਿਚਾਰ-ਚਰਚਾ

## * ਕਵੀ ਦਰਬਾਰ 'ਚ ਹਾਜ਼ਰ ਕਵੀਆਂ ਨੇ ਰਚਨਾਵਾਂ ਪੇਸ਼ ਕਰਕੇ ਖ਼ੂਬ ਰੰਗ ਬੰਨ੍ਹਿਆ

**ਧਾਰੀਵਾਲ/ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)**- ਲੋਕ ਲਿਖਾਰੀ ਸਭਾ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਸਾਹਿਤ ਕੇਂਦਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਦੇ ਸਹਿਯੋਗ ਨਾਲ ਰਾਮ ਸਿੰਘ ਦੱਤ ਯਾਦਗਾਰ ਹਾਲ ਗੁਰਦਾਸਪੁਰ ਵਿਖੇ ਪੁਸਤਕ ਗੋਸ਼ਟੀ ਅਤੇ ਕਵੀ ਦਰਬਾਰ ਕਰਵਾਇਆ ਗਿਆ। ਸਮਾਰੋਹ 'ਚ ਪ੍ਰਸਿੱਧ ਸ਼ਾਇਰ ਸੁਲੱਖਣ ਸਰਹੱਦੀ, ਡਾ. ਰਜਵਿੰਦਰ ਕੌਰ, ਮੱਖਣ ਕੁਹਾੜ, ਡਾ. ਲੇਖ ਰਾਜ, ਮਲਕੀਅਤ ਸਿੰਘ ਸੋਹਲ, ਮੰਗਤ ਚੰਚਲ, ਜੇ. ਪੀ. ਖਰਲਾਂ ਵਾਲਾ, ਗੁਰਮੀਤ ਬਾਜਵਾ, ਸੀਤਲ ਗੁੰਨੋਪੁਰੀ ਆਦਿ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਇਸ ਮੌਕੇ ਨਾਮਵਰ ਗਜ਼ਲਗੋ ਸੀਤਲ ਸਿੰਘ ਗੁੰਨੋਪੁਰੀ ਦੇ ਗਜ਼ਲ ਸੰਗ੍ਰਹਿ 'ਤਾਰਿਆਂ ਦਾ ਹਜੂਮ' ਤੇ ਪ੍ਰਭਾਵਸ਼ਾਲੀ ਵਿਚਾਰ ਚਰਚਾ ਹੋਈ। ਸਮਾਰੋਹ ਦੀ ਆਰੰਭਤਾ ਸੀਤਲ ਸਿੰਘ ਗੁੰਨੋਪੁਰੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਆਪਣੇ ਕੁੱਝ ਸ਼ਿਅਰ ਸੁਣਾ ਕੇ ਕੀਤੀ। ਇਸ ਮੌਕੇ ਡਾ. ਲੇਖ ਰਾਜ ਅਤੇ ਮੰਗਤ ਚੰਚਲ ਵਲੋਂ ਗੁੰਨੋਪੁਰੀ ਦੀ ਪੁਸਤਕ 'ਤਾਰਿਆਂ ਦਾ ਹਜੂਮ' 'ਤੇ ਪੇਪਰ ਪੜ੍ਹੇ ਗਏ। ਉਪਰੰਤ ਵਿਚਾਰ ਚਰਚਾ ਵਿੱਚ ਡਾ. ਰਜਵਿੰਦਰ ਕੌਰ ਨਾਗਰਾ, ਸੁਭਾਸ਼ ਦੀਵਾਨਾ, ਮੱਖਣ ਕੁਹਾੜ ਤੇ ਸੁਲੱਖਣ ਸਰਹੱਦੀ ਨੇ ਭਾਗ ਲਿਆ ਅਤੇ ਗਜ਼ਲ ਸੰਗ੍ਰਹਿ 'ਤਾਰਿਆਂ ਦਾ ਹਜੂਮ' ਲਿਖਣ ਲਈ ਗੁਨੋਪੁਰ ਨੂੰ ਵਧਾਈ ਦਿੰਦਿਆਂ ਅੱਗੇ ਤੋਂ ਹੋਰ ਵਧੀਆ ਲਿਖਣ ਲਈ ਪ੍ਰੇਰਿਤ ਕਰਦਿਆਂ ਆਪਣੇ ਮੁੱਲਵਾਨ ਸੁਝਾਓ ਦਿੱਤੇ। ਇਸ ਮੌਕੇ ਸਭਾ ਵਲੋਂ ਪ੍ਰਸਿੱਧ ਸ਼ਾਇਰ



ਉਸਤਾਦ ਸੁਲੱਖਣ ਸਰਹੱਦੀ ਅਤੇ ਸੁਭਾਸ਼ ਦੀਵਾਨਾ ਨੂੰ ਉਨ੍ਹਾਂ ਦੀਆਂ ਸਹਿਤਕ ਖੇਤਰ ਵਿੱਚ ਵਿਲੱਖਣ ਪ੍ਰਾਪਤੀਆਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਉਪਰੰਤ ਹਾਜਰ ਕਵੀਆਂ 'ਤੇ ਅਧਾਰਿਤ ਪ੍ਰਭਾਵਸ਼ਾਲੀ ਕਵੀ ਦਰਬਾਰ ਵਿੱਚ ਵਿਜੇ ਅਗਨੀਹੋਤਰੀ, ਕੁਲਦੀਪ ਸਿੰਘ ਘਾਗਲਾ, ਰਮੇਸ਼ ਕੁਮਾਰ ਜਾਨੂੰ, ਪ੍ਰਿੰਸ ਚੌਂਤਾ, ਲਖਣ ਮੇਘੀਆਂ, ਹਰਪ੍ਰੀਤ ਸਿੰਮੀ, ਸੁੱਚਾ ਸਿੰਘ ਪਸਨਾਵਾਲ, ਵਿਜੇ ਤਾਲਿਬ, ਸੁਲਤਾਨ ਭਾਰਤੀ, ਦੇਵ ਰਾਜ ਖੁੰਡਾ, ਰਾਜੇਸ਼ ਬੱਬੀ, ਪ੍ਰੀਤ ਰਾਣਾ, ਸੁਭਾਸ਼ ਸੂਫ਼ੀ, ਪ੍ਰਤਾਪ ਪਾਰਸ, ਸਟੀਫਨ, ਗੁਰਮੀਤ ਪਾਹੜਾ, ਮਹੇਸ਼ ਚੰਦਰਭਾਨੀ, ਰਜਿੰਦਰ ਛੀਨਾ, ਲਵਦੀਪ ਪਾਮਾ, ਜਨਕ ਰਾਜ ਰਠੌਰ, ਜੋਗਿੰਦਰ ਸਿੰਘਪੁਰੀਆ, ਮਲਕੀਅਤ ਸੁਹਲ, ਹੀਰਾ ਸਿੰਘ ਸੈਣੀ, ਬਲਦੇਵ ਸਿੱਧੂ, ਬੂਟਾ ਰਾਮ ਆਜ਼ਾਦ, ਸੋਖੀ ਦੁਰਾਂਗਲਾ, ਸੁਖਵਿੰਦਰ ਰੰਧਾਵਾ, ਕੁਲਜੀਤ ਰੰਧਾਵਾ, ਸਰਬਜੀਤ ਚਾਹਲ, ਜਗਨ ਨਾਥ ਉਦੋਕੇਨਿਮਾਣਾ ਨੇ ਆਪੋ ਆਪਣਾ ਕਲਾਮ ਸੁਣਾ ਕੇ ਖੂਬ ਰੰਗ ਬੰਨ੍ਹਿਆ। ਇਸ ਮੌਕੇ ਇਕ ਮਤੇ ਰਾਹੀਂ ਦਿੱਲੀ ਵਿੱਚ ਚੱਲਦੇ ਮਹਿਲਾ ਕੁਸ਼ਤੀ ਪਹਿਲਵਾਨਾਂ ਦੇ ਸੰਘਰਸ਼ ਨੂੰ ਸਮਰਥਨ ਦਿੰਦਿਆਂ ਸਰਕਾਰ ਦੇ ਅੜੀਅਲ ਵਤੀਰੇ ਦੀ ਨਿਖੇਧੀ ਕੀਤੀ ਗਈ। ਅਖੀਰ ਵਿੱਚ ਸਭਾ ਦੀ ਪ੍ਰਧਾਨ ਰਜਵਿੰਦਰ ਕੌਰ ਨੇ ਸਮੂਹ ਹਾਜ਼ਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮਾਰੋਹ ਵਿੱਚ ਹਰਪ੍ਰੀਤ ਸਿੰਘ ਗੁੰਨੋਪੁਰ, ਹਰਵਿੰਦਰ ਸਿੰਘ ਖਾਲਸਾ, ਪ੍ਰੋ . ਲਖਵੀਰ ਕੌਰ, ਕੁਲਮਿੰਦਰ ਕੌਰ, ਸਵਰਨ ਸਿੰਘ, ਸੁਰਿੰਦਰ ਪਾਲ ਸਿੰਘ, ਕਪੂਰ ਸਿੰਘ ਘੁੰਮਣ, ਪ੍ਰਿੰ. ਕੁਲਵੰਤ ਸਿੰਘ, ਪ੍ਰਿੰ. ਪ੍ਰੇਮ ਲਾਲ, ਗੁਰਵਿੰਦਰ ਖੁਸ਼ੀਪੁਰ, ਅਮਰਜੀਤ ਸਿੰਘ, ਰਘਬੀਰ ਚਾਹਲ,ਪਵਨ ਕੁਮਾਰ, ਅਬਿਨਾਸ ਸਿੰਘ, ਪ੍ਰਿੰਸ ਸਨਿਆਲ, ਮੈਨੇਜਰ ਰੰਧਾਵਾ, ਦੌਲਤ ਸਿੰਘ, ਗੁਰਮੀਤ ਥਾਣੇਵਾਲ, ਗੁਰਦੀਪ, ਸਵਰਨ ਆਦਿ ਸਮੇਤ ਹੋਰ ਵੀ ਸਾਹਿਤ ਪ੍ਰੇਮੀ ਸ਼ਾਮਲ ਸਨ।

# ਸਟਾਫ ਨਰਸਾਂ ਦੀ ਘਾਟ ਕਾਰਨ ਸਿਵਲ ਹਸਪਤਾਲ 'ਚ ਪ੍ਰੇਸ਼ਾਨ ਹੋ ਰਹੇ ਮਰੀਜ਼

**ਸੁਲਤਾਨਪੁਰ ਲੋਧੀ( ਬਲਵਿੰਦਰ ਸਿੰਘ ਧਾਲੀਵਾਲ)**-ਇਕ ਪਾਸੇ ਤਾਂ ਮੌਜੂਦਾ ਸਰਕਾਰ ਦਾਅਵੇ ਕਰਦੀ ਹੈ ਕਿ ਸਰਕਾਰੀ ਹਸਪਤਾਲਾਂ 'ਚ ਹਰ ਤਰ੍ਹਾਂ ਦੀਆਂ ਸਹੂਲਤਾਂ ਮਰੀਜ਼ਾਂ ਨੂੰ ਮਿਲ ਰਹੀਆਂ ਹਨ ਅਤੇ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ 'ਚ ਸਿਹਤ ਸਹੂਲਤਾਂ ਮਿਲਣਗੀਆਂ ਪਰ ਕਹਿਣੀ ਅਤੇ ਕਰਨੀ ਦਾ ਅੰਤਰ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ 'ਚ ਆ ਕੇ ਪਤਾ ਲੱਗ ਜਾਂਦਾ ਹੈ। ਸਿਵਲ ਹਸਪਤਾਲ 'ਚ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਪ੍ਰੇਸ਼ਾਨੀਆਂ ਬਾਰੇ ਜਾਣਨ ਲਈ 'ਪੱਤਰਕਾਰਾਂ ' ਦੀ ਟੀਮ ਨੇ ਹਸਪਤਾਲ ਦਾ ਦੌਰਾ ਕੀਤਾ। ਪਵਿੱਤਰ ਧਰਤੀ ਸੁਲਤਾਨਪੁਰ ਲੋਧੀ ਨੂੰ ਸਮਾਰਟ ਸਿਟੀ ਦਾ ਦਰਜਾ ਤਾਂ ਮਿਲ ਗਿਆ ਪਰ ਸਿਵਲ ਹਸਪਤਾਲ ਜੋ ਕਿ 80 ਬੈਡ ਦਾ ਹੈ, ਜਿਸ ਵਿਚ ਸਟਾਫ ਨਰਸਾਂ ਦੀਆਂ ਲਗਭਗ 10 ਪੋਸਟਾਂ ਹਨ। ਇੱਥੇ ਸਿਰਫ 2 ਸਟਾਫ ਨਰਸਾਂ ਤਿੰਨ ਸ਼ਿਫਟਾਂ 'ਚ ਕੰਮ ਕਰ ਰਹੀਆਂ ਹਨ ਅਤੇ ਉਹ ਪੂਰੇ ਹਸਪਤਾਲ 'ਚ ਡਿਊਟੀ ਕਰਦੀਆਂ ਹਨ। ਹਸਪਤਾਲ ਦੀ ਦੂਜੀ ਮੰਜ਼ਲ 'ਤੇ ਸਥਿਤ ਮੇਲ ਅਤੇ ਫੀਮੇਲ ਮੈਡੀਕਲ ਵਾਰਡਾਂ 'ਚ ਐਤਵਾਰ ਜਾਂ ਛੁੱਟੀ ਵਾਲੇ ਦਿਨ ਕਿਸੇ ਵੀ ਸਟਾਫ ਨਰਸ ਦੀ ਡਿਊਟੀ ਨਹੀਂ ਲਗਾਈ ਜਾਂਦੀ। ਇਸ ਕਾਰਨ ਮਰੀਜ਼ਾਂ ਨੂੰ ਟੀਕਾ, ਗਲੂਕੋਜ਼ ਆਦਿ ਲਈ ਐਮਰਜੈਂਸੀ 'ਚ ਜਾ ਕੇ ਮਿੰਨਤਾਂ ਕਰਨੀਆਂ ਪੈਂਦੀਆਂ



ਹਨ। ਨਾਂ ਨਾ ਛਾਪਣ ਦੀ ਸ਼ਰਤ 'ਤੇ ਇਕ ਮੁਲਾਜ਼ਮ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਤੱਕ ਹਸਪਤਾਲ 'ਚ ਕੰਮਕਾਜ ਠੀਕ ਤਰ੍ਹਾਂ ਨਾਲ ਚਲਦਾ ਸੀ। ਸਟਾਫ ਨਰਸਾਂ ਪੂਰੀਆਂ ਸਨ ਪਰ ਬਾਅਦ 'ਚ ਰਿਟਾਇਰਮੈਂਟ ਜਾਂ ਕੁਝ ਸਟਾਫ ਦੀ ਤਰੱਕੀ ਹੋਣ ਦੇ ਬਾਅਦ ਨਵੀਂ ਭਰਤੀ ਨਹੀਂ ਹੋਈ ਅਤੇ ਹਸਪਤਾਲ 'ਚ ਸਟਫ ਨਰਸਾਂ ਦੀ ਘਾਟ ਹੋਣ ਲੱਗੀ। ਹੁਣ ਹਾਲਾਤ ਏਨੇ ਮਾੜੇ ਹੋ ਗਏ ਹਨ ਕਿ 80 ਬਿਸਤਰਿਆਂ ਦੇ ਹਸਪਤਾਲ 'ਚ ਤਿੰਨ ਸ਼ਿਫਟਾਂ 'ਚ ਸਿਰਫ ਦੋ ਸਟਾਫ ਨਰਸਿਜ਼ ਬਹੁਤ ਮੁਸ਼ਕਿਲ ਹਾਲਾਤ 'ਚ ਕੰਮ ਕਰਦੀਆਂ ਹਨ। ਹਸਪਤਾਲ 'ਚ ਸਿਰਫ ਦੋ ਸਟਾਫ ਨਰਸ ਹੋਣ ਕਾਰਨ ਡਬਲ ਸ਼ਿਫਟਾਂ 'ਚ ਆਪਣੀ ਡਿਊਟੀ ਕਰਦੀਆਂ ਹਨ। ਉਕਤ ਵਾਰਡਾਂ 'ਚ ਸਵੇਰ ਸਮੇਂ ਨਰਸਿੰਗ ਸਟੂਡੈਂਟਸ ਦੀ ਡਿਊਟੀ ਲਾਈ ਜਾ ਰਹੀ ਹੈ। ਐਤਵਾਰ ਹੋਣ ਕਾਰਨ ਨਰਸਿੰਗ ਸਟੂਡੈਂਟਸ ਹਸਪਤਾਲ ਨਹੀਂ ਆਉਂਦੀਆਂ, ਜਿਸ ਕਾਰਨ ਦਿੱਕਤ ਹੁੰਦੀ ਹੈ। ਮਰੀਜ਼ਾਂ ਦੀਆਂ ਫਾਈਲਾਂ ਵੀ ਖਾਲੀ ਮੇਜ਼ਾਂ 'ਤੇ ਪਈਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ ਸਿਵਲ ਹਸਪਤਾਲ ਦੇ ਜੱਚਾ-ਬੱਚਾ ਵਿਭਾਗ 'ਚ ਵਿਸ਼ਾਲ ਇਮਾਰਤ ਤਾਂ ਮੌਜੂਦ ਹੈ ਪਰ ਉਸ ਵਿੱਚ ਨਾ ਕੋਈ ਡਾਕਟਰ, ਨਾ ਕੋਈ ਨਰਸਿੰਗ ਸਟਾਫ ਹੈ ਅਤੇ ਨਾ ਹੀ ਕੋਈ ਹੋਰ ਸਹੂਲਤਾਂ। ਜੋ ਵੀ ਕੋਈ ਮਰੀਜ਼ ਇਸ ਹਸਪਤਾਲ ਆਉਂਦਾ ਹੈ ਉਸ ਨੂੰ ਕਿਸੇ ਹੋਰ ਹਸਪਤਾਲ 'ਚ ਰੈਫਰ ਕਰ ਦਿੱਤਾ ਜਾਂਦਾ ਹੈ। ਐਮਰਜੈਂਸੀ ਵਾਰਡ 'ਚ ਮਰੀਜ਼ ਦੇ ਪਰਵਾਰਕ ਮੈਂਬਰ ਦੀ ਕੋਈ ਸਟਾਫ ਵਾਰਡ 'ਚ ਪਹੁੰਚਣ 'ਚ ਮਦਦ ਨਾ ਕਰੇ ਤਾਂ ਉਹ ਖੁਦ ਹੀ ਸਟਰੈਚਰ ਲੈ ਕੇ ਮਰੀਜ਼ ਨੂੰ ਐਮਰਜੈਂਸੀ ਵਾਰਡ ਵਿਚੋਂ ਲੈ ਕੇ ਜਾਂਦਾ ਹੈ। ਇਸ ਸੰਬੰਧ 'ਚ ਸਿਵਲ ਸਰਜਨ ਕਪੂਰਥਲਾ ਡਾ. ਰਾਜਵਿੰਦਰ ਕੌਰ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਸਰਕਾਰੀ ਹਸਪਤਾਲਾਂ 'ਚ ਵੱਡੇ ਪੱਧਰ 'ਤੇ ਸੁਧਾਰ ਕਰ ਰਹੀ ਹੈ। ਸਿਵਲ ਹਸਪਤਾਲ 'ਚ ਨਰਸਿੰਗ ਸਟਾਫ ਦੀ ਘਾਟ ਨੂੰ ਜਲਦੀ ਪੂਰਾ ਕਰ ਲਿਆ ਜਾਵੇਗਾ। ਇਸ ਸੰਬੰਧੀ ਜਦੋਂ ਸਿਵਲ ਹਸਪਤਾਲ ਦੇ ਐੱਸ ਐਮ ਓ ਡਾ. ਰਵਿੰਦਰ ਪਾਲ ਸ਼ੁੱਭ ਨਾਲ ਗੱਲ ਕੀਤੀ ਤਾਂ ਉਨ੍ਹਾ ਦੱਸਿਆ ਕਿ ਸਿਵਲ ਹਸਪਤਾਲ ਵਿਖੇ ਹਰ ਇੱਕ ਸਹੂਲਤ ਹੈ ਪਰ ਸਟਾਫ ਅਤੇ ਡਾਕਟਰਾਂ ਦੀ ਘਾਟ ਹੋਣ ਕਾਰਨ ਕੁਝ ਸਮਾਂ ਲਗਦਾ ਹੈ ਪਰ ਸਾਡਾ ਸਾਰਾ ਸਟਾਫ ਵੱਧ ਤੋਂ ਵੱਧ ਮਿਹਨਤ ਕਰਕੇ ਮਰੀਜ਼ਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦਾ ਹੈ ਤਾਂ ਜੋ ਲੋਕਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾ ਕਿਹਾ ਕਿ ਸਟਾਫ ਨਰਸਾਂ ਵਾਸਤੇ ਉੱਚ ਅਧਿਕਾਰੀਆਂ ਨੂੰ ਲਿਖ ਕੇ ਭੇਜਿਆ ਗਿਆ ਹੈ, ਜਲਦ ਸਟਾਫ ਪੂਰਾ ਕਰ ਲਿਆ ਜਾਵੇਗਾ। ਸਟਾਫ ਦੀ ਘਾਟ ਦੇ ਚਲਦਿਆਂ ਸਿਹਤ ਸਹੂਲਤਾਂ ਜ਼ਰੂਰ ਪ੍ਰਭਾਵਿਤ ਹੋ ਰਹੀਆਂ ਹਨ ।ਅਸੀਂ ਕਈ ਵਾਰ ਉੱਚ ਅਧਿਕਾਰੀਆਂ ਨੂੰ ਬੇਨਤੀ ਵੀ ਕੀਤੀ ਹੈ ਕਿ ਇਸ ਸੰਸਥਾ ਵੱਲ ਧਿਆਨ ਦਿੱਤਾ ਜਾਵੇ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਬਿਹਤਰ ਸਹੂਲਤਾਂ ਮਿਲ ਸਕਣ।

# ਆਸ਼ੀਰਵਾਦ ਸਕੀਮ ਤਹਿਤ ਜ਼ਿਲ੍ਹੇ ਦੇ 1173 ਲਾਭਪਾਤਰੀਆਂ ਦੇ ਬੈਂਕ ਖਾਤਿਆਂ 'ਚ ਪਾਈ ਗਈ 5 ਕਰੋੜ 98 ਲੱਖ ਦੀ ਰਾਸ਼ੀ : ਜਿੰਪਾ

**ਹੁਸ਼ਿਆਰਪੁਰ,: (ਓ ਪੀ ਰਾਣਾ, ਬਲਬੀਰ ਸਿੰਘ ਸੈਣੀ )** ਪੰਜਾਬ ਸਰਕਾਰ ਵਲੋਂ ਲੋੜਵੰਦ ਲੜਕੀਆਂ ਨੂੰ ਵਿਆਹ ਦੇ ਮੌਕੇ 'ਤੇ ਆਸ਼ੀਰਵਾਦ ਸਕੀਮ ਤਹਿਤ ਦਿੱਤੀ ਜਾਂਦੀ 51 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਜ਼ਿਲ੍ਹੇ ਵਿੱਚ ਕੁੱਲ 1173 ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਆਨਲਾਈਨ ਮੈਨੇਜਮੈਂਟ ਸਿਸਟਮ ਰਾਹੀਂ 5,98,23,000 ਰੁਪਏ ਦੀ ਰਾਸ਼ੀ ਪਾ ਦਿੱਤੀ ਗਈ ਹੈ। ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਸ ਸਕੀਮ ਤਹਿਤ ਸਮਾਜਿਕ ਨਿਆਂ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਅਪ੍ਰੈਲ 2022 ਤੋਂ ਅਕਤੂਬਰ 2022 ਤੱਕ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਯੋਗ ਲਾਭਪਾਤਰੀਆਂ ਨੂੰ 51-51 ਹਜ਼ਾਰ ਰੁਪਏ ਦੇ ਹਿਸਾਬ ਨਾਲ ਰਾਸ਼ੀ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸੱਤ ਮਹੀਨਿਆਂ ਦੌਰਾਨ ਅਨੁਸੂਚਿਤ ਜਾਤੀ ਨਾਲ ਸਬੰਧਤ 739 ਲੜਕੀਆਂ ਨੂੰ 3,76,89,000 ਰੁਪਏ ਦੀ ਰਾਸ਼ੀ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ 434 ਲੜਕੀਆਂ ਨੂੰ 2,21,34,000 ਰੁਪਏ ਦੀ ਰਾਸ਼ੀ ਆਸ਼ੀਰਵਾਦ ਸਕੀਮ ਤਹਿਤ ਮੁਹੱਈਆ ਕਰਵਾਈ ਗਈ ਹੈ।ਕੈਬਨਿਟ ਮੰਤਰੀ ਨੇ ਦੱਸਿਆ ਕਿ ਆਸ਼ੀਰਵਾਦ ਸਕੀਮ ਤਹਿਤ ਮਈ 2022 ਦੌਰਾਨ ਅਨੁਸੂਚਿਤ ਜਾਤੀ ਨਾਲ ਸਬੰਧਤ 151 ਲਾਭਪਾਤਰੀ ਲੜਕੀਆਂ, ਜੂਨ 2022 ਦੌਰਾਨ 102, ਜੁਲਾਈ 2022 ਦੇ ਦੌਰਾਨ 101, ਅਗਸਤ 2022 ਦੇ ਦੌਰਾਨ 101, ਸਤੰਬਰ 2022 ਦੇ ਦੌਰਾਨ 129 ਅਤੇ ਅਕਤੂਬਰ 2022 ਦੇ ਦੌਰਾਨ 155 ਲੜਕੀਆਂ ਨੂੰ ਪ੍ਰਤੀ ਕੇਸ 51-51 ਹਜ਼ਾਰ ਰੁਪਏ ਦੀ ਰਾਸ਼ੀ ਮੁਹੱਈਆ ਕਰਵਾਈ ਗਈ।

ਇਸੇ ਤਰ੍ਹਾਂ ਅਪ੍ਰੈਲ 2022 ਦੇ ਦੌਰਾਨ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ 48 ਲੜਕੀਆਂ, ਮਈ 2022 ਦੇ ਦੌਰਾਨ 113, ਜੂਨ 2022 ਦੇ ਦੌਰਾਨ 44, ਜੁਲਾਈ 2022 ਦੇ ਦੌਰਾਨ 44, ਅਗਸਤ 2022 ਦੇ ਦੌਰਾਨ 44, ਸਤੰਬਰ 2022 ਦੇ ਦੌਰਾਨ 69 ਅਤੇ ਅਕਤੂਬਰ 2022 ਦੇ ਦੌਰਾਨ 72 ਲੜਕੀਆਂ ਨੂੰ ਪ੍ਰਤੀ ਕੇਸ 51-51 ਹਜ਼ਾਰ ਰੁਪਏ ਦੀ ਰਾਸ਼ੀ ਆਸ਼ੀਰਵਾਦ ਸਕੀਮ ਤਹਿਤ ਮੁਹੱਈਆ ਕਰਵਾਈ ਗਈ।

ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਇਸ ਸਕੀਮ ਤਹਿਤ ਲਾਭ ਦੇਣ ਦੇ ਲਈ ਬਿਨੈਪੱਤਰ ਵਿਆਹ ਤੋਂ 30 ਦਿਨ ਪਹਿਲਾਂ ਅਤੇ ਵਿਆਹ ਦੀ ਮਿਤੀ ਦੇ 30 ਦਿਨ ਦੇ ਅੰਦਰ ਨਿਰਧਾਰਿਤ ਪ੍ਰੋਫਾਰਮੇ ਵਿੱਚ ਦੇਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਇਹ ਬਿਨੈਪੱਤਰ ਸਬੰਧਤ ਤਹਿਸੀਲ ਪੱਧਰ 'ਤੇ ਦਫ਼ਤਰ ਜਾਂ ਸੁਵਿਧਾ ਕੇਂਦਰ ਵਿੱਚ ਦਿੱਤੇ ਜਾ ਸਕਦੇ ਹਨ।

# ਗੱਡੀਆਂ ਦੀ ਪਾਸਿੰਗ ਪੰਜ ਦਿਨ ਕਰਨ ਦੀ ਮੰਗ




**ਮਾਹਿਲਪੁਰ (ਸਫਰੀ)** ਟਰੱਕ ਯੂਨੀਅਨ ਗੜਸ਼ੰਕਰ ਵਿਖੇ ਜਰਨੈਲ ਸਿੰਘ ਨਾਗਰਾ ਦੀ ਪ੍ਰਧਾਨਗੀ ਮੀਟਿੰਗ ਕੀਤੀ ਗਈ। ਦਰਸ਼ਨ ਸਿੰਘ ਮੱਟੂ ਸੂਬਾ ਕਨਵੀਨਰ ਕੰਢੀ ਸੰਘਰਸ਼ ਕਮੇਟੀ ਵਲੋਂ ਕਣਕ ਦੇ ਅਤੀ ਰੁਝੇਵਿਆਂ ਭਰਿਆਂ ਦਿਨਾਂ ਵਿੱਚ ਆਰ ਟੀ ਓ ਦਫ਼ਤਰ ਵਲੋਂ ਕੀਤੀ ਜਾ ਰਹੀ ਖੱਜਲ ਖੁਆਰੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਗੱਡੀਆਂ ਦੀ ਪਾਸਿੰਗ ਪੰਜ ਦਿਨ ਕੀਤੀ ਜਾਵੇ।

ਟਰੱਕ ਅਪਰੇਟਰ 50000 ਹਜਾਰ ਗੱਡੀ ਦਾ ਬੀਮਾ ਕਰਵਾਉਂਦੇ ਹਨ ਪਰ ਜੇ ਪਾਸਿੰਗ ਨਾ ਹੋਈ ਹੋਵੇ ਤਾਂ ਐਕਸੀਡੈਂਟ ਸਮੇਂ ਕਲੇਮ ਹੀ ਨਹੀਂ ਮਿਲਦਾ, ਟਰੱਕ ਮਾਲਕ ਪਹਿਲਾਂ ਹੀ ਕਰਜੇ ਦੇ ਭੰਨੇ ਹੋਏ ਹਨ। ਜਦੋਂ ਵੀ ਕੋਈ ਅਪੁਆਇੰਟਮੈਂਟ 'ਤੇ ਐਮ ਵੀ ਆਈ ਦੇ ਦਫਤਰ ਜਾਂਦਾ ਹੈ ਤਾਂ ਘੜਿਆ ਘੜਾਇਆ ਜਵਾਬ ਵਿੰਡੋ ਨਹੀਂ ਖੁੱਲੀ ਦਾ ਬਹਾਨਾ ਬਣਾ ਕੇ ਬੇਰੰਗ ਲਿਫਾਫੇ ਵਾਂਗ ਵਾਪਸ ਮੋੜ ਦਿੱਤਾ ਜਾਂਦਾ ਹੈ।

ਜੇਕਰ ਇਹ ਖੱਜਲ ਖੁਆਰੀ ਬੰਦ ਨਾ ਹੋਈ ਤਾਂ ਜੋਰਦਾਰ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਪਾਲ ਚੌਧਰੀ,ਸੋਨੂੰ ਕੁਲੇਵਾਲ,ਨਿਰਮਲ ਸਿੰਘ, ਹਨੀ,ਕੁਲਵੰਤ ਸਿੰਘ,ਲਖਵਿੰਦਰ ਸਿੰਘ, ਗੁਰਨਾਮ ਸਿੰਘ, ਭੋਲਾ ਰਾਮ,ਬਿੰਦਰ,ਰਮਨ ਕੁਮਾਰ, ਹਨੀ ਸਿੰਘ,ਗੁਰਦੀਪ ਸਿੰਘ, ਗੋਪੀ ਆਦਿ ਹਾਜਰ ਸਨ।

# ਰੂਸ, ਇਥੋਪੀਆ ਦੀਆਂ 'ਵਰਸਿਟੀਆਂ ਤੇ ਐਲ ਪੀ ਯੂ ਵੱਲੋਂ ਕੰਪਿਊਟਿੰਗ ਸਾਇੰਸਜ਼ 'ਤੇ ਸਾਂਝੀ ਅੰਤਰਰਾਸ਼ਟਰੀ ਕਾਨਫਰੰਸ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ ) ਨੇ ਰੂਸ ਦੀ ਸਦਰਨ ਫੈਡਰਲ ਯੂਨੀਵਰਸਿਟੀ ਅਤੇ ਇਥੋਪੀਆ ਦੀ ਮਿਜ਼ਾਨ ਟੇਪੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਕੰਪਿਊਟਿੰਗ ਵਿਗਿਆਨ ਤੇ 7ਵੀਂ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ। ਇੱਥੇ, ਰੂਸ, ਮਲੇਸ਼ੀਆ, ਇਥੋਪੀਆ, ਦੱਖਣੀ ਕੋਰੀਆ, ਸ਼੍ਰੀਲੰਕਾ ਸਮੇਤ 21 ਦੇਸ਼ਾਂ ਦੇ ਕੰਪਿਊਟਿੰਗ ਦੇ ਮਾਹਿਰਾਂ ਨੇ ਐਲ ਪੀ ਯੂ ਦੇ ਹਜ਼ਾਰਾਂ ਵਿਦਿਆਰਥੀਆਂ ਨਾਲ ਸਰੀਰਕ , ਵਰਚੁਅਲ ਤੌਰ ਤੇ ਅਤੇ ਰਿਸਰਚ ਸਬਮਿਸ਼ਨਾਂ ਰਾਹੀਂ ਗੱਲਬਾਤ ਕੀਤੀ ਕਾਨਫਰੰਸ ਲਈ ਦੁਨੀਆ ਭਰ ਦੇ ਸਿਖਰ ਵਿਦਿਅਕ ਅਦਾਰਿਆਂ ਤੋਂ ਲਗਭਗ 2300 ਖੋਜ ਪੱਤਰ ਜਮ੍ਹਾਂ ਕਰਵਾਏ ਗਏ। ਇਹਨਾਂ ਵਿੱਚੋਂ, ਸਭ ਤੋਂ ਵਧੀਆ ਸਕੋਪਸ ਸੂਚੀਬੱਧ ਕਾਰਵਾਈਆਂ/ਰਸਾਲਿਆਂ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ। ਕਾਨਫਰੰਸ ਦੀ ਸਫਲਤਾ ਲਈ ਵੱਡੀ ਗਿਣਤੀ ਵਿੱਚ ਭਾਗੀਦਾਰ, ਪੇਪਰ ਪੇਸ਼ਕਾਰੀਆਂ ਅਤੇ ਸਬਮਿਸ਼ਨਾਂ ਸਵੈ-ਵਿਆਖਿਆਤਮਕ ਹਨ। ਖੋਜਕਰਤਾਵਾਂ, ਸਿੱਖਿਆ ਸ਼ਾਸਤਰੀਆਂ, ਕੰਪਿਊਟਿੰਗ ਖੇਤਰਾਂ ਅਤੇ ਸਬੰਧਿਤ ਉਦਯੋਗ ਦੇ ਦਿੱਗਜਾਂ ਨੂੰ ਸੰਬੋਧਨ ਕਰਦਿਆਂ ਕਾਨਫਰੰਸ ਦੀ ਸਰਪ੍ਰਸਤ, ਐਲਪੀਯੂ ਦੀ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਨੇ ਅੰਤਰਰਾਸ਼ਟਰੀ ਕਾਨਫਰੰਸਾਂ ਦੀ ਵਿਰਾਸਤ ਨੂੰ ਜਾਰੀ ਰੱਖਣ ਲਈ ਪ੍ਰਬੰਧਕੀ ਟੀਮ ਨੂੰ ਵਧਾਈ ਦਿੱਤੀ। ਕਾਨਫਰੰਸ ਲਈ ਐਬਸਟਰੈਕਟਸ ਦੀ ਕਿਤਾਬ ਰਿਲੀਜ਼ ਕਰਦੇ ਹੋਏ, ਸ਼੍ਰੀਮਤੀ ਮਿੱਤਲ ਨੇ ਵਿਦਿਆਰਥੀਆਂ ਨੂੰ ਨਿਯਮਤ ਚੁਣੌਤੀਆਂ ਅਤੇ ਤਬਦੀਲੀਆਂ ਦੇ ਮੌਜੂਦਾ ਦੌਰ ਵਿੱਚ ਇੱਕ ਤਬਦੀਲੀ ਨਿਰਮਾਤਾ ਬਣਨ ਦਾ ਸੱਦਾ ਦਿੱਤਾ। ਉਨ੍ਹਾਂ ਸਾਰਿਆਂ ਨੂੰ ਹਰ ਪਲ ਬਦਲਦੀਆਂ ਤਕਨਾਲੋਜੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਸਲਾਹ ਵੀ ਦਿੱਤੀ। ਕਾਨਫਰੰਸ ਦੇ ਬੁਲਾਰਿਆਂ 'ਚ ਪ੍ਰੋ. ਡਾ. ਮਿਖਾਇਲ ਕਾਰਿਆਕਿਨ, ਡਾ. ਯਾਨਾ ਐਮ. ਡੇਮਯਾਨੇਨਕੋ, ਡਾ. ਓਲੇਗ ਕ੍ਰਾਵਚੇਂਕੋ-ਸਾਊਦਰਨ ਫੈਡਰਲ ਯੂਨੀਵਰਸਿਟੀ, ਰੂਸ ਤੋਂ ਤਿੰਨੋਂ ; ਪਰਦਾਨਾ ਯੂਨੀਵਰਸਿਟੀ, ਮਲੇਸ਼ੀਆ ਤੋਂ ਖੋਜ ਦੇ ਨਿਰਦੇਸ਼ਕ ਪ੍ਰੋ. ਡਾ. ਵਲਿਪਨ ਰਾਜੂ; ਮਿਜ਼ਾਨ-ਟੇਪੀ ਯੂਨੀਵਰਸਿਟੀ, ਇਥੋਪੀਆ ਤੋਂ ਪ੍ਰੋ: ਡਾ: ਸਮੇਗਨੇਊ ਅਸਮੀ, ਹਰਸ਼ ਦੀਵਾਨ ਅਤੇ ਐਸ ਵਿਕਰਮ ਸਿੰਘ ਸਬੰਧਤ ਉਦਯੋਗ ਤੋਂ ਅਤੇ ਕਈ ਹੋਰ ਸ਼ਾਮਲ ਸਨ।



# ਸ੍ਰੀ ਗੁਰੂ ਅਰਜਨ ਦੇਵ ਸਕੂਲ ਨੇ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ



**ਕਰਤਾਰਪੁਰ (ਹਰਮੇਸ਼ ਦੱਤ )**. ਰੈਂਡ ਕਰਾਸ ਦੇ ਬਾਨੀ ਹੈਨਰੀ ਡਾਇਨੰਟ ਦੀ ਯਾਦ ਵਿਚ ਵਿਸ਼ਵ ਭਰ ਵਿੱਚ ਰੈਂਡ ਕਰਾਸ ਦਿਵਸ ਮਨਾਇਆ ਜਾਂਦਾ ਹੈ। ਹੈਨਰੀ ਨੇ ਵਿਸ਼ਵ ਯੁੱਧ ਵਿੱਚ ਹੋਏ ਫੱਟੜ ਸੈਨਿਕਾਂ ਨੂੰ ਦੇਖ ਕੇ ਰੈਂਡ ਕਰਾਸ ਦੀ ਸਥਾਪਨਾ ਕੀਤੀ ਸੀ। ਬਾੜ ,ਸੁਨਾਮੀ, ਭੁਚਾਲ ਆਦਿ ਕੁਦਰਤੀ ਆਪਦਾਵਾਂ ਵਿੱਚ ਆਮ ਨਾਗਰਿਕਾਂ ਦੀ ਮਦਦ ਲਈ ਰੈਂਡ ਕਰਾਸ ਤਿਆਰ ਬਰ ਤਿਆਰ ਰਹਿੰਦਾ ਹੈ। ਆਮ ਜਨ ਨੂੰ ਜਾਗਰੂਕ ਕਰਨ ਲਈ ਨਸ਼ੇ ਖਿਲਾਫ ਰੈਲੀ ਤੇ ਹੋਰ ਜਿਵੇਂ ਅਨਪੜ੍ਹਤਾ, ਗਰੀਬੀ, ਮਹਿੰਗਾਈ,ਬੇਰੁਜ਼ਗਾਰੀ, ਭਰੂਣ ਹੱਤਿਆ, ਦਹੇਜ ਪ੍ਰਥਾ, ਔਰਤ ਦੀ ਸਮਾਜਿਕ ਦਸ਼ਾ, ਟ੍ਰੈਫਿਕ ਨਿਯਮਾਂ ਬਾਰੇ ਨੁੱਕੜ ਨਾਟਕਾਂ ਰਾਹੀਂ ਪੇਸ਼ਕਸ਼ਾਂ ਰੱਖਦੀ ਰਹਿੰਦੀ ਹੈ। ਰੈਂਡ ਕਰਾਸ ਦੇ ਸੇਵਾਵਾਂ ਤੇ ਪਹਿਰਾ ਦਿੰਦੇ ਹੋਏ ਪਦਮਸ੍ਰੀ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੀ ਸੰਸਥਾ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕਰਤਾਰਪੁਰ ਵਿਖੇ ਬੱਚਿਆਂ ਨੇ ਟ੍ਰੈਫਿਕ ਨਿਯਮਾਂ ਨੂੰ ਮੁੱਖ ਰੱਖਦਿਆਂ ਨੁੱਕੜ ਨਾਟਕ ਪੇਸ਼ ਕੀਤਾ। ਸਕੂਲ ਦੇ ਅਸੈਂਬਲੀ ਹਾਲ ਵਿੱਚ ਵਿਸ਼ਵ ਰੈਂਡ ਕਰਾਸ ਦਿਵਸ ਤੇ ਪ੍ਰਿੰਸੀਪਲ ਬੀਰ ਇੰਦਰ ਸਿੰਘ ਪੰਨੂੰ ਦੀ ਦੇਖ ਰੇਖ ਵਿੱਚ ਸਿਹਤ ਸੰਬੰਧੀ ਜਾਗਰੂਕ ਸੈਮੀਨਾਰ ਲਗਾਇਆ ਗਿਆ। ਇਹ ਸੈਮੀਨਾਰ ਕੇਅਰਮੈਕਸ ਹਸਪਤਾਲ ਦੇ ਹਾਰਟ ਸਪੈਸ਼ਲਿਸਟ ਡਾਕਟਰ ਰਮਨ ਚਾਵਲਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡਾਕਟਰ ਨਿਖਿਲ ਅਤੇ ਉਨ੍ਹਾਂ ਦੀ ਟੀਮ ਵੱਲੋਂ ਲਗਾਇਆ ਗਿਆ। ਡਾਕਟਰ ਨਿਖਿਲ ਨੇ ਹਾਰਟ ਅਟੈਕ ਹੋਣ ਦੇ ਕਾਰਨ , ਹਾਰਟ ਅਟੈਕ ਹੋਣ ਤੇ ਕਿਸ ਤਰ੍ਹਾਂ ਬਚਾਅ ਕਰ ਸਕਦੇ ਹਾਂ ,ਇੱਕ ਲੈਕਚਰ ਰਾਹੀਂ ਸਕੂਲ ਸਟਾਫ ਅਤੇ ਬੱਚਿਆਂ ਨੂੰ ਜਾਗਰੂਕ ਕੀਤਾ।

# ਭਗਤੂਪੁਰ ਵਿਖੇ ਡਾਕਟਰ ਬੀ ਆਰ ਅੰਬੇਡਕਰ ਨੂੰ ਸਮਰਪਤ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਨਜਦੀਕੀ ਪਿੰਡ ਭਗਤੂਪੁਰ ਵਿਖੇ ਡਾਕਟਰ ਬੀ ਆਰ ਅੰਬੇਡਕਰ ਜੀ ਦੇ 132ਵੇਂ ਜਨਮ ਦਿਹਾੜੇ ਨੂੰ ਸਮਰਪਿਤ ਰਿਟਾਇਰ ਪ੍ਰਿੰਸੀਪਲ ਮੇਜਰ ਸਿੰਘ ਜੱਸੀ ਦੀ ਅਗਵਾਈ ਵਿਚ ਮਿਸ਼ਨਰੀ ਸਮਾਗਮ ਕਰਵਾਇਆ ਗਿਆ। ਜੱਸੀ ਨੇ ਬੱਚਿਆਂ ਨੂੰ ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਤੇ ਬਾਲ ਪੈਨ ਤੇ ਕਾਪੀਆਂ ਵੰਡੀਆਂ । ਸਰਪੰਚ ਕ੍ਰਿਪਾਲ ਸਿੰਘ ਤੇ ਹੋਰ ਵੱਖ ਵੱਖ ਬੁਲਾਰਿਆਂ ਨੇ ਡਾਕਟਰ ਬੀ ਆਰ ਅੰਬੇਡਕਰ ਜੀ ਦੀ ਜੀਵਨੀ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਅਤੇ ਮਠਿਆਈ ਦਾ ਲੰਗਰ ਲਾਇਆ ਗਿਆ।

ਇਸ ਮੌਕੇ ਸੁਰਜੀਤ ਸਿੰਘ ,ਕੁਲਵਿੰਦਰ ਸਿੰਘ ,ਜਸਵਿੰਦਰ ਸਿੰਘ ,ਗੁਰਪ੍ਰੀਤ ਸਿੰਘ ਗੋਪੀ ,ਗੁਰਮੁੱਖ ਸਿੰਘ ,ਕੇਵਲ ਸਿੰਘ ,ਸੋਹਣ ਸਿੰਘ ,ਬੱਬੀ ,ਸਤਨਾਮ ਸਿੰਘ , ਮਨੋਹਰ ਸਿੰਘ ,ਰਾਜਵੀਰ ਸਿੰਘ ,ਮਨਜੀਤ ਸਿੰਘ ,ਮਦਨ ਲਾਲ,ਪਰਮਜੀਤ ਕੌਰ ,ਵਿਦਿਆ ਆਦਿ ਹਾਜਰ ਸਨ।



# ਮੇਹਰਚੰਦ ਪੋਲੀਟੈਕਨਿਕ ਕਾਲਜ ਨੇ ਜਿੱਤੀ ਸਟੇਟ ਟੈਕ ਫੈਸਟ ਦੀ ਓਵਰਆਲ ਟਰਾਫੀ

**ਜਲੰਧ (ਸ਼ੈਲੀ ਐਲਬਰਟ)**- ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਵਿਦਿਆਰਥੀਆਂ ਨੇ ਸਰਕਾਰੀ ਪੋਲੀਟੈਕਨਿਕ ਕਾਲਜ ਪਟਿਆਲਾ ਵਿਖੇ ਹੋਏ ਸੂਬਾ ਪੱਧਰੀ ਟੈਕਫੈਸਟ ਵਿੱਚ ਉਮਦਾ ਪ੍ਰਦਰਸ਼ਨ ਕਰਦਿਆ ਓਵਰਆਲ ਟਰਾਫੀ ਤੇ ਕਬਜਾ ਕੀਤਾ।ਇਸ ਮੁਕਾਬਲੇ ਵਿੱਚ 40 ਬਹੁਤਕਨੀਕੀ ਕਾਲਜਾਂ ਵਲੋਂ ਵਿਦਿਆਰਥੀਆਂ ਦੀਆਂ 190 ਐਂਟਰੀਆਂ ਸਨ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਪੇਪਰ ਪ੍ਰਜ਼ੈਂਟੇਸ਼ਨ ਮੁਕਾਬਲੇ ਵਿੱਚ 4 ਗੋਲਡ ਮੈਡਲ ਤੇ 1 ਸਿਲਵਰ ਮੈਡਲ ਜਿੱਤਿਆ।ਇਸੇ ਹੀ ਤਰ੍ਹਾਂ ਪ੍ਰੋਜੈਕਟ ਡਿਸਪਲੇ ਵਿੱਚ ਦੋ ਗੋਲਡ ਜਿੱਤੇ, ਤਿੰਨ ਸਿਲਵਰ, ਇੱਕ ਬਰਾਂਜ ਤੇ ਇੱਕ ਹੌਸਲਾ ਅਫਜਾਊ ਇਨਾਮ ਵੀ ਜਿੱਤਿਆ।ਇਹਨਾਂ ਇਨਾਮਾਂ ਦੇ ਨਾਲ ਨਾਲ ਕਾਲਜ ਦੇ ਵਿਦਿਆਰਥੀਆਂ ਨੇ 37500 ਰੁਪਏ ਕੈਸ਼ ਐਵਾਰਡ ਤੇ ਓਵਰਆਲ ਟਰਾਫੀ ਤਕਨੀਕੀ ਸਿੱਖਿਆ ਵਿਭਾਗ ਦੇ ਪ੍ਰਿੰਸੀਪਲ ਸੱਕਤਰ ਮੈਡਮ ਸੀਮਾ ਜੈਨ, ਆਈ.ਏ.ਐਸ. ਤੋਂ ਪ੍ਰਾਪਤ ਕੀਤੀ। ਇਸ ਮੌਕੇ ਅਡੀਸ਼ਨ ਡਾਇਰੈਕਟਰ ਸ. ਮੋਹਨਬੀਰ ਸਿੰਘ ਪੀ.ਟੀ.ਆਈ.ਐਸ. ਪ੍ਰਧਾਨ ਤੇ ਵੱਖ ਵੱਖ ਕਾਲਜਾਂ ਦੇ ਪ੍ਰਿੰਸੀਪਲ ਵੀ ਸਨ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਤੇ ਸਟਾਫ ਅਤੇ ਸਮੂਹ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਪ੍ਰਿੰਸੀਪਲ ਨੇ ਦੱਸਿਆ ਕਿ ਇਸ ਵਾਰ ਵਿਦਿਆਰਥੀਆਂ ਨੇ ਬੜੀ ਹੀ ਮੇਹਨਤ ਨਾਲ ਨਵੇਂ ਇਨੋਵੇਟਿਵ ਮਾਡਲ ਬਣਾਏ ਸੀ, ਜਿਸ ਦੀ ਵਿਸ਼ੇਸ਼ ਪ੍ਰਦਰਸ਼ਨੀ ਦਾ ਉਦਘਾਟਨ ਕੁਝ ਦਿਨ ਪਹਿਲਾਂ ਡੀ.ਏ.ਵੀ ਯੂਨੀਵਰਸਿਟੀ ਅਤੇ ਐਨ.ਆਈ.ਟੀ. ਜਲੰਧਰ ਦੇ ਪ੍ਰੋਫੈਸਰਾਂ ਵਲੋਂ ਕੀਤਾ ਗਿਆ ਸੀ।ਏਸੇ ਹੀ ਪ੍ਰਦਰਸ਼ਨੀ ਰਾਹੀ ਚੁਣੇ ਗਏ। ਬੇਹਤਰੀਨ ਮਾਡਲਾਂ ਨੂੰ ਇੰਟਰ ਪੋਲੀਟੈਕਨਿਕ ਮੁਕਾਬਲੇ ਲਈ ਭੇਜਿਆ ਗਿਆ। ਇਸ ਮੌਕੇ ਸਟੂਡੈਂਟ ਚੈਪਟਰ ਦੇ ਅਡਵਾਈਜ਼ਰ ਡਾ. ਰਾਜੀਵ ਭਾਟੀਆ ਡਾ. ਸੰਜੇ ਬਾਂਸਲ, ਸ੍ਰੀਮਤੀ ਮੰਜੂ, ਕਸ਼ਮੀਰ ਕੁਮਾਰ, ਸ੍ਰੀਮਤੀ ਰਿਚਾ ਅਰੋੜਾ, ਪ੍ਰਿੰਸ ਮਦਾਨ, ਹੀਰਾ ਮਹਾਜਨ, ਤਿਰਲੋਕ ਸਿੰਘ, ਮੈਡਮ ਪ੍ਰੀਤ ਕੰਵਲ, ਰਾਜੇਸ਼ ਕੁਮਾਰ, ਅਰਵਿੰਦ ਦੱਤਾ, ਮੈਡਮ ਮਨਿੰਦਰ ਤੇ ਹੋਰ ਸਟਾਫ ਹਾਜਿਰ ਸੀ।




# ਇਨੋਸੈਂਟ ਹਾਰਟਸ ਵਿਖੇ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ




**ਜਲੰਧਰ(ਸ਼ੈਲੀ ਐਲਬਰਟ)**- ਬੱਚਿਆਂ ਵਿੱਚ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਨ ਦੇ ਮੰਤਵ ਨਾਲ ਇੰਨੋਸੈਂਟ ਹਾਰਟਸ (ਗ੍ਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ, ਕੈਂਟ ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ) ਦੇ ਪੰਜਾਂ ਸਕੂਲਾਂ ਵਿੱਚ 'ਵਿਸ਼ਵ ਰੈੱਡ ਕਰਾਸ ਦਿਵਸ' ਮਨਾਇਆ ਗਿਆ। ਇਸ ਮੌਕੇ ਬੱਚਿਆਂ ਲਈ ਫਸਟ ਏਡ ਕਿੱਟ ਤਿਆਰ ਕੀਤੀ ਗਈ, ਜਿਸ ਵਿੱਚ ਕੈਂਚੀ, ਪਤਲੀਆਂ ਪੱਟੀਆਂ, ਚਿਪਕਣ ਵਾਲੀ ਟੇਪ, ਥਰਮਾਮੀਟਰ, ਤਿਕੋਣੀ ਪੱਟੀ ਆਦਿ ਸਾਰੀਆਂ ਮੁੱਢਲੀਆਂ ਸਹਾਇਤਾ ਵਾਲੀਆਂ ਵਸਤੂਆਂ ਰੱਖੀਆਂ ਗਈਆਂ।

ਕਲਾਸਾਂ ਵਿੱਚ ਸਾਇੰਸ ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਹੈਨਰੀ ਡੁਨਟ ਦੇ ਜਨਮ ਦਿਨ 'ਤੇ 'ਵਿਸ਼ਵ ਰੈੱਡ ਕਰਾਸ ਦਿਵਸ' ਮਨਾਇਆ ਜਾਂਦਾ ਹੈ ,ਜਿਸ ਤਰ੍ਹਾਂ ਰੈੱਡ ਕਰਾਸ ਸੰਸਥਾ ਦੇ ਵਲੰਟੀਅਰ ਵੱਖ-ਵੱਖ ਮੁਸੀਬਤਾਂ ਵਿੱਚ ਨਿਰਸਵਾਰਥ ਹੋ ਕੇ ਆਪਣੀਆਂ ਸੇਵਾਵਾਂ ਦਿੰਦੇ ਰਹਿੰਦੇ ਹਨ, ਉਸੇ ਤਰ੍ਹਾਂ ਸਾਨੂੰ ਵੀ ਮਨੁੱਖੀ ਭਲਾਈ ਅਤੇ ਦਾਨ ਲਈ ਆਪਣੇ ਪੱਧਰ 'ਤੇ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ।

# ਸਰਕਾਰੀ ਐਲੀਮੈਂਟਰੀ ਸਕੂਲ ਸਿਕੰਦਰਪੁਰ ਦੇ ਬੱਚਿਆਂ ਨੂੰ ਸਟੇਸ਼ਨਰੀ ਦਿੱਤੀ

**ਅਲਾਵਲਪੁਰ (ਮਦਨ ਬੰਗੜ )** ਸ਼ਹੀਦ ਭਗਤ ਸਿੰਘ ਸੋਸ਼ਲ ਵੈਲਫੇਅਰ ਸੁਸਾਇਟੀ (ਰਜਿ:) ਸਿਕੰਦਰਪੁਰ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਸਿਕੰਦਰਪੁਰ ਦੇ ਬੱਚਿਆਂ ਨੂੰ ਜਸਪ੍ਰੀਤ ਕੁਮਾਰ ਯੂਕੇ ਦੀ ਸਹਾਇਤਾ ਨਾਲ ਸਟੇਸ਼ਨਰੀ ਵੰਡੀ ਗਈ।

ਇਸ ਮੌਕੇ ਸਕੂਲ ਮੁਖੀ ਮੈਡਮ ਰਸ਼ਮੀ ਅਰੋੜਾ,ਸਰਪੰਚ ਅਨੀਤਾ,ਸੁਰਜੀਤ ਕੌਰ,ਕਿਰਨਦੀਪ ਕੌਰ,ਊਸ਼ਾ ਰਾਣੀ,ਪ੍ਰਿਆ ਰਾਣੀ,ਕੰਵਲਜੀਤ ਕੌਰ, ਜੋਤੀ ,ਰਾਜਵਿੰਦਰ ਕੌਰ, ਮੈਡਮ ਦੀਪਿਕਾ,ਅਰਮਾਨ,ਹਰਦੀਪ ਕੁਮਾਰ ਆਦਿ ਹਾਜਰ ਸਨ ।



# ਜ਼ਿਮਨੀ ਚੋਣ ਨੂੰ ਲੈ ਕੇ ਕਪੂਰਥਲਾ ਪੁਲਸ ਮੁਸਤੈਦ

**ਕਪੂਰਥਲਾ,(ਬਲਵਿੰਦਰ ਸਿੰਘ ਧਾਲੀਵਾਲ)**-ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਕਪੂਰਥਲਾ ਪੁਲਸ ਸੁਰੱਖਿਆ ਵਿਵਸਥਾ ਤੇ ਸ਼ਾਂਤੀਪੂਰਨ ਚੋਣ ਲਈ ਪੂਰੀ ਤਰਾਂ ਮੁਸਤੈਦ ਹੈ ਕਿਉਂਕਿ ਕਪੂਰਥਲਾ ਜ਼ਿਲ੍ਹਾ ਚਾਰੇ ਪਾਸੇ ਤੋਂ ਜਲੰਧਰ ਲੋਕ ਸਭਾ ਹਲਕੇ ਨਾਲ ਲਗਦਾ ਹੈ ।ਅੱਜ ਕਪੂਰਥਲਾ ਪੁਲਸ ਵੱਲੋਂ ਵਿਸ਼ੇਸ਼ ਨਾਕੇ ਲਗਾ ਕੇ ਗੱਡੀਆਂ ਦੀ ਚੈਕਿੰਗ ਕੀਤੀ ਗਈ। ਐਸ.ਐਸ.ਪੀ ਕਪੂਰਥਲਾ ਰਾਜਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਸ਼ਰਾਰਤੀ ਅਨਸਰਾਂ 'ਤੇ ਨਕੇਲ ਕੱਸਣ ਲਈ ਡੀ.ਜੀ.ਪੀ ਪੰਜਾਬ ਗੌਰਵ ਯਾਦਵ ਦੇ ਹੁਕਮਾਂ ਤਹਿਤ ਪੂਰੇ ਪੰਜਾਬ 'ਚ ਨਾਕਾਬੰਦੀ ਕੀਤੀ ਗਈ ਹੈ, ਜਿਸ ਤਹਿਤ 2 ਰੋਜ਼ਾ ਵਿਸ਼ੇਸ਼ ਮੁਹਿੰਮ ਦੇ ਮੱਦੇਨਜ਼ਰ ਸਵੇਰੇ-ਸ਼ਾਮ ਨਾਕੇਬੰਦੀਆਂ ਕੀਤੀਆਂ ਜਾ ਰਹੀਆਂ ਹਨ। ਅੱਜ ਸਥਾਨਕ ਡੀ ਸੀ ਚੌਕ ਵਿਖੇ ਨਾਕੇ 'ਤੇ ਤਾਇਨਤ ਪੁਲਸ ਅਧਿਕਾਰੀਆਂ/ਕਰਮਚਾਰੀਆਂ ਨਾਲ ਗੱਲਬਾਤ ਕਰਦਿਆਂ ਐਸ.ਐਸ.ਪੀ ਰਾਜਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਸਿਰਫ ਸ਼ੱਕੀ ਵਿਅਕਤੀਆਂ ਨੂੰ ਹੀ ਚੈਕਿੰਗ ਵਾਸਤੇ ਰੋਕਿਆ ਜਾਵੇ ਅਤੇ ਟ੍ਰੈਫਿਕ ਦੀ ਸਮੱਸਿਆ ਨਾ ਪੈਦਾ ਹੋਣਾ ਯਕੀਨੀ ਬਣਾਇਆ ਜਾਵੇ। ਉਨ੍ਹਾ ਕਿਹਾ ਕਿ ਕਪੂਰਥਲਾ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਸ ਦੇ ਨਾਲ ਲਗਦੇ ਖੇਤਰ ਜਲੰਧਰ 'ਚ ਚੋਣਾਂ ਹਨ ਅਤੇ ਕਪੂਰਥਲਾ ਦਾ ਬਹੁਤਾ ਇਲਾਕਾ ਜਲੰਧਰ ਦੇ ਨਾਲ ਲਗਦਾ ਹੈ। ਉਨ੍ਹਾ ਦੱਸਿਆ ਕਿ ਪੁਲਸ ਦੀ ਵੱਡੀ ਨਫਰੀ ਇਸੇ ਕੰਮ 'ਚ ਲੱਗੀ ਹੋਈ ਹੈ ਅਤੇ ਉਹ ਟਾਰਗੈਟ ਛਾਪੇਮਾਰੀ ਵੀ ਕਰ ਰਹੇ ਹਨ। ਐਸ.ਐਸ.ਪੀ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਚਾਰਾਂ ਸਬ ਡਵੀਜ਼ਨਾਂ ਫਗਵਾੜਾ, ਸੁਲਤਾਨਪੁਰ ਲੋਧੀ, ਭੁਲੱਥ ਅਤੇ ਕਪੂਰਥਲਾ ਵਿਖੇ ਨਾਕਿਆਂ ਰਾਹੀਂ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਸਪੈਸ਼ਲ ਓਪਰੇਸ਼ਨ ਚਲਾ ਕੇ ਸ਼ੱਕੀਆਂ ਨੂੰ ਰਾਊਂਡ ਅਪ ਕਰਨ ਉਪਰੰਤ ਪੁੱਛਗਿੱਛ ਕੀਤੀ ਜਾਵੇਗੀ। ਇਸ ਮੌਕੇ ਐਸ ਪੀ ਹਰਵਿੰਦਰ ਸਿੰਘ, ਡੀ ਐਸ ਪੀ ਮਨਿੰਦਰਪਾਲ ਸਿੰਘ ਤੇ ਹੋਰ ਅਧਿਕਾਰੀ ਹਾਜ਼ਰ ਸਨ ।



# ਰਾਣਾ ਭੋਗਪੁਰੀਆ ਇੰਗਲੈਂਡ ਦੇ ਸਾਹਿਤਕ ਦੌਰੇ 'ਤੇ

**ਅਲਾਵਲਪੁਰ (ਮਦਨ ਬੰਗੜ )**-ਪੰਜਾਬੀ ਦੇ ਪ੍ਰਸਿੱਧ ਗੀਤਕਾਰ, ਪੱਤਰਕਾਰ ਅਤੇ ਲੇਖਕ ਰਾਣਾ ਭੋਗਪੁਰੀਆ ਇਨ੍ਹੀਂ ਦਿਨੀਂ ਇੰਗਲੈਂਡ ਦੇ ਸਾਹਿਤਕ ਦੌਰੇ 'ਤੇ ਹਨ । ਉਹ ਆਪਣੀ ਇਸ ਸਾਹਿਤਕ ਫੇਰੀ ਦੌਰਾਨ ਵੱਖ ਵੱਖ ਸਾਹਿਤਕ ਸਮਾਗਮਾਂ ਵਿੱਚ ਸ਼ਿਰਕਤ ਕਰਨਗੇ। ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਹੋਣ ਵਾਲੇ ਸਾਹਿਤਕ ਸਮਾਗਮਾਂ ਵਿਚ ਉਹਨਾਂ ਵੱਲੋਂ ਰਚਿਤ ਪੁਸਤਕ "ਵਿਦੇਸ਼ਾਂ ਵਿਚ ਪੰਜਾਬੀਅਤ ਦੇ ਝੰਡਾਬਰਦਾਰ" ਲੋਕ ਅਰਪਣ ਕੀਤੀ ਜਾਵੇਗੀ ਤੇ ਇਸ ਪੁਸਤਕ 'ਤੇ ਵਿਚਾਰ-ਚਰਚਾ ਹੋਣਗੀਆਂ।

# ਸੜਕ ਹਾਦਸੇ 'ਚ ਡਰਾਈਵਰ ਦੀ ਮੌਤ



**ਅੱਡਾ ਸਰਾਂ (ਕਾਜਲ)**- ਹੁਸ਼ਿਆਰਪੁਰ ਰੋਡ 'ਤੇ ਦੇਰ ਰਾਤ ਪਿੰਡ ਕੰਧਾਲਾ ਜੱਟਾਂ ਨਜ਼ਦੀਕ ਵਾਪਰੇ ਸੜਕ ਹਾਦਸੇ ਵਿਚ ਗੱਡੀ ਚਾਲਕ ਦੀ ਮੌਤ ਹੋ ਗਈ ਜਦਕਿ ਉਸਦਾ ਸਾਥੀ ਜਖਮੀ ਹੋ ਗਿਆ। ਮੌਤ ਦਾ ਸ਼ਿਕਾਰ ਹੋਏ ਵਿਅਕਤੀ ਦੀ ਪਛਾਣ ਧਰਮਵੀਰ ਸਿੰਘ ਪੁੱਤਰ ਰਾਮਵੀਰ ਸਿੰਘ ਵਾਸੀ ਕਾਟਰ ਚੱਕ ਉੱਤਰ ਪ੍ਰਦੇਸ਼ ਹਾਲ ਵਾਸੀ ਕੰਧਾਲਾ ਜੱਟਾ ਦੇ ਰੂਪ ਵਿਚ ਹੋਈ ਹੈ। ਹਾਦਸਾ ਰਾਤ 7 ਮਈ ਦੀ ਰਾਤ ਨੂੰ 1 ਵਜੇ ਦੇ ਕਰੀਬ ਉਸ ਵੇਲੇ ਵਾਪਰਿਆ ਜਦੋ ਧਰਮਵੀਰ ਆਪਣੇ ਗੁਆਂਢੀ ਹਰੀ ਸ਼ੰਕਰ ਪੁੱਤਰ ਬਿਕਰਮ ਨਾਲ ਟਾਂਡਾ ਵਿਖੇ ਲੇਬਰ ਛੱਡ ਕੇ ਵਾਪਸ ਪਿੰਡ ਆ ਰਿਹਾ ਸੀ ਜਦੋ ਉਹ ਪਿੰਡ ਦੇ ਹੀ ਪੈਟਰੋਲ ਪੰਪ ਤੋਂ ਥੋੜਾ ਪਿੱਛੇ ਸੀ ਤਾਂ ਅਚਾਨਕ ਉਸਦੀ ਗੱਡੀ ਅੱਗੇ ਅਵਾਰਾ ਗਾਂ ਆ ਗਈ ਜਿਸ ਨੂੰ ਬਚਾਉਂਦੇ ਹੋਏ ਉਸਦੀ ਗੱਡੀ ਬੇਕਾਬੂ ਹੋ ਕੇ ਸੜਕ ਕਿਨਾਰੇ ਦਰੱਖਤ ਵਿਚ ਜਾ ਵੱਜੀ, ਜਿਸ ਕਾਰਨ ਵਾਹਨ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਵਾਹਨ ਵਿਚ ਫਸੇ ਧਰਮਵੀਰ ਨੂੰ ਰਾਹਗੀਰਾਂ ਨੇ ਮਦਦ ਕਰਕੇ ਬਾਹਰ ਕੱਢਿਆ ਅਤੇ ਉਸਨੂੰ ਜਖਮੀ ਹੋਏ ਹਰੀ ਸ਼ੰਕਰ ਸਮੇਤ ਟਾਂਡਾ ਦੇ ਸਰਕਾਰੀ ਹਸਪਤਾਲ ਵਿਚ ਲਿਆਂਦਾ ਗਿਆ। ਜਿੱਥੋਂ ਉਸਨੂੰ ਮੁੱਢਲੀ ਮੈਡੀਕਲ ਮਦਦ ਤੋਂ ਬਾਅਦ ਸਰਕਾਰੀ ਹਸਪਤਾਲ ਹੁਸ਼ਿਆਰਪੁਰ ਰੈਫਰ ਕੀਤਾ ਗਿਆ ਜਿੱਥੇ ਹੁਣ ਉਸਦੀ ਮੌਤ ਹੋ ਗਈ। ਟਾਂਡਾ ਪੁਲਸ ਨੇ ਮੌਤ ਦਾ ਸ਼ਿਕਾਰ ਹੋਏ ਵਿਅਕਤੀ ਦੇ ਭਰਾ ਰਾਜ ਕੁਮਾਰ ਦੇ ਬਿਆਨ ਦੇ ਅਧਾਰ 'ਤੇ 174 ਸੀ.ਆਰ.ਪੀ.ਸੀ.ਤਹਿਤ ਕਾਰਵਾਈ ਕਰਕੇ ਪੋਸਟਮਾਰਟਮ ਉਪਰੰਤ ਲਾਸ਼ ਨੂੰ ਵਾਰਸਾ ਦੇ ਸਪੁਰਦ ਕਰ ਦਿੱਤੀ।

# ਸਾਲਾਨਾ ਬਰਸੀ ਸਮਾਗਮ ਭਲਕੇ

**ਮੋਰਿੰਡਾ ( ਜੈਜੀ ਸਰਦਾਰ )** ਸੰਤ ਬਾਬਾ ਬਸਾਵਾ ਸਿੰਘ ਅਤੇ ਸੰਤ ਬਾਬਾ ਆਤਮਾ ਸਿੰਘ ਜੀ ਦੇ ਸਾਲਾਨਾ ਬਰਸੀ ਸਮਾਗਮ ਗੁਰੂਦਵਾਰਾ ਕੁਟੀਆ ਸਾਹਿਬ ਪਿੰਡ ਓਇੰਦ ਵਿਖੇ ਸ਼ਰਧਾ ਭਾਵਨਾ ਨਾਲ ਮਨਾਏ ਜਾ ਰਹੇ ਹਨ। ਸੇਵਾਦਾਰ ਸਰਦੂਲ ਸਿੰਘ ਦੂੱਲਾ ਏ ਐਸ ਆਈ ਭਾਈ ਨਿਰਮਲ ਸਿੰਘ ਨੱਤ ਅਤੇ ਕਰਮ ਸਿੰਘ ਨੇ ਦੱਸਿਆ ਕਿ ਸਮਾਗਮ ਦੌਰਾਨ 9 ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਹਨ ਜਿਹਨਾਂ ਦੇ 11 ਮਈ ਨੂੰ ਭੋਗ ਪਾਏ ਜਾਣਗੇ ਉਪਰੰਤ ਭਾਈ ਸੁਖਵੀਰ ਸਿੰਘ ਕੰਧੋਲੇ ਵਾਲਿਆਂ ਵੱਲੋਂ ਕੀਰਤਨ ਦੀਵਾਨ ਸਜਾਇਆ ਜਾਵੇਗਾ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਅੰਤਰਰਾਸ਼ਟਰੀ ਕਬੱਡੀ ਖਿਡਾਰਨ ਨੂੰ ਸਰਪੰਚ ਚੰਬਾ ਤੇ ਧੁੰਨ ਨੇ ਕੀਤਾ ਸਨਮਾਨਤ



**ਕਰਤਾਰਪੁਰ (ਹਰਪ੍ਰੀਤ ਸਿੰਘ ਚੰਬਾ)**- ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਖੇਤਰ 'ਚ ਨਵਾਂ ਇਤਿਹਾਸ ਸਿਰਜਣ ਵਾਲੀ ਅੰਤਰਰਾਸ਼ਟਰੀ ਮਹਿਲਾ ਕਬੱਡੀ ਖਿਡਾਰਨ ਜਸਬੀਰ ਕੌਰ ਉਰਫ ਜੱਸੀ ਪਹਿਲਵਾਨ ਨੂੰ ਕਬੱਡੀ ਦੇ ਖੇਤਰ 'ਚ ਵਡਮੁੱਲਾ ਯੋਗਦਾਨ ਪਾਉਣ ਬਦਲੇ ਉੱਘੇ ਕਬੱਡੀ ਪ੍ਰੇਮੀ ਸਰਪੰਚ ਮਹਿੰਦਰ ਸਿੰਘ ਚੰਬਾ ਕਲਾਂ, ਸਰਪੰਚ ਰਸ਼ਪਾਲ ਸਿੰਘ ਧੁੰਨ ਅਤੇ ਸਾਬਕਾ ਸਰਪੰਚ ਅਰੂੜ ਕੁਮਾਰ ਧੁੰਨ ਨੇ ਅੱਜ ਜੱਸੀ ਪਹਿਲਵਾਨ ਦੇ ਘਰ ਇਥੋਂ ਨੇੜਲੇ ਪਿੰਡ ਅਲੀਪੁਰ ਬੱਕਾ ਜਾ ਕੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸਰਪੰਚ ਚੰਬਾ ਤੇ ਸਰਪੰਚ ਧੁੰਨ ਨੇ ਕਿਹਾ ਬਸ਼ਸ਼ੱਕ ਸਾਡੀਆਂ ਸਮੇਂ ਸਮੇਂ ਦੀਆਂ ਸਰਕਾਰਾਂ ਤੇ ਵਿਦੇਸ਼ਾਂ 'ਚ ਰਹਿੰਦੇ ਪ੍ਰਵਾਸੀ ਭਾਰਤੀ ਸਾਡੀ ਖੇਡ ਕਬੱਡੀ ਨੂੰ ਬਚਾਉਣ ਲਈ ਪਾਣੀ ਵਾਂਗ ਪੈਸਾ ਵਹਾ ਰਹੇ ਹਨ। ਵੱਡੇ ਵੱਡੇ ਕਬੱਡੀ ਖਿਡਾਰੀਆਂ ਦੇ ਮਾਣ ਸਨਮਾਨ ਕਰ ਰਹੇ ਹਨ ਪਰ ਮਹਿਲਾ ਕਬੱਡੀ ਖਿਡਾਰਨਾਂ ਨਾਲ ਭਾਰੀ ਵਿਤਕਰਾ ਹੋ ਰਿਹਾ ਹੈ। ਉਨ੍ਹਾਂ ਦਾ ਬਣਦਾ ਮਾਣ ਸਨਮਾਨ ਉਨ੍ਹਾਂ ਨੂੰ ਨਹੀ ਮਿਲ ਰਿਹਾ। ਸਾਨੂੰ ਸਭ ਨੂੰ ਰਲ ਮਿਲ ਕੇ ਤੇ ਐਨ.ਆਰ.ਆਈ ਭਰਾਵਾਂ ਨੂੰ ਉਪਰਾਲਾ ਕਰਕੇ ਦਿਨੋ ਦਿਨ ਅਲੋਪ ਹੋ ਰਹੀ ਕੁੜੀਆਂ ਦੀ ਕਬੱਡੀ ਖੇਡ ਨੂੰ ਬਚਾਉਣ ਲਈ ਕਬੱਡੀ ਖਿਡਾਰਨਾਂ ਦਾ ਵੀ ਮਰਦ ਖਿਡਾਰੀਆਂ ਵਾਂਗ ਬਣਦਾ ਮਾਣ ਸਨਮਾਨ ਦੇਣਾ ਚਾਹੀਦਾ ਹੈ, ਕਿਉਂਕਿ ਕੁੜੀਆਂ ਹਰੇਕ ਖੇਤਰ 'ਚ ਅੱਗੇ ਹਨ। ਇਸ ਮੌਕੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਰੇਸ਼ਮ ਸਿੰਘ ਚੰਬਾ (ਸਰਪੰਚ) ਦੇ ਤਾਇਆ ਕਰਮ ਸਿੰਘ ਸ਼ਾਹ ਪ੍ਰਧਾਨ ਨੇ ਕਿਹਾ ਕਿ ਸਾਡੀ ਮਹਿਲਾ ਪਹਿਲਵਾਨ ਜੱਸੀ ਕੋਲ ਨਾ ਤਾਂ ਕੋਈ ਰੁਜ਼ਗਾਰ ਦਾ ਸਾਧਨ ਹੈ ਅਤੇ ਨਾ ਹੀ ਰਹਿਣ ਲਈ ਕੋਈ ਪੱਕਾ ਮਕਾਨ।

ਜਿਸ ਮਹਿਲਾ ਕਬੱਡੀ ਖਿਡਾਰਨ ਨੇ ਅਣ-ਗਿਣਤ ਹੋਰ ਵੀ ਲੜਕੀਆਂ ਨੂੰ ਕਬੱਡੀ ਦੇ ਖੇਤਰ 'ਚ ਲਿਆ ਕੇ ਕੁੜੀਆਂ ਨੂੰ ਉਤਸ਼ਾਹਤ ਕੀਤਾ ਅੱਜ ਉਸ ਦੀ ਤਰਸਯੋਗ ਹਾਲਤ ਵੇਖ ਕੇ ਸਮੁੱਚੇ ਪੰਜਾਬੀਆਂ ਦਾ ਸਿਰ ਨੀਵਾਂ ਹੋ ਜਾਂਦਾ ਹੈ। ਇਸ ਮੌਕੇ ਉਨ੍ਹਾਂ ਨਾਲ ਡਾਕਟਰ ਰਸਬੀਰ ਸਿੰਘ ਸੰਧੂ ਚੋਹਲਾ, ਸੁਖਬੀਰ ਸਿੰਘ ਚੰਬਾ ਕਲਾਂ, ਗੁਰਪ੍ਰੀਤ ਸਿੰਘ ਗੋਪੀ ਧੁੰਨ, ਜੱਸਾ ਸਿੰਘ ਆਦਿ ਹਾਜ਼ਰ ਸਨ।

# ਦਰਪਣ ਸਾਹਿਤ ਸਭਾ ਸ਼ੈਲਾ ਖੁਰਦ ਦੀ ਮਹੀਨਾਵਾਰ ਬੈਠਕ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**ਦਰਪਣ ਸਾਹਿਤ ਸਭਾ ਸ਼ੈਲਾ ਖੁਰਦ ਦੀ ਮਹੀਨਾਵਾਰ ਬੈਠਕ ਰੇਸ਼ਮ ਚਿੱਤਰਕਾਰ ਦੀ ਪ੍ਰਧਾਨਗੀ ਹੇਠ ਸ਼ੈਲਾ ਖੁਰਦ ਵਿਖੇ ਹੋਈ ਮੀਟਿੰਗ ਦੀ ਇਹ ਬੈਠਕ ਪੰਜਾਬੀ ਦੇ ਪ੍ਰਸਿੱਧ ਕਵੀ ਸ਼ਿਵ ਕੁਮਾਰ ਬਟਾਲਵੀ ਦੀ 50ਵੀਂ ਬਰਸੀ ਨੂੰ ਸਪਰਪਿਤ ਕੀਤੀ ਗਈ। ਸ਼ਿਵ ਕੁਮਾਰ ਵੱਲੋਂ ਪੰਜਾਬੀ ਕਵਿਤਾ ਤੇ ਸਾਹਿਤ ਵਿਚ ਪਾਏ ਯੋਗਦਾਨ 'ਤੇ ਚਰਚਾ ਕਰਦਿਆਂ ਹਾਜਰ ਸਾਹਿਤਕਾਰਾਂ ਵੱਲੋਂ ਸ਼ਿਵ ਕੁਮਾਰ ਨੂੰ ਭਰਪੂਰ ਸਰਧਾਂਜਲੀਆਂ ਭੇਟ ਕੀਤੀਆਂ ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਕਹਾਣੀਕਾਰ ਸੋਹਣ ਸਿੰਘ ਸੂੰਨੀ ਵੱਲੋਂ ਕਹਾਣੀ ਦੁਸਹਿਰਾ ਸੁਣਾ ਕੇ ਕੀਤੀ ਗਈ ਜੋ ਕਿ ਮੱਥਿਆ ਵਿੱਚ ਕਈ ਪ੍ਰਸਨ ਚਿੰਨ੍ਹ ਛੱਡ ਗਈ ਨੌਜਵਾਨ ਕਵੀ ਤਰਨਜੀਤ ਵਲੋਂ ਸ਼ਿਵ ਕੁਮਾਰ ਦੀ ਯਾਦ ਨੂੰ ਸਮਪਰਿਤ ਭਾਵੁਕ ਕਵਿਤਾ ਪੇਸ਼ ਕੀਤੀ ਗਈ। ਕਵੀ ਰਣਜੀਤ ਪੋਸੀ ਵੱਲੋਂ ਵੀ ਅਜੋਕੇ ਸਿਸਟਮ 'ਤੇ ਚੋਟ ਕਰਦੀਆਂ ਭਾਵਪੂਰਣ ਨਜ਼ਮਾਂ ਤੇ ਗਜ਼ਲਾਂ ਸੁਣਾਈਆਂ ਗਾਇਕ ਤੇ ਕਵੀ ਮਨਜੀਤ ਅਰਮਾਨ ਨੇ ਇਨਕਲਾਬੀ ਗੀਤ ਸੁਣਾ ਕੇ ਦਿਲਾਂ ਨੂੰ ਚੰਗਾ ਹਲੂਣਾ ਦਿੱਤਾ ਸ਼ਾਇਰ ਸ਼ਾਮ ਸੁੰਦਰ ਵਲੋਂ ਅਪਣੇ ਹੀ ਅੰਦਾਜ ਵਿਚ ਗਜਲ ਪੇਸ਼ ਕੀਤੀ। ਗਜਲਗੋ ਜਨਾਬ ਬਹਾਦਰ ਕੰਵਲ ਵੱਲੋਂ ਰੂਹ ਨੂੰ ਟੁੰਬਦੀਆਂ ਗਜਲਾਂ ਸੁਣਾਈਆਂ ਅੰਤ ਵਿਚ ਜਨਾਬ ਰੇਸ਼ਮ ਚਿੱਤਰਕਾਰ ਵਲੋਂ ਅਪਣਾ ਪੁਖਤਾ ਕਲਾਮ ਪੇਸ਼ ਕਰਕੇ ਖੂਬ ਰੰਗ ਬੰਨਿਆਂ। ਇਸ ਮੌਕੇ ਹਾਜ਼ਰ ਸਾਹਿਤਕਾਰਾਂ ਵਲੋਂ ਮਤਾ ਪਾਸ ਕਰਕੇ ਦਿੱਲੀ ਵਿਖੇ ਚੱਲ ਰਹੇ ਔਰਤ ਪਹਿਲਵਾਨਾਂ ਦੇ ਅੰਦੋਲਨ ਦਾ ਪੂਰਨ ਸਮਰਥਨ ਕੀਤਾ ਗਿਆ ਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੀੜਤ ਔਰਤ ਪਹਿਲਵਾਨਾਂ ਨੂੰ ਤੁਰੰਤ ਨਿਆਂ ਦਿੱਤਾ ਜਾਵੇ।





ਅਰਦਾਸ ਵੈਲਫੇਅਰ ਸੋਸਾਇਟੀ ਰਜਿ ਵੱਲੋਂ ਚੱਕ ਕਲਾਂ ਵਿਖੇ ਇੱਕ ਗਰੀਬ ਘਰ ਦੀ ਲੜਕੀ ਦਾ ਵਿਆਹ ਕੀਤਾ ਗਿਆ। ਸਾਰਾ ਖਰਚਾ ਸੇਵਾ ਕਲੱਬ ਦੇ ਮੈਂਬਰਾਂ ਨੇ ਆਪਣੇ ਦਸਵੰਧ ਵਿਚੋਂ ਕੀਤਾ। ਤਸਵੀਰ 'ਚ ਵਿਆਹੁਤਾ ਜੋੜੀ ਨਾਲ ਸੁਸਾਇਟੀ ਦੇ ਸਕੱਤਰ ਡਾ. ਜਸਪ੍ਰੀਤ ਸਿੰਘ ਵਿਰਦੀ ਅਤੇ ਹੋਰ ਮੈਂਬਰ ਵੀ ਨਜ਼ਰ ਆ ਰਹੇ ਹਨ।